217

218
219
220
221

ਸੱਸੀ-ਪੁੰਨੂੰ-2

(ਤਰਜ਼ ਦੋਤਾਰਾ)

(1)

ਘਰ ਵੱਢ-ਵੱਢ ਖਾਂਦਾ ਹੈ, ਪੈ ਗਿਆ ਨ੍ਹੇਰ ਭਾਲਣੇ ਚੜ੍ਹਗੀ।
ਜਾ ਸ਼ਹਿਰ ਭੰਮੋਰੋਂ ਜੀ, ਅੱਗੇ ਥਲ ਆ ਗਿਆ ਥਲਾਂ ਵਿਚ ਵੜਗੀ।
ਲੁੱਟੀ ਰਾਤ ਬਰਾਤੇ ਮੈਂ, ਦੋਜਕੀਂ ਸੜਨ ਮਰਨ ਉੱਠਾਂ ਵਾਲ਼ੇ।
ਗਈ ਮਗਰੇ ਪੈੜ ਦੇ ਜੀ, ਥਲਾਂ ਵਿਚ ਭੁੱਜਗੀ ਪੁੰਨਣ ਨੂੰ ਭਾਲ਼ੇ।

(2)

ਜੋ ਰਸਤਾ ਕੇਚਮ ਦਾ, ਓਸ ਨੂੰ ਸੱਜਰੀ ਪੈੜ ਪਾਈ ਜਾਂਦੀ।
ਅਜੇ ਗੁਜ਼ਰਿਆ ਰਾਤ ਨੂੰ ਨਾ, ਓਸ ਰਾਹ ਹੋਰ ਕੋਈ ਰਾਹੀ ਪਾਂਧੀ।
ਵਿੱਚ ਟਿੱਬਿਆਂ ਰੇਤ ਦੀਆਂ, ਕਿਤੇ ਕੋਈ ਨਹਿਰ ਵਗਣ ਨਾ ਖਾਲ਼ੇ।
ਗਈ ਮਗਰੇ ਪੈਣ ਦੇ ਜੀ, ਥਲਾਂ ਵਿਚ ਭੁੱਜਗੀ ਪੁੰਨਣ ਨੂੰ ਭਾਲ਼ੇ।

(3)

ਆਇਆ ਸੂਰਜ ਸਿਰ ਤੇ ਜੀ, ਕਹਿਰ ਦੀ ਗਰਮੀ ਤੱਤੀ ਵਾ ਵੱਗਦੀ।
ਬੁੱਲ੍ਹ ਸੁੱਕਗੇ ਨਿਆਣੀ ਦੇ, ਮਿੱਲੇ ਨਾ ਪਾਣੀ ਬੜੀ ਧੁੱਪ ਲਗਦੀ।
ਸੱਭ ਖੇਤ ਰੇਤਲੇ ਜੀ, ਵਾਹੁਣ ਜ੍ਹੇ ਤਪਣ, ਤਪਣ ਜਿਉਂ ਫਾਲ਼ੇ।
ਗਈ ਮਗਰੇ ਪੈੜ ਦੇ ਜੀ, ਥਲਾਂ ਵਿਚ ਭੁੱਜਗੀ ਪੁੰਨਣ ਨੂੰ ਭਾਲ਼ੇ।

(4)

ਥੱਕ ਖੱਲੀਆਂ ਚੜ੍ਹਗੀਆਂ ਸੀ, ਤਾਂਘ ਵਿੱਚ ਕਰਗੀ ਬਹੁਤੀਆਂ ਵਾਟਾਂ।
ਕਿਤੇ ਛਾਂ ਨਾ ਪਿੱਪਲਾਂ ਦੀ, ਅਗਨ ਦੀਆਂ ਮੱਚਣ ਚੁਫੇਰੇ ਲਾਟਾਂ।
ਡਰ ਲੁੱਕਣ ਸਰਾਲਾਂ ਜੀ, ਘਰਕ ਦੀਆਂ ਘੁੱਗੀਆਂ ਹਰਨ ਹੋਣ ਕਾਲ਼ੇ।
ਗਈ ਮਗਰ ਪੈੜ ਦੇ ਜੀ, ਥਲਾਂ ਵਿਚ ਭੁੱਜਗੀ ਪੁੰਨਣ ਨੂੰ ਭਾਲ਼ੇ।

(5)

ਗਲ੍ਹ ਖੁੱਲ੍ਹੀਆਂ ਜ਼ੁਲਫ਼ਾਂ ਜੀ, ਮੂੰਹੋਂ ਝੱਗ ਵਗਦੀ ਗਰਮ ਲੂ ਲੂੰਹਦੀ।
ਪੱਬ ਪੱਛਤੇ ਰੇਤੇ ਨੇ, ਉਭਰਪੇ ਛਾਲੇ ਤੁਰੇ ਤੋਰ ਜੂੰ ਦੀ।
ਪਈਆਂ ਰੁੱਗ-ਰੁੱਗ ਗਰਦਾਂ ਜੀ, ਕੇਸ ਲਾ ਕੱਚੀਆਂ ਮੱਖਣੀਆਂ ਪਾਲ਼ੇ।
ਗਈ ਮਗਰ ਪੈੜ ਦੇ ਜੀ, ਥਲਾਂ ਵਿਚ ਭੁੱਜਗੀ ਪੁੰਨਣ ਨੂੰ ਭਾਲ਼ੇ।

(6)

ਧੋਖਾ ਦੇ ਗਿਆ ਅੱਖੀਆਂ ਨੂੰ, ਐਹੇ ਜਿਆ ਰੇਤ ਰੇਤਲੇ ਥਲ ਦਾ।
ਦੌੜ ਜਾਵੇ ਓਧਰ ਨੂੰ, ਵੇਖਕੇ ਭਰਿਆ ਸਮੁੰਦਰ ਜਲ ਦਾ।
ਕੋਈ ਰਾਹ ਨਾ ਨਿੱਕਲਨ ਦੀ, ਅਜਲ ਨੇ ਮਾਰੀ ਘੇਰ ਵਚਾਲ਼ੇ।
ਗਈ ਮਗਰ ਪੈੜ ਦੇ ਜੀ, ਥਲਾਂ ਵਿਚ ਭੁੱਜਗੀ ਪੁੰਨਣ ਨੂੰ ਭਾਲ਼ੇ।

(7)

ਪੈਰ ਧਰੇ ਪਛਾੜੀ ਨਾ, ਕਿਤੇ ਨਾ ਦਾਗ਼ ਇਸ਼ਕ ਨੂੰ ਲੱਗ ਜੇ।
ਲਾ ਹਾਰਾਂ ਬਚਨਾਂ ਤੋਂ, ਘੜੀ ਨੂੰ ਵਗਦੀ ਹੁਣੇ ਜਿੰਦ ਵਗ ਜੇ।
ਆਹ ਕੁੜੀ ਸ਼ੁਕੀਨਣ ਜ੍ਹੀ, ਪਲਕ ਵਿਚ ਰਲ਼ਜੂ ਰੇਤਦੇ ਨਾਲ਼ੇ।
ਗਈ ਮਗਰ ਪੈੜ ਦੇ ਜੀ, ਥਲਾਂ ਵਿਚ ਭੁੱਜਗੀ ਪੁੰਨਣ ਨੂੰ ਭਾਲ਼ੇ।

(8)

'ਬਾਬੂ' ਮਰੇ ਧਿਆਈ ਜੀ, ਬੋਲ ਨਾ ਨਿੱਕਲੇ ਜੀਭ ਥਥਲਾ ਗੀ।
ਇੱਕ ਤੇਜ਼ ਬਰੋਲੇ ਨੇ, ਡੇਗਲੀ ਮੂਧੀ ਘੇਰਨੀ ਆਗੀ।
ਰਹੀਆਂ ਦਿਲ ਦੀਆਂ ਦਿਲ ਵਿਚ ਜੀ, ਸੁੱਚੀ ਰੂਹ ਉੱਡਗੀ ਸਹੇ ਦੁੱਖ ਬਾਹਲ਼ੇ।
ਗਈ ਮਗਰ ਪੈੜ ਦੇ ਜੀ, ਥਲਾਂ ਵਿਚ ਭੁੱਜਗੀ ਪੁੰਨਣ ਨੂੰ ਭਾਲ਼ੇ।

ਸੱਸੀ-ਪੁੰਨੂ-1

(ਤਰਜ਼ ਦੋਤਾਰਾ)

(1)

ਸ਼ਹਿਰ ਕੇਚਮ ਵਾਲੇ ਜਾ, ਪੁੱਨੂੰ ਨੂੰ ਲੈਗੇ ਪਕੜ ਕੇ ਪਾਪੀ।
ਉੱਠ ਜਾਗ ਦੁਹਾਈਆਂ ਦੇ, ਗਿਰਦਨੀ ਖਾ ਕੇ ਪਲੰਘ ਤੋਂ ਜਾ ਪੀ।
ਇੰਝਾਂ ਛਮ-ਛਮ ਬਰਸਣ ਜੀ, ਸੱਸੀ ਮਲ਼ ਨੈਣ ਰਸੀਲੇ ਫ਼ੇਹਜੇ।
ਸੁਹਣੇ ਮੁੱਖ ਨੂੰ ਤਰਸੂੰ ਗੀ, ਸੁੱਤੀ ਪਈ ਲੁੱਟਲੀ ਰੰਗਲੀਏ ਛੇਜੇ।

(2)

ਡੰਗ ਭੁੱਲਗੇ ਜ਼ੁੱਲਫ਼ਾਂ ਨੂੰ, ਉਲਝਗੇ ਮੋਤੀ ਖੁੱਲਗੀਆਂ ਪੱਟੀਆਂ।
ਲਾ ਨੈਣ ਨਿਆਣੀ ਨੇ, ਆਹਾ ਮੈਂ ਖੱਟੀਆਂ ਇਸ਼ਕ 'ਚੋਂ ਖੱਟੀਆਂ।
ਘੇਰਾ ਘੱਤ ਲਿਆ ਫ਼ਿਕਰਾਂ ਨੇ, ਮਾਰਦਾ ਫਿਰੇ ਵਿਛੋੜਾ ਨੇਜ਼ੇ।
ਸੁਹਣੇ ਮੁੱਖ ਨੂੰ ਤਰਸੂੰ ਗੀ, ਸੁੱਤੀ ਪਈ ਲੁੱਟਲੀ ਰੰਗਲੀਏ ਛੇਜੇ।

(3)

ਹੱਥ ਮਾਰੇ ਛਾਤੀ ਤੇ, ਖਿੱਲਰ ਗੀਆਂ ਕਲੀਆਂ ਹਾਰ ਜਿਆ ਟੁੱਟ ਗਿਆ।
ਮੁੱੜ ਹੱਥ ਨਾ ਔਂਦਾ ਜੀ, ਫੱੜਿਆ 'ਵਿਆ ਬਾਜ਼ ਹੱਥਾਂ 'ਚੋਂ ਛੁੱਟ ਗਿਆ।
ਅੱਗ ਲੱਗ ਗੀ ਬਦਨ ਨੂੰ ਜੀ, ਗਮਾਂ ਨੇ ਚਰਲੀ ਦਿਲਾਂ ਤੇ ਪੈਣ ਰੇਝੇ।
ਸੁਹਣੇ ਮੁੱਖ ਨੂੰ ਤਰਸੂੰ ਗੀ, ਸੁੱਤੀ ਪਈ ਲੁੱਟਲੀ ਰੰਗਲੀਏ ਛੇਜੇ।

(4)

ਹੁਣ ਰੋਣੋਂ ਹਟਦੇ ਨਾ, ਜਿਹੜੇ ਨਿੱਤ ਨੈਣ ਰਹਿਣ ਮਤਵਾਲੇ।
ਮੈਂ ਕਿਸ ਨੂੰ ਪਿਆਂਦੂੰਗੀ, ਹੱਥੋਂ ਭਰ-ਭਰ ਕੇ ਨਸ਼ੇ ਦੇ ਪਿਆਲੇ।
ਮੈਂ ਨਸ਼ਾ ਡੋਹਲਦਿਆਂ ਨੀ, ਸਾਰੇ ਫੜ ਭੰਨ ਦਿਆਂ ਪਿਆਲੇ ਮੇਜ਼ੇ
ਸੁਹਣੇ ਮੁੱਖ ਨੂੰ ਤਰਸੂੰ ਗੀ, ਸੁੱਤੀ ਪਈ ਲੁੱਟਲੀ ਰੰਗਲੀਏ ਛੇਜੇ।

(5)

ਛਾਈ ਜ਼ਰਦੀ ਕੰਪੋਲਾਂ ਤੇ, ਚਿੱਟੇ ਨਾ ਦੰਦ ਹੱਸਦੇ ਰਹਿਣ ਬੁੱਲ੍ਹ ਮੀਚੇ।
ਮੈਨੂੰ ਸਮਝ ਕਮੀਨੀ ਜੀ, ਪੁੰਨਣ ਅੱਜ ਛੱਡ ਗਿਆ ਵਿਛੇ ਗ਼ਲੀਚੇ।
ਮਾਰੀ ਵੈਰਨ ਨੀਂਦਰ ਨੇ, ਜਾਗਦੀ ਤੁਰਤ ਜਗੌਂਦੀ ਇਹਜੇ।
ਸੁਹਣੇ ਮੁੱਖ ਨੂੰ ਤਰਸੂੰ ਗੀ, ਸੁੱਤੀ ਪਈ ਲੁੱਟਲੀ ਰੰਗਲੀਏ ਛੇਜੇ।

(6)

ਖੁੱਲ੍ਹੀ ਚਸ਼ਮ ਅਨਾਚਕ ਜੀ, ਠੰਡੀ ਪੌਣ ਵਗਦੀ ਸੁੱਤਾ ਕੁੱਲ ਖੇੜਾ।
ਛੇਜ ਵੱਢ-ਵੱਢ ਖਾਂਦੀ ਐ, ਦਿਸੇ ਨਾ ਯਾਰ ਡਰੌਂਦਾ ਵਿਹੜਾ।
ਐਹਨਾਂ ਸੱਜਰਿਆਂ ਜ਼ਖ਼ਮਾਂ ਨੇ, ਲੀਰ-ਲੀਰ ਕਰਤੇ ਚੀਰ ਕਲੇਜੇ।
ਸੁਹਣੇ ਮੁੱਖ ਨੂੰ ਤਰਸੂੰ ਗੀ, ਸੁੱਤੀ ਪਈ ਲੁੱਟਲੀ ਰੰਗਲੀਏ ਛੇਜੇ।

(7)

ਦੇਵੇ ਮੁੜ-ਮੁੜ ਹੌੜੇ ਜੀ, ਕਿਸੇ ਬਿੱਧ ਦਿਲ ਜੇ ਟਕਾਇਆ ਟਿੱਕਲੇ।
ਸੰਸੀ ਵਾਂਗ ਸੁਦੈਣਾਂ ਦੇ, ਅੰਗਣ 'ਚੋਂ ਦੌੜ-ਦੌੜ ਕੇ ਨਿਕਲੇ।
ਲੱਖ ਸ਼ੁਕਰ ਮਨਾਵਾਂ ਮੈਂ, ਮੇਰਾ ਕੋਈ ਲਾਲ ਗਵਾਚਿਆ ਦੇਜੇ।
ਸੁਹਣੇ ਮੁੱਖ ਨੂੰ ਤਰਸੂੰ ਗੀ, ਸੁੱਤੀ ਪਈ ਲੁੱਟਲੀ ਰੰਗਲੀਏ ਛੇਜੇ।

(8)

ਨੈਣ ਰਸ ਦੇ ਭਰੇ 'ਵੇ ਜੀ, ਬੜਾ ਰੰਗ ਗੋਰਾ ਮੜ੍ਹੱਗੋਂ ਚੱਗਰੇ।
ਦਿਲ ਬੈਠਣ ਦੇਵੇ ਨਾ, 'ਬਾਬੂ' ਉੱਠ ਲੱਗਗੀ ਪੈੜ ਦੇ ਮਗਰੇ।
ਉਹਦੇ ਘਰ ਕੀ ਘਾਟਾ ਹੈ, ਪੁੰਨਣ ਨੂੰ ਮੋੜ ਮੇਰੇ ਘਰ ਭੇਜੇ।
ਸੁਹਣੇ ਮੁੱਖ ਨੂੰ ਤਰਸੂੰ ਗੀ, ਸੁੱਤੀ ਪਈ ਲੁੱਟਲੀ ਰੰਗਲੀਏ ਛੇਜੇ।

ਮਿਰਜ਼ਾ-ਸਾਹਿਬਾਂ-2

(ਤਰਜ਼ ਦੋਤਾਰਾ)

(1)

ਕਹੇ ਮਿਰਜ਼ਾ ਹਰਖਕੇ ਤੇ, ਮੈਥੋਂ ਹੋ ਦੂਰ ਖੜੋਜਾ ਲੰਡੀਏ।
ਲਾ ਤੋੜ ਨਭਾਈਏ ਨੀ, ਭੀੜ ਵਿੱਚ ਪੀੜ ਯਾਰ ਦੀ ਵੰਡੀਏ।
ਜਾਹ ਨਵੀਏਂ ਹੇਜਲੀਏ, ਭਰਾ ਦੇ ਹੇਜ ਵੰਡਾਲਾ ਭੈਣੇ।
ਭੈਣ ਬਣੀਂ ਭਰਾਵਾਂ ਦੀ, ਯਾਰ ਦਾ ਖਾਗੀ ਕਾਲ਼ਜਾ ਡੈਣੇ।

(2)

ਪੈਗੀ ਝੂਠੀ ਬਚਨਾਂ ਤੋਂ, ਕਸਮ ਖਾ ਰੱਬ ਦੀ ਕਸਰ ਨਾ ਛੱਡੀ ਲੀ।
ਦਾਨਾਂ ਬਾਦੋਂ ਸੱਦਕੇ ਤੇ, ਖੱਰਲ ਨਾਲ ਖਾਰ ਪੁਰਾਣੀ ਕੱਢਲੀ।
ਸੌਖਾ ਇਸ਼ਕ ਕਮੌਣਾ ਨਾ, ਪਤਾ ਸੀ ਸਿਰ ਤੇ ਮਾਮਲੇ ਪੈਣੇ।
ਭੈਣ ਬਣੀਂ ਭਰਾਵਾਂ ਦੀ, ਯਾਰ ਦਾ ਖਾਗੀ ਕਾਲ਼ਜਾ ਡੈਣੇ।

(3)

ਠੀਕ ਕਥਨ ਸਿਆਣਿਆਂ ਦਾ, ਨਾਰ ਦੀ ਮਗਰ ਗਿੱਚੀ ਦੇ ਮੱਤ ਨੀ।
ਡੋਰ ਕੱਟਤੀ ਵਚਾਲਿਓਂ ਤੈਂ, ਇਸ਼ਕ ਦੀ ਪੀਂਘ ਝੜਾਕੇ ਛੱਤਣੀ।
ਲੜ ਨੇੜੇ ਤੁੱਟ ਗਿਆ ਨੀ, ਤੇਰੇ ਦੁੱਖ ਮਿਰਜ਼ੇ ਖਰਲ ਨੇ ਸਹਿਣੇ।
ਭੈਣ ਬਣੀਂ ਭਰਾਵਾਂ ਦੀ, ਯਾਰ ਦਾ ਖਾਗੀ ਕਾਲ਼ਜਾ ਡੈਣੇ।

(4)

ਗੱਲਾਂ ਚੇਤੇ ਹੋਣਗੀਆਂ, ਜਿਹੜੀਆਂ ਕਰੀਆਂ ਮਸੀਤੇ ਬਹਿਕੇ।
ਖਾਵੇਂ ਕਸਮਾਂ ਕੁਰਾਨ ਦੀਆਂ, ਘੜੀ-ਘਡੀ ਚੁੰਮਦੀ ਹੱਥਾਂ 'ਚ ਹੱਥ ਲੈਕੇ।
ਤੈਥੋਂ ਮਾੜੀਆਂ ਸਰੀਆਂ ਨੀ, ਸਿਆਲੇ ਕਿੰਗੇ ਅਰਸ਼ ਦੇ ਢੈਣੇ।
ਭੈਣ ਬਣੀਂ ਭਰਾਵਾਂ ਦੀ, ਯਾਰ ਦਾ ਖਾਗੀ ਕਾਲਜਾ ਡੈਣੇ।

(5)

ਵੰਡ ਦਿਆਂ ਸਿਆਲਾਂ ਮੇਂ, ਸੱਠਾਂ ਤੇ ਤਿੰਨ ਸੌ ਭੱਥੇ ਵਿਚ ਕਾਨੀ।
ਅਸਮਾਨ ਪਾੜਕੇ ਤੇ, ਚਾੜ੍ਹਦਿਆਂ ਲਾਲ ਗਰਦ ਅਸਮਾਨੀ।
ਮੇਰੇ ਤੀਰ ਤੋੜਤੇ ਤੈਂ, ਕਮਲੀਏ ਮੰਨ ਕੇ ਵੀਰ ਦੇ ਕਹਿਣੇ।
ਭੈਣ ਬਣੀਂ ਭਰਾਵਾਂ ਦੀ, ਯਾਰ ਦਾ ਖਾਗੀ ਕਾਲ਼ਜਾ ਡੈਣੇ।

(6)

ਦੀਵਾ ਡੇਕ ਝਨਾਂ ਦਾ ਮੈਂ, ਤੇਰੇ ਕੁੱਝ ਵੱਸ ਨਾ ਨਸੀਬੇ ਹਰਗੇ।
ਮਾਰ ਛੀੜਾਂ ਕਰ ਦਿਆਂ ਮੈਂ, ਮੇਰੇ ਅੱਗੇ ਸ਼ੈ ਕੀ ਸ਼ੀਮਰੇ ਵਰਗੇ।
ਨਾਰਾਂ ਰੰਡੀਆਂ ਕਰਦਿਆਂ ਮੈਂ, ਪਾਦਿਆਂ ਵੰਡੀਆਂ ਲੁਹਾ ਦਿਆਂ ਗਹਿਣੇ।
ਭੈਣ ਬਣੀਂ ਭਰਾਵਾਂ ਦੀ, ਯਾਰ ਦਾ ਖਾਗੀ ਕਾਲ਼ਜਾ ਡੈਣੇ।

(7)

ਰਹੀ ਦਿਲ ਦੀ ਦਿਲ ਵਿਚ ਨੀ, ਨਹੀਂ ਹਿੱਲ ਸਕਦਾ ਚਲਾ ਦਿਆਂ ਜਿਸ ਤੇ।
'ਕੱਲਾ ਕੱਟਕ ਭਜਾਦਿਆਂ ਮੈਂ, ਖਰਲ ਤੋਂ ਡਰਦੇ ਫਿਰਨ ਫ਼ਰਿਸ਼ਤੇ।
ਵਾਹਣ ਭਰਦਿਆਂ ਲੋਥਾਂ ਦੇ, ਵਾਂਗ ਦਰਿਆ ਦੇ ਲਹੂ ਜੂ ਵਹਿਣੇ।
ਭੈਣ ਬਣੀਂ ਭਰਾਵਾਂ ਦੀ, ਯਾਰ ਦਾ ਖਾਗੀ ਕਾਲ਼ਜਾ ਡੈਣੇ।

(8)

'ਬਾਬੂ' ਬਣਗੀ ਮਾਪਿਆਂ ਦੀ, ਦਗੇ ਨਾਲ ਸੱਦਕੇ ਵਢਾਤਾ ਸਿਰ ਨੀ।
ਕਹੂੰ ਰੱਬ ਦੇ ਕੋਲ਼ੇ ਜਾ, ਖੀਵੇ ਦੀ ਸਹਿਬਾਂ ਜ਼ਬਾਨੋਂ ਫਿਰਨੀ।
ਮਾਰਿਆ ਬਿੰਨਾਂ ਹੱਥਿਆਰੋਂ ਮੈਂ, ਖਰਲ ਤੋਂ ਵੈਰ ਸਿਆਲਾਂ ਲੈਣੇ।
ਭੈਣ ਬਣੀਂ ਭਰਾਵਾਂ ਦੀ, ਯਾਰ ਦਾ ਖਾਗੀ ਕਾਲ਼ਜਾ ਡੈਣੇ।

ਮਿਰਜ਼ਾ-ਸਾਹਿਬਾਂ-1

(ਤਰਜ਼ ਦੋਤਾਰਾ)

(1)

ਜਦੋਂ ਹੇਠ ਜੰਡੌਰੇ ਦੇ, ਖ਼ਾਨ ਨੂੰ ਨਸ਼ਾ ਨੀਂਦ ਦਾ ਚੜ੍ਹਿਆ।
ਹੋਣੀ ਰਿਸਕਣ ਦੇਵੇ ਨਾ, ਆਣਕੇ ਕਾਲ ਸਰ੍ਹਾਣੇ ਖੜ੍ਹਿਆ।
ਚੜ੍ਹਿਆ ਕੱਟਕ ਸਿਆਲਾਂ ਦਾ, ਸਾਰੇ ਨਾਲ ਰਲ਼ਗੇ ਜਨੇਤੀ ਜੰਨ ਕੇ।
ਹੌਲੀ ਹੋਗੀ ਸਹਿਬਾਂ ਜੀ, ਜਗਾ ਤਾ ਯਾਰ ਕਾਨੀਆਂ ਭੰਨ ਕੇ।

(2)

ਮਾਰੀ 'ਵਾਜ਼ ਸ਼ਮੀਰੇ ਨੇ, ਅਰਜ਼ ਇੱਕ ਮੰਨਲਾ ਭੈਣ ਰੁਕਾਨੇ।
ਸਾਰੇ ਭੰਨਦੇ ਮਿਰਜ਼ੇ ਦੇ, ਭੱਥੇ 'ਚੋਂ ਕੱਢਕੇ ਸਾਰ ਕੇ ਕਾਨੇ।
ਏਸੇ ਨਾਲ ਤੋਰਦਿਆਂ ਗੇ, ਨਕਾਹ ਜਿਆ ਵੀਰ ਵਾਰ ਦਾ ਬੰਨ੍ਹਕੇ।
ਹੌਲ਼ੀ ਹੋਗੀ ਸਹਿਬਾਂ ਜੀ, ਜਗਾਤਾ ਯਾਰ ਕਾਨੀਆਂ ਭੰਨ ਕੇ।

(3)

ਲਾਡ ਚਾਅ ਕਰਕੇ ਵਿਆਹ ਦਿਆਂਗੇ, ਮਾਰਦਾ ਮਿੱਠੀਆਂ ਸ਼ਮੀਰਾ ਖੋਟਾ।
ਦੰਦੂੰ ਜੋੜੀ-ਘੋੜੀ ਮੈਂ, ਸਿਔਨੇ ਦਾ ਜ਼ਿਓਰ ਸੂਟ ਤੇ ਗੌਟਾ।
ਲਈ ਭੇਚਲ਼ ਖਚਰੇ ਨੇ, ਤੋੜਤੇ ਤੀਰ ਵੀਰ ਦੀ ਮੰਨ ਕੇ।
ਹੌਲ਼ੀ ਹੋਗੀ ਸਹਿਬਾਂ ਜੀ, ਜਗਾਤਾ ਯਾਰ ਕਾਨੀਆਂ ਭੰਨ ਕੇ।

(4)

ਖ਼ਾਲੀ ਤਰਕਸ਼ ਕਰਕੇ ਤੇ, ਪਰ੍ਹੇ ਹੋ ਮੁੱਠੀਆਂ ਮੀਟਕੇ ਬਹਿਗੀ।
ਇੰਝਾਂ ਬਰਸਣ ਅੱਖੀਆਂ 'ਚੋਂ ਖ਼ਾਵੇ ਦਿਲ ਗੌਤੇ ਸੋਚ ਵਿੱਚ ਪੈਗੀ।
ਲੋਕ ਕਹਿਣ ਸਿਆਣੇ ਜੀ, ਹੁੰਦੀ ਮੱਤ ਮਗਰ ਗਿੱਚੀ ਦੇ ਰੰਨ ਕੇ।
ਹੌਲ਼ੀ ਹੋਗੀ ਸਹਿਬਾਂ ਜੀ, ਜਗਾਤਾ ਯਾਰ ਕਾਨੀਆਂ ਭੰਨ ਕੇ।

(5)

ਕਾਵਾਂ-ਖਾਧੀ ਟੈਰ ਜ੍ਹੀ ਨੂੰ, ਵੀਰ ਦੇ ਤਕੜੇ ਝਾਂਜਰੇ ਛੁਹ ਲਿਆ।
ਖਿੱਚ ਮਾਰ ਝੰਜੋੜੇ ਜ੍ਹੇ, ਪਰ੍ਹੇ ਸਿਰ ਕਰਤਾ ਉਰੇ ਪੱਟ ਧੂ ਲਿਆ।
ਮੁੱਖ ਯੂਸਫ਼ ਵਰਗਾ ਸੀ, ਮੱਥਾ ਪਰ ਚੰਮਕੇ ਵਾਂਗਰਾਂ ਚੰਨ ਕੇ।
ਹੌਲ਼ੀ ਹੋਗੀ ਸਹਿਬਾਂ ਜੀ, ਜਗਾਤਾ ਯਾਰ ਕਾਨੀਆਂ ਭੰਨ ਕੇ।

(6)

ਪੌੜ ਮਾਰ ਹਿਣਕਦੀ ਐ, ਬੱਕੀ ਲਵੇ ਤਰਲੇ ਖੁੱਲ੍ਹਿਆਂ ਨਾ ਜਾਂਦਾ।
ਦੇਵੇ ਪੌਣ ਲੋਰੀਆਂ ਜੀ, ਜੰਡੀ ਨਾਲ਼ ਧਨਸ਼ ਹੁਲਾਰੇ ਖਾਂਦਾ।
ਬਾਹੋਂ ਫੜ-ਫੜ ਖਿੱਚਦੀ ਐ, ਛਣਕ ਛਣ ਜ਼ਿਓਰ ਸੁਨਿਹਰੀ ਛਣਕੇ।
ਹੌਲ਼ੀ ਹੋਗੀ ਸਹਿਬਾਂ ਜੀ, ਜਗਾਤਾ ਯਾਰ ਕਾਨੀਆਂ ਭੰਨ ਕੇ।

(7)

ਜੱਟ ਤਕੜਾ ਹੋਜੇ ਨੀ, ਘੋਰ ਜੰਡ ਸ਼ੋਰ ਸਿਆਲ਼ਾਂ ਪਾਤਾ।
ਹੱਥੀਂ ਤੀਰ ਤੋੜਕੇ ਤੇ, ਸਹਿਬਾਂ ਨੇ ਮਿਰਜ਼ਾ ਹਲ੍ਹੂੰਣ ਜਗਾਤਾ।
ਜੋੜ ਛੱਡਿਆ ਸ਼ਮੀਰੇ ਨੇ, ਤੀਰ ਜਿਆ ਨੰਘ ਗਿਆ ਕੋਲ਼ ਦੀ ਕੰਨ ਕੇ।
ਹੌਲ਼ੀ ਹੋਗੀ ਸਹਿਬਾਂ ਜੀ, ਜਗਾਤਾ ਯਾਰ ਕਾਨੀਆਂ ਨੰਨ ਕੇ।

(8)

'ਬਾਬੂ' ਅੱਖੀਆਂ ਮੱਲਦਾ ਕੀ, ਬੱਕੀ ਤੇ ਚੜ੍ਹਕੇ ਭੱਜ ਜਾ ਜਲਦੀ।
ਹੱਥੀਂ ਜਾਰ ਮਰਾਲਿਆ ਹੈ, ਪੱਟਾਂ ਨੂੰ ਪਿਟਦੀ ਪੇਸ਼ ਨਾ ਚੱਲਦੀ।
ਮੇਰੇ ਖ਼ੂਨੀ ਵੀਰਨਾਂ ਨੇ, ਖ਼ਾਨ ਦੇ ਪੱਚਰੇ ਅਡੌਣੇ ਤਨ ਕੇ।
ਹੌਲ਼ੀ ਹੋਗੀ ਸਹਿਬਾਂ ਜੀ, ਜਗਾਤਾ ਯਾਰ ਕਾਨੀਆਂ ਭੰਨ ਕੇ।

(10)
ਨੇਜ਼ੇ ਬਾਜ਼ੀਆਂ ਕਰਨ ਭਲਵਾਨ ਖੜਕੇ,
ਸਿੱਖਣ ਢਾਲ ਤਲਵਾਰ ਦੇ ਅੰਗ ਤਾਂ ਜੀ।

(11)
ਕੰਘੇ ਕੇਸ਼ ਪਾ ਕੜੇ ਕਛਿਹਰਿਆਂ ਨੂੰ,
ਕਮਰ ਲੈਣ ਕ੍ਰਿਪਾਨ ਅੜੰਗ ਤਾਂ ਜੀ।

(12)
ਜਿੰਨ੍ਹਾਂ ਜਿੰਨ੍ਹਾਂ ਨੇ ਛਕ ਲਿਆ ਅੰਮ੍ਰਿਤਾਂ ਨੂੰ,
ਗੁਰਾਂ ਨਵਾਂ ਚੜ੍ਹਾਂ ਦਿੱਤਾ ਰੰਗਤਾਂ ਜੀ।

(13)
ਗੁਰੂ ਸ਼ਹਿਨਸ਼ਾਹਾਂ ਕਰ ਲਿਆ ਅਹਿਦਨਾਮਾ,
ਸੁਲਾਹ ਹੋ ਗਈ ਕਰਨ ਨਾ ਜੰਗ ਤਾਂ ਜੀ।

(14)
ਫੱਕਰ ਸ਼ੀਂਹ ਦਾ ਹੋਂਵਦਾ ਦੇਸ਼ ਕਿਹੜਾ,
ਦਿਲ ਹੋਣ ਪੰਜਾਬ ਤੋਂ ਤੰਗ ਤਾਂ ਜੀ।

(15)
ਸੈਰ ਕਰਨ ਜਾਂਦੇ ਮੁਲਕ ਦੱਖਣਾਂ ਦੀ,
ਸੱਤਪੁੜੇ ਪਹਾੜ ਤੋਂ ਲੰਘ ਤਾਂ ਜੀ।

(16)
ਗੁਰੂਦੁਆਰਾ ਮਸ਼ਹੂਰ ਹਜ਼ੂਰ ਸਾਹਿਬ ਐ,
ਉਸੇ ਤਰਫ਼ ਨੂੰ ਜਾਂਦੀਆਂ ਸੰਗਤਾਂ ਜੀ।

(16)
ਪੂਰਾ ਕਰਿਆ ਅੱਜ ਟੂਰ ਦਸ਼ਮੇਸ਼ ਜੀ ਦਾ,
'ਬਾਬੂ' ਫਜ਼ਲ ਗ਼ਫ਼ੂਰ ਤੋਂ ਮੰਗ ਤਾਂ ਜੀ।

●

(11)
ਕੌਲੇ ਖੜ੍ਹਾ ਛਾਤੀ ਨੂੰ ਪੁੱਤਰ ਤਾਣਦੇ।
ਮੇਰੇ ਵੱਜ ਲੈਣ ਦੇ ਪਿਤਾ ਜੀ ਜਾਣਦੇ।

(12)
ਦੋਹਾਂ ਨੇ ਮਰਨ ਦਾ ਬਣਾ ਲਿਆ ਝਗੜਾ।
ਢਿੱਲਾ ਹੋ ਗਿਆ ਢਹਿ ਗਿਆ ਡੱਲੇ ਦਾ ਪਗੜਾ।

(13)
ਦੱਬਤਾ ਟਰੈਗਰ ਗੁਰਾਂ ਨੇ ਛੱਡਤੀ।
ਗੋਲੀ ਬਾਪ ਬੇਟੇ ਦੇ, ਉਤੋਂ ਦੀ ਕੱਢਤੀ।

(14)
ਗੁਰੂ ਜੀ ਨੂੰ ਐਸਿਆਂ ਸਿੰਘਾਂ ਦਾ ਪੱਖ ਸੀ।
ਨੀਵੀਂ ਹੋਗੀ ਭਾਈ ਜੀ ਡੱਲੇ ਦੀ ਅੱਖ ਸੀ।

(15)
ਸੋਚੀਂ ਪੈ ਗਿਆ ਕਰੀ ਤਾਂ ਕਿਆਸ ਲੰਬੀ ਗਿਆ।
ਛੇ ਮਿੰਨਟ ਥਰਨ-ਥਰਨ ਕੰਬੀ ਗਿਆ।

(16)
'ਰੱਜਬਅਲੀ' ਫੇਰ ਨਾ ਵਡਿਆਈ ਮਾਰ ਗਿਆ।
ਸ਼ੱਕੀ ਹੋ ਗਿਆ ਸਾਰਾ ਨਿਕਲ ਹੰਕਾਰ ਗਿਆ।

ਬੈਤ-8

(1)
ਮਹਿਲ ਟਹਿਲਣਾਂ ਤੇ ਆਏ ਸਿੰਘ ਜਿਹੜੇ,
ਮਹਿਮਾਂ ਵੇਖਕੇ ਹੋਂਵਦੇ ਦੰਗ ਤਾਂ ਜੀ।

(2)
ਮਾਈਆਂ ਆ ਗੀਆਂ ਹੋਣ ਜਿਆਫ਼ਤਾਂ ਜੀ,
ਵਿਛ ਜਾਣ ਰੰਗੀਲ ਪਲੰਘ ਤਾਂ ਜੀ।

(2)
ਢੇਰ ਲੱਗਗੇ ਆਟਿਆਂ ਦਾਣਿਆਂ ਦੇ,
ਸੁਬ੍ਹਾ ਸ਼ਾਮ ਨੂੰ ਲੱਗਦੀਆਂ ਪੰਗਤਾਂ ਜੀ।

(3)
ਨਾਲ ਦੇਗ ਦੇ ਦੇਗ ਪਈ ਖੜਕਦੀ ਐ,
ਲੰਗਰ ਖੋਲ੍ਹ ਦਿੱਤੇ ਦੋਵੇਂ ਹੀ ਡੰਗਤਾਂ ਜੀ।

(4)
ਭਰੇ ਰਹਿਣ ਕੜਾਹੇ ਜੇ ਖੀਰ ਦੇ ਜੀ,
ਤਿੰਨ ਮੇਲ ਛਕਾਉਣ ਨਸ਼ੰਗ ਤਾਂ ਜੀ।

(4)
ਲੱਗੀ ਵਰਨ ਰਪੌੜ ਬਰਸਾਤ ਵਾਂਗੂੰ,
ਵੰਡ ਵੰਡ ਰਜਾ ਤੇ ਨੰਗ ਤਾਂ ਜੀ।

(5)
ਹਾਥੀ ਝੂਲਦੇ ਸੱਚੇ ਦਰਬਾਰ ਉੱਤੇ,
ਨੱਚ ਨਾਚ ਵਖਾਉਣ ਤਰੰਗ ਤਾਂ ਜੀ।

(6)
ਆਵੇ ਅੰਤ ਨਾ ਮੁਸ਼ਕੀਆਂ ਨੁਕਰਿਆਂ ਦਾ,
ਕਾਲੇ ਸੁਰਖ਼ ਸਫ਼ੈਦ ਸੁਰੰਗ ਤਾਂ ਜੀ।

(7)
ਆਣ ਲੱਖਾਂ ਨੇ ਜੋੜੇ ਕਲਾਂਦਰੇ ਨੇ,
ਰੰਗ ਜਿਸ ਤਰ੍ਹਾਂ ਕੰਚ ਦੀ ਵੰਗ ਤਾਂ ਜੀ।

(8)
ਰਾਵੀ ਸਿੰਧ ਝਨਾਂ ਤੇ ਜਿਹਲਮਾਂ ਦੇ,
ਉੱਡ ਜਾਣ ਲਗਾਕੇ ਫੰਗ ਤਾਂ ਜੀ।

(9)
ਸ਼ਬਦ ਚੌਂਕੀਆਂ ਕਦੇ ਪ੍ਰਚਾਰ ਹੁੰਦੇ,
ਕੋਈ ਗੱਤਕਿਆਂ ਦੇ ਸਿੱਖੇ ਢੰਗ ਤਾਂ ਜੀ।

ਪਾੜ ਦਿੰਦੇ ਕਾਲਜੇ ਵਜੀਦ ਮੱਲੇ ਦੇ,
ਉਦੋਂ ਕਿਉਂ ਨਾ ਗੱਭਰੂ ਵੰਗਾਰੇ ਡੱਲੇ ਦੇ।

(6)
ਰਾਮੇ, ਕੌਟ ਫ਼ੱਤੇ ਦੇ ਹਮੈਤੀ ਸਾਡੇ ਐ,
ਰਾਠੀ ਕੇ ਬੁਰਜ ਦੇ ਲੜਾਕੇ ਡਾਢੇ ਐ।
ਪਾੜਕੇ ਬਣੌਂਦੇ ਲੀਰਾਂ ਨਾਲ ਭੱਲੇ ਦੇ,
ਉਦੋਂ ਕਿਉਂ ਨਾ ਗੱਭਰੂ ਵੰਗਾਰੇ ਡੱਲੇ ਦੇ।

(7)
ਮੌੜ ਕੌੜ ਖਰ੍ਹਵੇ ਜੰਮਣ ਮਾਖੇ ਜੀ,
ਜਗੇ ਲੋਕ ਸੂਰਮੇ ਜੰਗਾਂ 'ਚ ਗਾਥੇ ਜੀ,
ਰਲ ਜਾਂਦੇ ਚੌਬਰ ਲੜਾਕੇ ਰੱਲੇ ਦੇ,
ਉਦੋਂ ਕਿਉਂ ਨਾ ਗੱਭਰੂ ਵੰਗਾਰੇ ਡੱਲੇ ਦੇ।

(8)
ਸੁਆਦ ਲੈਕੇ ਜਾਂਦੇ ਕਾਂਗੜਿਓਂ ਪਹਾੜੀਏ,
ਵਾਂਗ ਤਰਬੂਜ਼ ਦੇ ਦੇ ਪਠਾਣ ਪਾੜੀਏ।
ਸਿਰਾਂ ਨੂੰ ਅੜੌਂਦੇ ਵਾਂਗ ਗੇਂਦ-ਬੱਲੇ ਦੇ,
ਉਦੋਂ ਕਿਉਂ ਲਾ ਗੱਭਰੂ ਵੰਗਾਰੇ ਡੱਲੇ ਦੇ?

(9)
'ਬਾਬੂ' ਰਹਿਗੀ ਦਿਲ 'ਚ ਦਲੀਲ ਸ਼ੇਰਾਂ ਦੇ,
ਫੇਰ ਕਦੇ ਹੱਥ ਵੇਖ ਲਿਉ ਦਲੇਰਾਂ ਦੇ।
ਲਹੂ ਦਾ ਦਰਿਆ ਵਗੇ ਵਿਚਾਲੇ ਤੱਲੇ ਦੇ,
ਉਦੋਂ ਕਿਉਂ ਨਾ ਗੱਭਰੂ ਵੰਗਾਰੇ ਡੱਲੇ ਦੇ?

॥ਦੋਹਿਰਾ॥
ਲਿਆਇਆ ਰਫ਼ਲ ਲੁਹਾਰ ਜੀ, ਸਤਿਗੁਰ ਵੇਂਹਦੇ ਫੇਰ।
ਅਸਾਂ ਨਿਸ਼ਾਨਾ ਲਾਵਣਾ, ਲਿਆ ਸਾਬੋ ਦਾ ਸ਼ੇਰ।

ਦੋ ਭਾਗ ਛੰਦ-7

(1)
ਆਈ ਵੀ ਸੁਗਾਤ ਲਈ ਬੰਦੂਕ ਚੱਕ ਸ਼ਾਹ।
ਜਾਂਵਦਾ ਦੁਆਨ ਦਾ ਬਦਲ ਨਕਸ਼ਾ।

(2)
ਗੁਰੂ ਸਾਹਬ ਮੁੱਖ ਸੇ ਕਹਿਣ ਡੱਲਿਆ।
ਸੱਦ ਕੋਈ ਸਾਬੋ ਦਾ ਜੁਆਨ ਬੱਲਿਆ।

(3)
ਮੈਂ ਨਿਸ਼ਾਨਾ ਲਾਕੇ ਵੇਖਣਾ ਬੰਦੂਕ ਦਾ।
ਜਾਊ ਪਾਰ ਸੀਨੇ, 'ਚੋਂ ਬਰੂਦ ਸ਼ੂਕਦਾ।

(4)
ਉਚੀ ਦੇ ਕੇ ਡੱਲੇ ਨੇ ਆਵਾਜ਼ ਜਾਂ ਕਰੀ।
ਕਿਸੇ ਨੇ ਮਰਨ ਵਾਸਤੇ ਨਾ ਹਾਂ ਕਰੀ।

(5)
ਫੇਰ ਭਾਈ ਡੱਲੇ ਨੂੰ ਗੁਰਾਂ ਨੇ ਸੱਦਿਆ।
ਹੋਰ ਕੀ ਬਲੌਣਾ ਤੂੰ ਅਗੇਰੇ ਵੱਧਿਆ।

(6)
ਗੁਰੂ ਭੋਲਿਆ ਕੋਈ ਨਾ ਤਿਆਰ ਔਣ ਨੂੰ।
ਕੀਦ੍ਹਾ ਚਿੱਤ ਕਰੇ ਜ਼ਿੰਦਗੀ ਗਵੌਣ ਨੂੰ?

(7)
ਜੇ ਤੂੰ ਬਹਿ ਗਿਆ ਆਪ ਦਿਆਂ ਬੰਦਿਆਂ ਦੀ ਝਾਕਲਾ।
ਐਥੋਂ ਕਿਤੋਂ ਸਾਡਿਆਂ ਸਿੰਘਾਂ ਨੂੰ ਹਾਕਲਾ।

(8)
ਅੰਮ੍ਰਿਤ ਛੱਕ ਮਰਨੋਂ ਨਾ ਡਰਦੇ।
ਬਾਪ ਪੁੱਤ ਬੈਠ ਅਸ਼ਨਾਨ ਕਰਦੇ।

(9)
ਜਦੋਂ ਮਾਰੀ ਵਾਜ਼ ਅਸ਼ਨਾਨ ਵਿੱਚ ਰਿਆ।
ਪਹੁੰਚਗੇ ਟਰੈਗਰ ਗੁਰੂ ਜੀ ਖਿੱਚ ਰਿਆ।

(10)
ਹੱਥ ਬੰਨ੍ਹ ਬਾਬਲ ਸੁਨਾਵੇ ਜੁਗਤੀ।
ਹੋਜੇ ਮੇਰੀ ਗੁਰਾਂ ਦੇ ਹੱਥਾਂ ਤੋਂ ਮੁਕਤੀ।

(2)
ਮੰਗਿਆ ਸਬਰ ਵਾਹਿਗੁਰੂ ਤੋਂ, ਅੱਖਾਂ ਅੱਗੇ ਨ੍ਹੇਰਾ ਗੇਰ ਦੀਆਂ ਇੰਝ ਨਾ।
ਤੇਰੀ ਵੇਲ ਸਿੱਖੀ ਦੀ ਨੂੰ, ਬੱਚਿਆਂ ਦਾ ਖ਼ੂਨ ਡੋਹਲਕੇ ਸਿੱਜਣਾਂ।
ਦੇਵੀਂ ਭੇਜ ਫ਼ਰਿਸ਼ਤਿਆਂ ਨੂੰ, ਜਦੋਂ ਚਿੱਤ ਚਾਹੁੰਦਾ ਮਾਲਕਾ ਜਿੰਦ ਦਿਆ।
ਅਸੀਂ ਰਾਜ਼ੀ ਰਜ਼ਾ ਤੇ ਜੀ, ਧਰਮ ਦਿਆ ਰਾਖਿਆ, ਦਰਦੀਆਂ ਹਿੰਦ ਦਿਆ।

(3)
ਨੀਵੀਂ ਪਾਕੇ ਬਹਿਗੀਆਂ ਸੀ, ਅੱਗੋਂ ਹੱਥ ਬੰਨ੍ਹ ਕੇ ਬੋਲੀਆਂ ਦੋਵੇਂ।
ਬੇੜੀ ਤਾਰ ਮਾੜਿਆਂ ਦੀ ਜਿਵੇਂ ਚਿੱਤ ਕਰਦਾ ਕਰੀ ਜਾਂ ਓਵੇਂ।
ਤੇਰਾ ਦਰਦ ਵੰਡੌਣ ਗੀਆਂ, ਭਲੇ ਦਿਆ ਵਾਹਰੂ ਦੁਸ਼ਮਣਾਂ ਰਿੰਦ ਦਿਆ।
ਅਸੀਂ ਰਾਜ਼ੀ ਰਜ਼ਾ ਤੇ ਜੀ, ਧਰਮ ਦਿਆ ਰਾਖਿਆ, ਦਰਦੀਆਂ ਹਿੰਦ ਦਿਆ।

(4)
ਉਪਕਾਰ ਕਰਨ ਨੂੰ ਜੀ, ਮਾਤਲੋਕ ਆਇਆ ਪਵਿੱਤਰ ਸਖ਼ਸ਼ਾ।
ਤੇਰਾ ਮਿਸ਼ਨ ਉਚੇਰਾ ਹੈ, ਕਰੀ ਹਿੰਦਵੈਣ ਦੁਖੀ ਦੀ ਰਕਸ਼ਾ।
ਸ਼ਿਸ਼ ਸੀਸ ਵਾਰਦੇ ਜੀ, ਗੁਰੂ ਦੇ ਉਪਰੋਂ ਗੁਰੂ ਪਸਿੰਦ ਦਿਆ।
ਅਸੀਂ ਰਾਜ਼ੀ ਰਜ਼ਾ ਤੇ ਜੀ, ਧਰਮ ਦਿਆ ਰਾਖਿਆ, ਦਰਦੀਆ ਹਿੰਦ ਦਿਆ।

(5)
ਸਰਹੰਦ ਦੇ ਇਲਾਕੇ ਨੂੰ, ਸਿੰਘਾਂ 'ਚੋਂ ਚੁਣਮੇਂ ਬਹਾਦਰ ਘੈਦੇ।
ਹੀਰੇ ਲੁੱਟਲੇ ਦਮ੍ਹਕਦੇ ਜੀ, ਅਸਾਂ ਨੂੰ ਵੈਰ-ਪੈਰ ਪਰ ਲੈਦੇ।
ਲੈਜਾ ਰੋੜ੍ਹ ਚੁਗੱਤਿਆਂ ਨੂੰ, ਜ਼ੋਰ ਨਾਲ ਉਛਲ਼ ਉਛਾਲਿਆ ਸਿੰਧ ਦਿਆ।
ਅਸੀਂ ਰਾਜ਼ੀ ਰਜ਼ਾ ਤੇ ਜੀ, ਧਰਮ ਦਿਆ ਰਾਖਿਆ, ਦਰਦੀਆ ਹਿੰਦ ਦਿਆ।

(6)
ਰਾਮ, ਭਰਥ, ਸ਼ਤਰਘਨ ਤੇ, ਲਸ਼ਮਣੋ ਸੋਹਣੇ ਦਿਲਾਂ ਨੂੰ ਮੋਹਣੇ।
ਕੀ ਚੱਕਿਆ ਪਠਾਣਾਂ ਦਾ, ਮਗਰ ਕਿਉਂ ਪੈਗੇ ਗ਼ਰਕ ਜ੍ਹੇ ਹੋਣੇ।
ਕਾਹਨੂੰ ਜ਼ਖ਼ਮੀ ਕਰਨ ਸੀ, ਪਾਪੀਆ ਛੁਰਿਆਂ ਵਜੀਦ ਸਰ੍ਹਿੰਦ ਦਿਆਂ।
ਅਸੀਂ ਰਾਜ਼ੀ ਰਜ਼ਾ ਤੇ ਜੀ, ਧਰਮ ਦਿਆ ਰਾਖਿਆ ਦਰਦੀਆਂ ਹਿੰਦ ਦਿਆ।

(7)
ਵਾਜੇ ਵਜਦੇ ਅਜਲ ਦੇ ਜੀ, ਦਿਨੇ ਰਾਤ ਵਗਦੀ ਅਜਲ ਦੀ ਨ੍ਹੇਰੀ।
ਨਾਵੇਂ ਲਹਿਗੇ ਕਾਗ਼ਜ਼ਾਂ ਤੋਂ, ਬੰਦੇ ਦੀ ਜੋਗੀ ਵਾਲੀ ਫੇਰੀ।
ਦੇਜਾ ਦਰਸ਼ਨ ਸੰਗਤਾਂ ਨੂੰ 'ਰਜਬਲੀ ਖ਼ਾਨ' ਪਰ੍ਹੌਣਿਆਂ ਬਿੰਦ ਦਿਆ।
ਅਸੀਂ ਰਾਜ਼ੀ ਰਜ਼ਾ ਤੇ ਜੀ, ਧਰਮ ਦਿਆ ਰਾਖਿਆ ਦਰਦੀਆ ਹਿੰਦ ਦਿਆ।

॥ਦੋਹਰਾ॥
ਮਹਿਲ ਸਬਰ ਕਰ ਬੈਠਗੇ, ਲਿਖੇ ਪੰਥ ਪ੍ਰਕਾਸ਼।
ਡੱਲੇ ਨੇ ਗੱਲ ਛੇੜਲੀ, ਆਣ ਗੁਰਾਂ ਦੇ ਪਾਸ।

ਮੁਕੰਦ ਛੰਦ-6

(1)
ਭਾਈ ਡੱਲ਼ਾ ਬੋਲਦਾ ਹੱਥਾਂ ਨੂੰ ਜੋੜਕੇ,
ਗੁਰਾਂ ਕੀਤੀ ਗ਼ਲਤੀ ਕਿਲੇ ਨੂੰ ਛੋਡਕੇ।
ਤੂੰ ਕਿਉਂ ਨਿਉਂ ਗਿਆ ਸਾਮ੍ਹਣੇ ਪਹਾੜੀ ਹੱਲੇ ਦੇ,
ਉਦੋਂ ਕਿਉਂ ਨਾ ਗੱਭਰੂ ਵੰਗਾਰੇ ਡੱਲੇ ਦੇ।

(2)
ਜੇ ਨਿਕਲ ਤੁਰੇ ਰੱਬਦੇ ਭਰੋਸੇ ਤੇ,
ਡੇਰੇ ਡਾਲ ਦੇਣੇ ਸੀ ਕਿਨਾਰੇ ਓਸੇ ਤੇ।
ਸਰਸਾ 'ਚ ਡੋਬਤੇ ਵਛੇਰੇ ਥੱਲੇ ਦੇ,
ਉਦੋਂ ਕਿਉਂ ਨਾ ਗੱਭਰੂ ਵੰਗਾਰੇ ਡੱਲੇ ਦੇ?

(3)
ਪਹਿਲਾਂ ਮੇਰੇ ਨਾਲ ਮਨਸੂਬੇ ਗੁੰਦੇ ਨਾ,
ਜੀਤ ਤੇ ਜੁਝਾਰ ਸਿਉਂ ਸ਼ਹੀਦ ਹੁੰਦੇ ਨਾ।
ਨਾਲੇ ਪਹੁੰਚ ਜਾਂਦਾ ਮੈਂ ਸੁਨੇਹੇ ਘੱਲੇ ਦੇ,
ਉਦੋਂ ਕਿਉਂ ਨਾ ਗੱਭਰੂ ਵੰਗਾਰੇ ਡੱਲੇ ਦੇ?

(4)
ਕੌਟ ਗੜ੍ਹੀ ਦਿੱਤੀ ਗੁਰਾਂ ਨੂੰ ਕਪੂਰੇ ਨਾ,
ਸ਼ਹਿਨਸ਼ਾਹ ਔਰੰਗਜ਼ੇਬ ਆਕੇ ਘੂਰੇ ਨਾ।
ਲੱਗਗੇ ਮਗਰ ਦਸ਼ਮੇਸ਼ ਕੱਲੇ ਦੇ,
ਉਦੋਂ ਕਿਉਂ ਨਾ ਗੱਭਰੂ ਵੰਗਾਰੇ ਡੱਲੇ ਦੇ।

(5)
ਮੇਰਾ ਐਨਾ ਰੰਜ ਰਹਿ ਗਿਆ ਜਨਾਬ ਤੇ,
ਕਰਨਾ ਸੀ ਯਾਦ ਖਿਦਰਾਣੇ ਖਾਬ ਤੇ।

ਦਲ ਮੇਂ ਵੜ-ਦੜ-ਦੜ ਡੇਗਣ, ਕੰਧਾਂ ਜੀਆਂ ਪਾਪ ਦੀਆਂ।
ਹਲਦੀ ਘਾਟ ਲੜੀਆਂ ਫ਼ੌਜਾਂ, ਰਾਣਾ ਪ੍ਰਤਾਪ ਦੀਆਂ।
ਲੈਕੇ ਤੇ 'ਜੀਤ ਜੁਝਾਰਾਂ ਬਦਲਤੇ ਨਕਸ਼ੇ ਮੈਂ।
ਲੈਕੇ ਪੁੱਤ ਚਾਰ ਤੁਸਾਂ ਦੇ, ਲਾਖਾਂ ਪੁੱਤ ਬਖ਼ਸ਼ੇ ਮੈਂ।

(2)

ਛੋਟੇ ਦੋ ਦਿਲ ਦੇ ਟੁੱਕੜੇ, ਲੈ ਗਿਆ ਫੜ ਗੰਗਾ ਸੀ।
ਅੰਦਰ ਦਾ ਕਾਲਾ ਬਾਮ੍ਹਣ, ਉੱਪਰੋਂ ਕੁਝ ਚੰਗਾ ਸੀ।
ਮਹਿਲਾਂ ਦੇ ਮਹਿਲ ਸਾੜ ਗਿਆ, ਸਿੱਟ ਕੇ ਪਤੰਗਾ ਸੀ।
ਕੜਮੇ ਨੇ ਫੜਕੇ ਕਰਤੀ, ਮੌਤ ਨਾਲ ਸ਼ਾਦੀ ਜੀ।
ਚੰਗਾ ਹੋਇਆ ਇੰਡੀਆ ਮੁਲਕ ਨੂੰ, ਮਿਲਗੀ ਆਜ਼ਾਦੀ ਜੀ।
0 ਪਾਪੀ ਵਜ਼ੀਦ ਦੁਲਾਰੇ, ਚਿਣਤੇ ਵਿੱਚ ਕੰਧਾਂ ਦੇ।
ਪਲ ਦੇ ਵਿੱਚ ਛਿਪੇ ਨਮੂਨੇ, ਚਿੱਟਿਆਂ ਜਿਹਾਂ ਦੰਦਾਂ ਦੇ।
'ਕੱਲੇ ਰਾਅ' ਪਤੇ ਮੰਗਾਤੇ, ਚਿਲਕਦਿਆਂ ਚੰਦਾਂ ਦੇ।
ਐਧਰ ਨੂੰ ਰੁਖ਼ ਕਰ ਲਿਆ, ਦੀਨੇ ਦੀ ਰੱਖ ਸੇ ਮੈਂ।
ਲੈ ਕੇ ਪੁੱਤ ਚਾਰ ਤੁਸਾਂ ਦੇ, ਲਾਖਾਂ ਪੁੱਤ ਬਖ਼ਸ਼ੇ ਮੈਂ।

(3)

ਵੇਖੋ ਸਿੰਘ ਆਕੇ ਬੈਠੇ, ਜਿਤਨੇ ਵਿਚ ਦੁਆਨ ਦੇ।
ਆਪਣੀਆਂ ਮਾਵਾਂ ਵਾਂਗੂੰ, ਥੋਨੂੰ ਕੁੱਲ ਜਾਣਦੇ।
ਖੰਡੇ ਦਾ ਅੰਮ੍ਰਿਤ ਛੱਕਕੇ, ਭਰਗੇ ਨਾਲ ਆਣ ਦੇ।
ਕੱਢ ਕੇ ਤੇ ਧਰਲੀਆਂ ਜਾਨਾਂ, ਇਨ੍ਹਾਂ ਨੇ ਤਲੀਆਂ ਤੇ।
ਮੈਨੂੰ ਭਰੋਸਾ ਭਾਰਾ, ਸਾਬੋ ਦਿਆਂ ਬਲੀਆਂ ਤੇ।
0 ਜਿੱਥੇ ਮੈਂ ਪਾਣੀ ਡੋਹਲਾਂ, ਉਥੇ ਰੱਤ ਡੋਲ੍ਹਣਗੇ।
'ਜੱਗਦੇ ਪਮਾਰ ਵਾਂਗੂੰ' ਸਾਗਾਂ ਚੱਕ ਤੋਲਣਗੇ।
ਘੇਰ ਸਰਹਿੰਦ ਸ਼ਹਿਰ ਨੂੰ, ਮੁਗ਼ਲਾਂ ਨੂੰ ਰੋਲਣਗੇ।
ਆਪ ਦਿਆਂ ਪੁੱਤਰਾਂ ਵਾਂਗੂੰ, ਵੇਖਾਂ ਇੱਕ ਅੱਖ ਸੇ ਮੈਂ।
ਲੈਕੇ ਪੁੱਤ ਚਾਰ ਤੁਸਾਂ ਦੇ, ਲਾਖਾਂ ਪੁੱਤ ਬਖ਼ਸ਼ੇ ਮੈਂ।

(4)

ਬਣ ਗਿਆ ਮੈਂ ਪਿਤਾ ਪੰਥ ਦਾ, ਮਾਤਾ ਤੂੰ ਬਣਖਾਂ ਜੀ।
ਅਗਲਿਆਂ ਪੁੱਤਰਾਂ ਵਾਂਗੂੰ, ਭਰ ਦਿਓ ਖਾਂ ਅਣਖਾਂ ਜੀ।

ਲੜਨਗੇ ਭੁੱਖੇ ਰਹਿਕੇ, ਮੰਗਦੇ ਨਾ ਤਨਖਾਹ ਜੀ।
ਖੱਦਰ ਦੇ ਕੁੱਜ਼ਤੇ ਪਾਲੇ, ਖੱਦਰ ਦੇ ਮੂਕੇ ਐ।
ਲੜਨੇ ਨੂੰ ਸ਼ੇਰ ਬਹਾਦਰ, ਅੱਗ ਦੇ ਭਮੂਕੇ ਐ।
0 ਲੜਿਆ ਖਿਦਰਾਣੇ ਜੱਥਾ, ਚਾਲੀਆਂ ਸ਼ੀਹਾਂ ਦਾ।
ਦੂਰ ਤੋਂ ਸੁਣਿਆਂ ਖੜਕਾ, ਤੀਰਾਂ ਦੇ ਮੀਂਹਾਂ ਦਾ।
ਆਹਾ ਸਿੰਘ ਇਕ ਕੰਮ ਸਾਰੇ, ਤੀਹਾਂ ਪਰ ਤੀਹਾਂ ਦਾ।
ਗੁਰ ਤੋਂ ਦਸ਼ਮੇਸ਼ ਬਣ ਗਿਆ, ਏਨ੍ਹਾਂ ਦੇ ਪੱਖ ਸੇ ਮੈਂ।
ਲੈਕੇ ਪੁੱਤ ਚਾਰ ਤੁਸਾਂ ਦੇ, ਲਾਖਾਂ ਪੁੱਤ ਬਖ਼ਸ਼ੇ ਮੈਂ।

(5)

ਚਿਹਰਿਆਂ ਤੇ ਦਾਹੜੇ ਸਜਦੇ, ਭਰਮੇ ਮੁਛਹਿਰੇ ਐ।
ਹਨੂੰਮਾਨ ਜੁਆਨ ਵਾਂਗਰਾਂ, ਕੱਸਲੇ ਕਛਹਿਰੇ ਐ।
ਏਨ੍ਹਾ ਦੇ ਨੇਤਰ ਰਹਿੰਦੇ, ਹਰਖ਼ ਨਾਲ ਗਹਿਰੇ ਐ।
ਦਿਨ ਤੇ ਰਾਤ ਵਾਹੀ ਜਾਂਦੇ, ਤੇਜ਼ ਕਿਰਪਾਨਾਂ ਨੂੰ।
ਇਨ੍ਹਾਂ ਨੇ ਮੇਰੇ ਸੀਸ ਤੋਂ, ਵਾਰ ਤਾ ਜਾਨਾਂ ਨੂੰ।
0 ਖੰਡੇ ਦਾ ਅੰਮ੍ਰਿਤ ਛੱਕਕੇ, ਜਿਉਂ-ਜਿਉਂ ਸਿੰਘ ਸੱਜਦੇ ਐ।
ਬੇਹਾ ਟੁੱਟ ਕੌੜਾ ਪਾਣੀ, ਪੀਕੇ ਤੇ ਰੱਜਦੇ ਐ।
ਦਲ ਦੇ ਵਿੱਚ ਬੋਲ ਜੈਕਾਰੇ, ਬੱਦਲ ਜਿਊਂ ਗੱਜਦੇ ਐ।
'ਬਾਬੂ ਜੀ' ਫੌਜ ਬਣਾਤੀ, ਉੱਪਰ ਇੱਕ ਲੱਖ ਸੇ ਮੈਂ।
ਲੈਕੇ ਪੁੱਤ ਚਾਰ ਤੁਮਾਰੇ, ਲਾਖਾਂ ਪੁੱਤ ਬਖ਼ਸ਼ੇ ਮੈਂ।

॥ਦੋਹਿਰਾ॥

ਸਬਰ ਸ਼ੁਕਰ ਕਰ ਬਹਿਗੀਆਂ, ਤੇ ਨਾ ਬਰਸਣ ਨੈਣ।
ਮਾਈਆਂ ਗੁਰੂ ਦਸ਼ਮੇਸ਼ ਦੇ, ਨਿਉਂ ਚਰਨਾਂ ਪਰ ਢੈਣ।

ਦੋਤਾਰਾ-5

(1)

ਆ ਭਰੇ ਦੀਵਾਨਾਂ ਮੇਂ, ਚਾਣ ਚੱਕ ਦਰਦ ਵਛੋੜੇ ਲਹਿਪੇ।
ਦੋਵੇਂ ਮਹਿਲ ਨਿਉਂਕੇ ਤੇ, ਸੱਚੇ ਸਤਿਗੁਰ ਦੇ ਚਰਨਾ ਪਰ ਢਹਿ ਪੇ।
ਹੋਣ ਗੀਸਾਂ ਤੇਰੀਆਂ ਨਾ, ਅਮਨ ਦਿਆ ਦਿਉਤਿਆ ਜ਼ੁਲਮ ਨੂੰ ਨਿੰਦਦਿਆ।
ਅਸੀਂ ਰਾਜ਼ੀ ਰਜ਼ਾ ਤੇ ਜੀ, ਧਰਮ ਦਿਆ ਰਾਖਿਆ, ਦਰਦੀਆ ਹਿੰਦ ਦਿਆ।

ਛਮ-ਛਮ ਨੀਰ ਵਗੇ ਤੇ ਅੱਖਾਂ ਸੁੱਜੀਆਂ ਛੱਪਰੇ ਜ੍ਹੇ ਫਿਸਦੇ,
ਖੜੋਤੇ ਕਿੱਥੇ, ਤਾਇਮੰਡ ਲਾ ਦਮਕਦੇ ਦਿਸਕੇ, ਲਕੋਤੇ ਕਿੱਥੇ ?

(2)

ਇੰਝਾਂ ਨਾਲ ਨੇਤਰ ਭਿਉਂਕੇ, ਡਿੱਗੀਆਂ ਚਰਨਾਂ ਤੇ ਨਿਉਂਕੇ,
ਬੰਨ੍ਹਕੇ ਹੱਥ ਕਢਦੀਆਂ ਹਾੜੇ, ਕਿੱਧਰ ਗਏ ਜੰਨ ਦੇ ਲਾੜੇ,
ਔਂਦੇ ਕਿਤੇ ਨਜ਼ਰ ਨਹੀਂ, ਤੇ ਕੌਹੇ-ਨੂਰ ਚਿਲਕ ਦੇ ਹੀਰੇ,
ਜਲਦ ਦੱਸੋ, ਸੋਂਹਦੇ ਸਿਰਾਂ ਤੇ ਰੇਸ਼ਮੀ ਚੀਰੇ, ਜਲਦ ਦੱਸੋ।
ਹਿੱਕ ਦੇ ਨਾਲ ਆਕੇ ਲੱਗਣ, ਪੈਜੇ ਠੰਡ ਬੁੱਝਜੇ ਅੱਗਨ,
ਦੱਸੋ ਸੱਚ ਕਿਉਂ ਨਾ ਮਿਲਦੇ, ਮਾਵਾਂ ਦੇ ਟੁੱਕੜੇ ਦਿਲ ਦੇ,
ਮੋਤੀ ਲਿਆਂਦੇ ਗੁੰਦ ਕੇ ਗੁਰੂ ਤੈਂ, ਗੁੰਦ ਤਾਜ ਬਣਾਤੇ ਕਿਸ ਦੇ,
ਪਰੋਤੇ ਕਿੱਥੇ ? ਡਾਏਮੰਡ ਨਾ ਦਮ੍ਹਕਦੇ ਦਿਸਦੇ, ਲਕੋਤੇ ਕਿੱਥੇ ?

(3)

ਵੇਖਦੀਆਂ ਚੱਕੇ ਪਲਕਾਂ, ਕਿਤੋਂ ਨਾ ਪੈਂਦੀਆਂ ਝਲਕਾਂ,
ਨ੍ਹੇਰੇ ਵਿੱਚ ਖੜ੍ਹੇ ਦੁਲਾਰੇ, ਹੋਜੂਗਾ ਚਾਨ੍ਹਣ ਸਾਰੇ,
ਦੀਂਹਦਾ ਕਿਤੇ ਭਰਥ ਨਹੀਂ ਤੇ ਰਾਮ, ਲਖਣ, ਛਤਰ ਘਣ ਸ੍ਹੋਣੇ,
ਜਗਾ ਦਿਉ ਛੇਤੀ, ਸੁੱਤੇ ਨਾਲ ਖੁਸ਼ੀ ਦੇ ਹੋਣੇ, ਜਗਾ ਦਿਉ ਛੇਤੀ।
ਦੁੱਖ ਤੇ ਗ਼ਮ ਵਧ ਗਿਆ ਦੂਣਾ, ਸਤਿਗੁਰ ਨੂੰ ਦਿੰਦੀਆਂ ਤੂਣਾਂ,
ਮਾਵਾਂ ਤੋਂ ਪੁੱਤਰ ਲੁੱਕਦੇ, ਫਿਰਦੇ ਜੇ ਗੋਲ੍ਹਾਂ ਟੁੱਕਦੇ,
ਕੇਹੜੀ ਥਾ ਉਡਾਰੀ ਮਾਰ ਗਏ, ਤੇ ਵੜੇ ਉੱਤਰ ਬਗੀਚੇ ਕਿਸਦੇ ?
ਰਾਅ ਤੋਤੇ ਕਿੱਥੇ ? ਡਾਏਮੰਡ ਨਾ ਦਮ੍ਹਕਦੇ ਦਿਸਦੇ, ਲਕੋਤੇ ਕਿੱਥੇ ?

(4)

ਚਾਰਜ ਦਰੋਣ ਮੰਗਾਤੇ, ਕਾਲਜ ਵਿੱਚ ਪੜ੍ਹਨ ਬਹਾਤੇ,
ਵਿੱਦਿਆ ਨਾਲ ਪੰਡਿਤ ਮਿੱਧਿਆ, ਸਿੱਖਣ ਗਏ ਧਨਸ਼ ਵਿੱਦਿਆ।
ਕਿਸੇ ਜੱਗ੍ਹਾਂ ਲੋੜ ਪਈ ਜੇ, ਪੈਜੂ ਧੁਨਸ਼ ਹੱਥਾਂ ਦੇ ਵਿੱਚ ਫੜਨਾਂ,
ਰਣਾਂ ਦੇ ਵਿੱਚ, ਕੈਰੋਂ ਨਾਲ ਪਾਂਡਵਾਂ ਲੜਣਾ, ਰਣਾਂ ਦੇ ਵਿੱਚ।
ਦੇਕੇ ਤਲਵਾਰਾਂ ਭੱਲੇ, ਕਿਸੇ ਮੁਹਿੰਮ ਤੇ ਘੱਲੇ ?
ਇਹ ਵੀ ਦੱਸ ਕਿਸੇ ਦਿਨ ਔਣੇ, ਝਾਕਦੀਆਂ ਲੌਣੇ-ਛੌਣੇ,
ਲਾਡਲੇ ਨਰਾਜ਼ ਹੋ ਗਏ ਤਾਂ ਭਰ ਦੇ ਦਿਉ ਪਿਆਲੇ ਵਿਸ਼ ਦੇ,
ਤੇ ਢੋਤੇ ਕਿੱਥੇ ? ਡਾਏਮੰਡ ਨਾ ਦਮ੍ਹਕਦੇ ਦਿਸਦੇ, ਲਕੋਤੇ ਕਿੱਥੇ ?

(5)

ਯੂਸਫ਼ ਦੇ ਵਰਗੇ ਚਿਹਰੇ, ਮੱਥੇ ਤੇ ਬੰਨ੍ਹਦੀਆਂ ਸੇਹਰੇ,
ਵਿਔਹਣ ਨੂੰ ਚੜ੍ਹਦੇ ਲਾੜੇ, ਕਵੀਆਂ ਦੇ ਲਗਦੇ ਖਾੜੇ,
ਅੰਗਣਾਂ 'ਚ ਲੌਣ ਛਹਿਬਰਾਂ ਤੇ ਮਾਵਾਂ, ਸ਼ਗਨ ਮਨਾਵਣ ਘਰ ਮੇਂ,
ਪੁੱਤਰ ਸੋਹਣੇ। ਚਾਰੇ ਸੁੱਖ ਦੇ ਵਾਸਤੇ ਜਰਮੇ, ਪੁੱਤਰ ਸੋਹਣੇ।
ਮੱਚ-ਮੱਚ ਕੇ ਉਠਦੀ ਦੇਹੀ, ਅੱਖੀਆਂ ਮਲ਼ ਜਾਂਦੀਆਂ ਫੇਹੀ।
ਦਾਲ਼ ਵਿੱਚ ਕਾਲਾ-ਕਾਲਾ, ਉਛਲਿਆ ਵਰਾਗ ਬਾਹਲਾ,
ਮਾਪਿਆਂ ਦੀ ਕਰੌਣ ਗੱਤ ਕੀ ਜੇ, ਨਾਮ ਪੁੱਤਾਂ ਦੇ ਜਹਾਨੋਂ ਮਿਸਦੇ,
ਤਾਂ ਪੋਤੇ ਕਿੱਥੇ ? ਡਾਏਮੰਡ ਨਾ ਦਮ੍ਹਕਦੇ ਦਿਸਦੇ, ਲਕੋਤੇ ਕਿੱਥੇ ?

(6)

ਖਿੱਚ-ਖਿੱਚਕੇ ਮਾਰਨ ਤਾਨ੍ਹੇ, ਹਿੱਕ 'ਚੋਂ ਪਾਰ ਕੱਢਤੇ ਕਾਨੇ,
ਫ਼ਿਕਰਾਂ ਨੇ ਸਾਰੇ ਨੱਪਲੇ, ਵਜਦੇ ਨਾ ਛੈਣੇ ਤਪਲੇ,
ਰਾਗੀਆਂ ਨੂੰ ਰਾਗ ਭੁੱਲਗੇ, ਜੀ ਕੋਈ ਬੰਦਾਂ ਨਾ ਜ਼ਬਾਨੋਂ ਬੋਲੇ,
ਦੀਵਾਨ ਵਿੱਚ ਸੁਣ, ਪਿੰਡਿਆਂ ਨੂੰ ਚੜ੍ਹੇ ਤਰਥੋਲੇ, ਦੀਵਾਨ ਵਿੱਚ।
'ਬਾਬੂ' ਦੀਆਂ ਨਜ਼ਮਾਂ ਬਣੀਆਂ, ਪਿਆਰੀਆਂ ਲੱਗਦੀਆਂ ਘਣੀਆਂ,
'ਵਾਜ ਤਾਂ ਕੋਇਲਾਂ ਵਰਗੇ, ਬੋਲਣ ਵਿੱਚ ਰਸ ਜਿਆ ਭਰਗੇ
ਗਾਂਵਦੇ ਦਲੀਪ ਰੁਲਦੂ, ਤੇ ਬਹਿਕੇ ਨਗ਼ਮੇਂ, ਸੁਣੇਂ ਬਸੰਤ ਸ਼ਿੱਸ਼ ਦੇ,
ਸਰੋਤੇ ਜਿੱਥੇ ? ਡਾਏਮੰਡ ਨਾ ਦਮ੍ਹਕਦੇ ਦਿਸਦੇ, ਲਕੋਤੇ ਕਿੱਥੇ ?

॥ਦੋਹਿਰਾ॥
ਸਤਿਗੁਰ ਮੁੜਕੇ ਬੋਲਦੇ, ਕਰਨ ਸ਼ੁਰੂ ਪ੍ਰਚਾਰ।
ਆ ਲਾਂਖਾਂ ਪੁੱਤ ਬਖ਼ਸਤੇ, ਤੁੱਧ ਸੇ ਲੇਕਰ ਚਾਰ।

ਝੋਕ-4

(1)

ਸਤਿਗੁਰ ਜੀ ਧੀਰਜ ਦਿੰਦੇ, ਵਿਲਕਦਿਆਂ ਮਹਿਲਾਂ ਨੂੰ।
ਜ਼ੁਲਮ ਨਾਲ ਲੜਨ ਭੇਜਤਾ, ਵੱਡਿਆਂ ਜਰਨੈਲਾਂ ਨੂੰ।
ਜੇਤ ਪਾ ਕਰਨ ਗਏ, ਸੁਰਗ ਦਿਆਂ ਸੈਲਾਂ ਨੂੰ।
ਸ਼ਵਾਸ਼ੇ ਭਾਗਾਂ ਵਾਲੀਉ, ਜਰਮੇ ਦਲੌਰ ਸੀ।
ਲੌਥ ਤੇ ਲੌਥ ਚੜ੍ਹਾਤੀ, ਲੜਕੇ ਚਮਕੌਰ ਸੀ।
ਓਦਣ ਦੀਆਂ ਠੰਡੀਆਂ ਹੋਈਆਂ, ਅੱਖੀਆਂ ਜੀਆਂ ਬਾਪ ਦੀਆਂ।

ਮਕੰਦ ਛੰਦ-2

(1)

ਦਿਲਾਂ 'ਚੋਂ ਵਲਵਲੇ ਉੱਠਣ ਤਾਂਘ ਦੇ,
ਹੋਂਗੀਆਂ ਰਵਾਨਾ ਜਾ ਕੁੱਕੜ ਬਾਗ ਦੇ।
ਤਲਵੰਡੀ ਦਿੱਲੀਉਂ ਬਥੇਰੀ ਦੂਰ ਹੈ,
ਦੁੱਖ ਕੀ ਲਿਖੇ ਕਲਮ ਮਜਬੂਰ ਹੈ।

(2)

ਲਾਹੇ ਕਦੇ ਪੈਰ ਨਾ ਪਲੰਘ ਰੱਤੇ ਤੋਂ,
ਪੀਣ ਹਾਟ ਵਾਟਰ ਛੱਪੜ ਤੱਤੇ ਤੋਂ।
ਨੈਣੋਂ ਨੀਰ ਜਿਵੇਂ ਬੱਦਲਾਂ 'ਚੋਂ ਭੂਰ ਹੈ,
ਦੁੱਖ ਕੀ ਲਿਖੇ ਕਲਮ ਮਜਬੂਰ ਹੈ।

(3)

ਉੱਡ-ਉੱਡ ਚਿੰਬੜੇ ਪਿੰਡੇ ਨੂੰ ਗਰਦੇ,
ਮੀਂਹ ਦੇ ਵਾਂਗੂ ਰੌੜ ਅਸਮਾਨੋਂ ਵਰ੍ਹਦੇ।
ਚਿੱਟਾ ਰੇਤ ਹੋਈ ਜਿਉਂ ਜ਼ਮੀਨ ਥੂਰ ਹੈ,
ਦੁੱਖ ਕੀ ਲਿਖੇ ਕਲਮ ਮਜਬੂਰ ਹੈ।

(4)

ਲੰਘੇ ਤੱਤੇ ਥੱਲ 'ਚੋਂ ਹਰਮ ਸ਼ੇਰ ਕੇ,
ਕਾਲੀ ਬੋਲੀ ਜਾਂਦਿਆਂ ਨੂੰ ਖੜੋਜੇ ਘੇਰ ਕੇ।
ਰੇਤ ਤਪੇ ਜਿਵੇਂ ਤਪਦਾ ਤੰਦੂਰ ਹੈ,
ਦੁੱਖ ਕੀ ਲਿਖੇ ਕਲਮ ਮਜਬੂਰ ਹੈ।

(5)

ਟੱਪ ਕਰਨਾਲ ਨੂੰ ਹਿਸਾਰ ਅੱਪੜੇ,
ਅੱਗ ਵਾਂਗੂੰ ਲੱਗਗੇ ਤਪਣ ਕੱਪੜੇ।
ਜਿੰਨਾਂ ਸਾਰਾ ਤਕਦੀਰ ਦਾ ਕਸੂਰ ਹੈ,
ਦੁੱਖ ਕੀ ਲਿਖੇ ਕਲਮ ਮਜਬੂਰ ਹੈ।

(6)

ਲੋਕ ਬੇਤਰਸ ਜੇ ਮਿਹਰ ਡੱਕਾ ਨਾ,
ਕਿਸੇ ਘਰੋਂ ਲੱਸੀ ਦਾ ਥਿਆਵੇ ਫੱਕਾ ਨਾ।

ਮਿਲੇ ਨਾ ਡਿੰਨਰ ਮੋੜ ਦਿੰਦੇ ਘੂਰ ਹੈ,
ਦੁੱਖ ਕੀ ਲਿਖੇ ਕਲਮ ਮਜਬੂਰ ਹੈ।

(7)

ਤਿੰਨ-ਤਿੰਨ ਦਿਨ ਨਾ ਥਿਔਣ ਮੰਨੀਆਂ,
ਕਦੋਂ ਪੁੱਤ ਮਿਲਣੇ ਥਕੇਵੇਂ ਭੰਨੀਆਂ।
ਪੁੱਤ ਹੁੰਦੇ ਮਾਵਾਂ ਦੇ ਅੱਖਾਂ ਦਾ ਨੂਰ ਹੈ,
ਦੁੱਖ ਕੀ ਲਿਖੇ ਕਲਮ ਮਜ਼ਬੂਰ ਹੈ।

(8)

ਉਚੇ ਟਿੱਬੇ ਸਾਥੋਂ 'ਚ ਪਹਾੜਾਂ ਜੇਡੇ ਹੈ,
ਕੌੜੇ ਪਾਣੀ ਬੜੇ ਨਗਰ ਦੁਰੇਡੇ ਹੈ।
ਔਨੀ ਦੂਰ ਜਿੰਨਾ ਸਾਹੋਂ ਤੋਂ ਭਲੂਰ ਹੈ,
ਦੁੱਖ ਕੀ ਲਿਖੇ ਕਲਮ ਮਜਬੂਰ ਹੈ।

(9)

ਵੰਡੀ ਜਾਂਦਾ ਟਿਕਟ ਝੰਬੇਲ ਬੇੜੀ ਦੇ,
ਚੜ੍ਹੇ ਨਾਵੇਂ ਕੱਟੇ ਗਏ ਸਵਾਰੀ ਜਿਹੜੀ ਦੇ।
ਤਿਆਰ ਹੋਜਾ 'ਬਾਬੂ' ਜੀ ਭਰਿਆ 'ਵਾ ਪੂਰ ਹੈ,
ਦੁੱਖ ਕੀ ਲਿਖੇ ਕਲਮ ਮਜਬੂਰ ਹੈ।

॥ਦੋਹਿਰਾ॥

ਦੁੱਖ ਤਖਲੀਫ਼ਾਂ ਕੱਟਦੀਆਂ, ਪਹੁੰਚ ਜਾਣ ਉਸ ਗਾਮ।
ਗੁਰ ਤਕਰੀਰਾਂ ਕਰ ਰਹੇ, ਲੋਕ ਖੜੋਤੇ ਲਾਮ੍ਹ।

ਔੜਾ ਛੰਦ-3

(1)

ਸਫ਼ਰ ਦੇ ਵਿੱਚ ਘਬਰਾਈਆਂ, ਮਾਈਆ ਤਲਵੰਡੀ ਆਈਆਂ,
ਭਾਰੇ ਦੀਵਾਨ ਸੱਜੇ, ਵਿੱਚ ਤਾਂ ਦਸ਼ਮੇਸ਼ ਗੱਜੇ।
ਰਾਗੀਆਂ ਨੇ ਸ਼ਬਦ ਪੜ੍ਹੇ ਜੀ, ਆਕੇ ਬਹਿਗੀਆਂ, ਚੁਫੇਰੇ ਸੰਗਤਾਂ।
ਖੁਸ਼ੀ ਦੇ ਨਾਲ, ਗੁਰੂ ਨਵੀਆਂ ਚੜ੍ਹੀਂਦੇ ਰੰਗਤਾਂ, ਖੁਸ਼ੀ ਦੇ ਨਾਲ।
ਛੱਡਕੇ ਤੇ ਘਰ ਦੇ ਧੰਦੇ, ਦਰੜੀ ਦੇ ਮਰਦੇ ਬੰਦੇ,
ਲੋਕਾਂ ਨੇ ਘੱਤਲੇ ਘੇਰੇ, ਵੇਖਦੀਆਂ ਚਾਰ-ਚੁਫੇਰੇ।

ਪ੍ਰਸੰਗ
ਦਮਦਮੇ ਦੀ ਦਾਸਤਾਨ

॥ਦੋਹਿਰਾ॥
ਰੋੜੇ ਸਿੱਖ ਜਵਾਹਰ ਸਿਉਂ, ਉਸ ਦੇ ਘਰ ਵਿੱਚ ਰਹਿਣ।
ਗੁਰ ਤਲਵੰਡੀ ਪਹੁੰਚਗੇ, ਆਣ ਮਣੀ ਸਿੰਘ ਕਹਿਣ।

ਛੁਢਾ ਛੰਦ-

(1)
ਸਿੱਖ ਸੁਣ ਚੌਂਕ ਚਾਂਦਨੀ 'ਚੋਂ ਗੱਲ ਜੀ, ਜਾ ਸਣੈਂਦਾ ਮਹਿਲਾਂ ਨੂੰ।
ਗੁਰੂ ਜੀ ਬਠਿੰਡੇ ਦੇ ਇਲਾਕੇ ਵੱਲ ਜੀ, ਚੜ੍ਹੇ ਕਰਨ ਸੈਲਾਂ ਨੂੰ।
ਚੜ੍ਹੀ ਸਟਰੀਮ ਸੀ ਪੜ੍ਹੀ ਗਏ ਚੰਡੀ ਨੂੰ, ਹੋ ਬਥੇਰਾ ਤੰਗ ਗਏ।
ਗੁਰੂ ਤਸ਼ਰੀਫ਼ ਲੈਗੇ ਤਲਵੰਡੀ ਨੂੰ, ਅੱਗੇ ਬਠਿੰਡਿਉਂ ਲੰਘ ਗਏ।

(2)
ਲੱਗ ਜਾਂਦੀ ਅਗਨ ਬੁਝੇ ਨਾ ਤਨ ਦੀ, ਜਦੋਂ ਕਹਾਣੀ ਛੇੜੀ ਦੀ।
ਗੰਗੂ ਲੈ ਗਿਆ ਭਰੀ 'ਵੀ ਖੱਚਰ ਧਨ ਦੀ, ਸੁਣਿਆਂ ਤਰਫ਼ ਖੇੜੀ ਦੀ।
ਨਦੀ ਚੜ੍ਹੀ ਡਰ ਲੱਗਦਾ ਪਖੰਡੀ ਨੂੰ, ਮਾਂ ਨਿਆਣੇ ਸੰਗ ਗਏ।
ਗੁਰੂ ਤਸ਼ਰੀਫ਼ ਲੈਗੇ ਤਲਵੰਡੀ ਨੂੰ, ਅੱਗੇ ਬਠਿੰਡਿਉਂ ਲੰਘ ਗਏ।

(3)
ਪੰਜ ਸੌ ਸਵਾਰਾਂ ਨੇ ਵਛੇਰੇ ਮੋੜਲੇ, ਸੀ ਨਦੀ 'ਚ ਵਾੜਤੇ।
ਵੈਨ ਹਾਫ਼ ਪਾਪਣ ਨਦੀ ਨੇ ਰੋੜ੍ਹਲੇ, ਬਚੇ ਪਠਾਣਾ ਪਾੜਤੇ।
ਕੱਲੇ ਦਸ਼ਮੇਸ਼ ਪਏ ਉਜਾੜ ਡੰਡੀ ਨੂੰ, ਹੋ ਚਮਕੌਰ ਜੰਗ ਗਏ।
ਗੁਰੂ ਤਸ਼ਰੀਫ਼ ਲੈਗੇ ਤਲਵੰਡੀ ਨੂੰ, ਅੱਗੇ ਬਠਿੰਡਿਉਂ ਲੰਘ ਗਏ।

(4)
ਰੱਤ ਦੇ ਧਲਾਟੇ ਪੈਂਦੇ ਉੱਤੇ ਖੁੱਚਦੇ, ਸੀ ਹਮਰੈਤੀ ਭੋਰ ਤੇ।
ਮਾਛੀਵਾੜਿਉਂ ਪੀਰ ਤਾਂ ਬਣਾਕੇ 'ਉਚ' ਦੇ, ਸੀ ਮੋਮਨਾਂ ਨੇ ਤੋਰ ਤੇ।

ਨੀਲਾ ਬਾਣਾ ਕੀਤਾ ਲਾਹ ਪਸ਼ਾਕ ਹੰਢੀ ਨੂੰ, ਤੇ ਬਦਲ ਰੰਗ ਗਏ।
ਗੁਰੂ ਤਸ਼ਰੀਫ਼ ਲੈਗੇ ਤਲਵੰਡੀ ਨੂੰ, ਅੱਗੇ ਬਠਿੰਡਿਉਂ ਲੰਘ ਗਏ।

(5)
ਕੌਰਾਂ ਦਾ ਪਤਾ ਲੈ' ਕੱਲੇ ਰਾਅ ਨਗੀਨੇ ਤੋਂ, ਦੇ ਕ੍ਰਿਪਾਨ ਆੜੀ ਨੂੰ
ਘੋੜੀ ਤੇ ਸ਼ਮੀਰ ਨੇ ਝੜਾਕੇ ਦੀਨੇ ਤੋਂ, ਘਲਾਤੇ ਬਰਗਾੜੀ
ਕੋਟ ਜਾ ਕਪੂਰੇ ਤੇ ਝੜਾਦੂ ਝੰਡੀ ਨੂੰ, ਚਲਾਂ ਬਥੇਰਾ ਢੰਗ ਏ।
ਗੁਰੂ ਤਸ਼ਰੀਫ਼ ਲੈਗੇ ਤਲਵੰਡੀ ਨੂੰ, ਅੱਗੇ ਬਠਿੰਡਿਉਂ ਲੰਘ ਗਏ।

(6)
ਕੋਟੋਂ ਬੀਸ ਮੀਲ ਖਿਦਰਾਣਾ ਛੱਪੜ ਐ, ਵਹਾਂ ਪਠਾਣ ਘੇਰ ਗਏ।
ਮਾਝੇ ਦੇ ਦਲੇਰ ਚਾਲੀ ਜਾਂਦੇ ਅੱਪੜ ਐ, ਰਣਾਂ 'ਚ ਲੱਗ ਢੇਰ ਗਏ।
ਦੱਸੇ ਮਾਝੇ ਵਾਲਿਆਂ ਦੀ ਸਿੱਖੀ ਜੀ ਗੰਢੀ ਨੂੰ, ਲਾ ਵਹਾ ਤੋਂ ਫੰਗ ਗਏ।
ਗੁਰੂ ਤਸ਼ਰੀਫ਼ ਲੈਗੇ ਤਲਵੰਡੀ ਨੂੰ, ਅੱਗੇ ਬਠਿੰਡਿਉਂ ਲੰਘ ਗਏ।

(7)
ਦਸ਼ਮੇਸ਼ ਸੱਚੇ ਦੇ ਮੰਨਣ ਭਾਣੇ ਨੂੰ, ਤੇ ਵਜਾਗੇ ਡੱਬਲ ਐ।
ਪਹੁੰਚ ਕੇ ਬਠਿੰਡਿਉਂ ਕੱਢਿਆ ਦੈਂਤ ਕਾਣੇ ਨੂੰ, ਬਥੇਰਾ ਦੈਂਤ ਸੱਬਲ ਐ।
ਲੈ ਗਿਆ ਵਜ਼ੀਦਾ ਮੋੜ ਫੌਜ ਫੰਡੀ ਨੂੰ, ਮੁੜੇ ਸਰ੍ਹੰਦ ਲੰਗ ਗਏ।
ਗੁਰੂ ਤਸ਼ਰੀਫ਼ ਲੈਗੇ ਤਲਵੰਡੀ ਨੂੰ, ਅੱਗੇ ਬਠਿੰਡਿਉਂ ਲੰਘ ਗਏ।

(8)
'ਬਾਬੂ' ਔਂਦੇ ਰਹਿੰਦੇ ਸੁਫ਼ਨੇ ਵਤਨ ਦੇ, ਤੇ ਨਗਰ 'ਸਾਹੌ' ਜੀ।
ਰਲਕੇ ਤੇ ਮੇਲੇ ਵੇਖੀਏ 'ਰਤਨ' ਦੇ, ਤੇ ਬਠਿੰਡਾ ਗਾਹੌ ਜੀ।
ਦੇਰ ਹੋਗੀ ਪਾਕਿਅਸਤਾਨ ਵੰਡੀ ਨੂੰ, ਪਿਛਾਂਹ ਦੀ ਖ਼ੈਰ ਮੰਗ ਗਏ।
ਗੁਰੂ ਤਸ਼ਰੀਫ਼ ਲੈਗੇ ਤਲਵੰਡੀ ਨੂੰ, ਅੱਗੇ ਬਠਿੰਡਿਉਂ ਲੰਘ ਗਏ।

॥ਦੋਹਿਰਾ॥
ਰਾਤੀਂ ਨੀਂਦਰ ਨਾ ਪਵੇ, ਬੁਰੀ ਮਿਲਣ ਦੀ ਤਾਂਘ।
ਹੋਣ ਰਵਾਨਾ ਸੱਤ ਜਣੇਂ, ਜਦੋਂ ਕੁੱਕੜ ਦੇ ਬਾਗ।

(4)

ਲੱਗੇ ਮੇਘ ਧਰਮ ਦੇ ਬਰਸਨ, ਆਉਣ ਕਰਨ ਚੁਫੇਰਿਉਂ ਦਰਸ਼ਨ,
ਖੁਸ਼ ਕਰਨ ਸੁਣਾ ਕੇ ਪਰਸ਼ਨ, ਦੰਦ ਸੋਹਣੇ ਕਲੀਆਂ ਖਿੜੀਆਂ ਤੋਂ।
ਅੰਮ੍ਰਿਤ ਜਿਹਾ ਛਕਾ ਕੇ ਖੰਡਿਆਂ ਦਾ, ਸਿੰਘ ਬਾਜ਼ ਬਣਾ ਤੇ ਚਿੜੀਆਂ ਤੋਂ,
0 ਰਹਿਣ ਪਾਉਂਟੇ ਗੜ੍ਹ ਸਰਕਾਰਾਂ, ਖਾਰ ਖਾ ਗਈਆਂ ਬਾਈ-ਧਾਰਾਂ,
ਗਈਆਂ ਭੰਗਾਣੀ ਖੜਕ ਤਲਵਾਰਾਂ, ਵੈਰੀ ਇੱਜੜ ਵਾਂਗ ਖਿਲਾਰੇ ਸੀ।
ਹਿੰਦ ਰੁੜ੍ਹਦੀ ਜ਼ੁਲਮ-ਸਮੁੰਦਰ ਮੇਂ, ਲਾਈ ਦਸਮੇਂ ਗੁਰੂ ਕਿਨਾਰੇ ਸੀ।

(5)

ਫੇਰ ਡੇਰਾ ਅਨੰਦ ਪੁਰ ਲਾ ਲਿਆ, ਕਿਲਾ ਵਾਂਗ ਚਿਤੌੜ ਬਣਾ ਲਿਆ,
ਉਹਨਾਂ ਔਰੰਗਜ਼ੇਬ ਚੜ੍ਹਾ ਲਿਆ, ਗੜ੍ਹ ਛੱਡਣਾ ਪੈ ਗਿਆ ਸਤਿਗੁਰ ਨੂੰ।
ਪਾ ਜੱਫੀਆਂ ਪਰਬਤਾਂ ਉੱਚਿਆਂ ਨੂੰ, ਚੱਲੇ ਕਰ ਪਰਨਾਮ ਅਨੰਦਪੁਰ ਨੂੰ।
0 ਪੈਣ ਕਣੀਆਂ ਤੇ ਪੋਹ ਮਹੀਨਾ, ਤੀਜੇ ਪੰਥ ਦਾ ਗੁਰੂ ਨਗੀਨਾ,
ਦੁੱਖ ਝੱਲਦਾ ਡਾਹ ਕਰ ਸੀਨਾ, ਸੁਨੇਂ ਛੱਡ ਗਏ ਮਹਿਲ-ਚੁਬਾਰੇ ਸੀ।
ਹਿੰਦ ਰੁੜ੍ਹਦੀ-ਜ਼ੁਲਮ-ਸਮੁੰਦਰ ਮੇਂ, ਲਾਈ ਦਸਮੇਂ ਗੁਰੂ ਕਿਨਾਰੇ ਸੀ।

(6)

ਇੱਕ ਬੁੱਢਾ ਬ੍ਰਹਿਮਣ ਸੌਤੇ, ਮਾਤਾ ਗੁਜਰੀ ਤੇ ਨਿੱਕੜੇ ਪੋਤੇ,
ਧਨ ਖੱਚਰੀ ਤੇ ਲੱਦ ਖੜ੍ਹੌਤੇ, ਵਿੱਚ ਚਲੇ ਪਏ ਪੈਂਦੀ ਠਾਰੀ ਦੇ।
ਇੱਕ ਸ਼ੀਹਣੀ ਨਰਮ ਬਘੇਰੇ ਦੌ, ਧੱਕੇ ਚੜ੍ਹਨ ਵਜ਼ੀਦ ਸ਼ਿਕਾਰੀ ਦੇ।
0 ਉਹੋ ਹੋਈ ਗੱਲ ਡਰ ਜਿਹੜੀ ਦਾ, ਦਗ਼ੇਬਾਜ਼ ਮੁਹਾਣਾ ਬੇੜੀ ਦਾ,
ਗੰਗਾ ਰਾਮ ਪ੍ਰੋਹਤ ਖੇੜੀ ਦਾ, ਖੇੜੀ ਲੈ ਗਿਆ ਲਾ ਕਰ ਲਾਰੇ ਜੀ।
ਹਿੰਦ ਰੁੜ੍ਹਦੀ ਜ਼ੁਲਮ-ਸਮੁੰਦਰ ਮੇਂ, ਲਾਈ ਦਸਮੇਂ ਗੁਰੂ ਕਿਨਾਰੇ ਜੀ।

(7)

ਸ਼ਾਵਾ ਨੀਲੇ ਦਿਆਂ ਅਸਵਾਰਾ, ਚਮਕੌਰ ਕਰਿਆ ਯੁੱਧ ਭਾਰਾ,
ਚਾਹੜ ਭੇਟ ਅਜੀਤ, ਜੁਝਾਰਾ, ਗੱਲ ਸਿਰੇ ਚੜ੍ਹਾ 'ਤੀ ਹਿੰਡੀਆਂ ਤੈਂ।
ਪਰਵਾਰ ਮਰਾ ਕੇ ਮੁਗ਼ਲਾਂ ਤੋਂ, ਆਜ਼ਾਦ ਕਰਾ ਲਿਆ ਇੰਡੀਆ ਤੈਂ।
0 ਰਹੇ ਮਾਛੀਵਾੜੇ ਆ ਕੇ, ਗ਼ਨੀ-ਨਬੀ ਖ਼ਾਂ ਪਦਾਰਥ ਖੁਆ ਕੇ,
ਕੱਢੇ ਉੱਚੇ ਦੇ ਪੀਰ ਬਣਾ ਕੇ, ਗੁਰ 'ਹੇਰਾਂ' ਤਰਫ਼ ਸਿਧਾਰੇ ਸੀ।
ਹਿੰਦ ਰੁੜ੍ਹਦੀ ਜ਼ੁਲਮ-ਸਮੁੰਦਰ ਮੇਂ, ਲਾਈ ਦਸਮੇਂ ਗੁਰੂ ਕਿਨਾਰੇ ਸੀ।

(8)

'ਦੀਨੇ' ਰਹੇ ਮਹੀਨਾਂ ਪੂਰਾ, ਲੜੇ ਗੁਰੂ ਗੋਬਿੰਦ ਸਿੰਘ ਸੂਰਾ,
ਗੜ੍ਹੀ ਦੇਵੇ ਨਾ, ਰਿਤੇ-ਕਪੂਰਾ, ਠਹਿਰੇ ਜਾ ਖਿਦਰਾਣੇ ਜੁਗਤੀ ਜੀ।
ਅਬ 'ਮੁਕਤੀ ਦਾ ਸਰ' ਕਹਿੰਦੇ ਐ, ਸਿੱਖ ਨ੍ਹਾ ਕਰ ਪਾਉਂਦੇ ਮੁਕਤੀ ਜੀ।
0 ਸਿੱਖੀ ਮਾਝੇ ਦੀ ਟੁੱਟੀ ਗੰਢੀ, ਫੇਰ ਪਹੁੰਚ ਗਏ ਤਲਵੰਡੀ,
'ਬਾਬੂ' ਦੇਗ ਜਾਣ ਸਿੰਘ ਵੰਡੀ, ਮਾਈਆਂ ਪੁੱਛਣ ਨਾ ਦਿਸੇ ਦੁਲਾਰੇ ਸੀ।
ਹਿੰਦ ਰੁੜ੍ਹਦੀ ਜ਼ੁਲਮ-ਸਮੁੰਦਰ ਮੇਂ, ਲਾਈ ਦਸਮੇਂ ਗੁਰੂ ਕਿਨਾਰੇ ਸੀ।

ਗੁਆ ਲੇ ਰਾਹ ਵਿੱਚ ਲਾਲਾਂ ਵਰਗੇ ਚਾਰ ਦੁਲਾਰੇ ਜੀ,
ਇੱਕ ਵੀ ਇੰਝ ਨਾ ਸਤਿਗੁਰ ਦੇ ਅੱਖੀਆਂ 'ਚੋਂ ਜਾ ਪੀ।
ਹਿੱਕ ਨੂੰ ਥਾਪੜ ਕੇ ਤੇ ਬੋਲ ਜੈਕਾਰੇ ਜ਼ੋਰ ਦੀ,
ਚਿੱਟਿਆਂ ਬਾਜਾਂ ਵਾਲੇ ਗੁਰ ਨੇ ਮਾਰੀ ਥਾਪੀ।
ਸਾਰੇ ਲੜਕੇ ਤੇ ਹਮਦਰਦ ਸ਼ਹੀਦੀ ਪਾ ਗੇ ਐ,
ਇਕੋ ਵਾਰੀ ਸਿਰ ਸਖ਼ਤ ਮੁਸੀਬਤ ਆ ਪੀ।
ਤਾਰੇ ਟਮਕਦੇ ਤੇ ਬਾਰਾਂ ਵੱਜਗੇ ਰਾਤ ਦੇ,
ਸੌਂ ਗੀ ਖਿਲਕਤ ਸਾਰੀ ਜਾਂ ਰੋਟੀ ਟੁੱਕ ਖਾਪੀ।
ਵਾਹਣ ਕਛਣੇ ਪੈ ਗੇ ਸੀ ਵਾਂਗੂੰ ਪਟਵਾਰੀ ਦੇ,
ਚਾਲੀ ਕੋਹ-ਸੀ ਧਰਤੀ ਨੰਗੇ ਪੈਰੀਂ ਨਾਪੀ।
ਤੀਰ ਤੇਗਾਂ ਵੱਜੀਆਂ ਮੈਲਾ ਵਗਦਾ ਜ਼ਖ਼ਮਾਂ 'ਚੋਂ,
ਮਖ਼ਮਲ ਵਰਗੇ ਪੈਰਾਂ ਨੂੰ ਚਿੰਬੜ ਜਾਏ ਛਾਪੀ।
ਸੌਂ ਗੇ ਰੇਤੇ ਤੇ ਪਰ ਦੱਬਲੇ ਸਹੁਰੀ ਨੀਂਦਰ ਨੇ,
ਮਹਿਲ ਵਿਛਡ਼ੇ ਕਿਹੜਾ ਕਰ ਦੇ ਮੁੱਠੀ ਚਾਪੀ।
ਸੂਰਜ ਸਿਰ ਤੇ ਆ ਗਿਆ ਨਫ਼ਰ ਜਗਾਵਣ ਆਇਆ ਨਾ,
ਉਠ ਤਲਵੰਡੀ ਪਹੁੰਚਣ ਦਸਮੇਂ ਗੁਰ ਪ੍ਰਤਾਪੀ।
ਕਾਰਨਾਮੇ ਪੜ੍ਹ ਕੇ ਸਤਿਗੁਰ ਸ਼ੇਰ ਬਹਾਦਰ ਦੇ,
'ਰੱਜਬਲੀ' ਸਾਹੋ ਵਾਲੇ ਨੂੰ ਰਚਣੀ ਪੈ ਗਈ ਕਾਪੀ।
ਸੰਤ, ਰੁਲਦੂ ਤੇ ਮੁਖਤਿਆਰ ਕਵੀਸ਼ਰ ਮੋਹਣ ਸਿਉਂ,
ਰਲ ਕੇ ਦੁਆਨਾਂ ਦੇ ਵਿੱਚ ਗੌਂਦੇ ਚਾਰ ਮਿਲਾਪੀ।

ਪ੍ਰਸੰਗ
ਦਸ਼ਮੇਸ਼-ਉਪਕਾਰ

॥ ਦੋਹਿਰਾ ॥
ਕਲਗੀਧਰ ਦਸ਼ਮੇਸ਼ ਨੇ, ਵਾਰ ਵਾਰ ਪਰਵਾਰ।
ਲਾ 'ਤੀ ਭਾਰਤ ਵਰਸ਼ ਦੀ, ਡੁਬਦੀ ਬੇੜੀ ਪਾਰ।

ਤਰਜ਼

(1)

ਲਿਖਾਂ ਨਜ਼ਮ ਮਨਾ ਕੇ ਕਾਦਰ, ਪਿਤਾ ਸੂਰਾ ਤੇਗ਼-ਬਹਾਦਰ,
ਮਾਤਾ ਗੁਜ਼ਰੀ ਧਰਮ ਦੀ ਚਾਦਰ, ਲੈ ਲਿਆ ਜਨਮ ਉਤਾਰਾ ਪਟਨੇ ਐਂ।
ਆਏ ਭਾਰ ਉਤਾਰਨ ਧਰਤੀ ਦਾ, ਆਣ ਮਾਤ ਲੋਕ ਜਸ ਖੱਟਨੇ ਐਂ।
0 ਖਿੜਿਆ ਮਸਤਕ ਫੁੱਲੀਆਂ ਸਰ੍ਹਮਾਂ, ਲੱਕ ਪਤਲਾ, ਸੀਨਾਂ ਭਰਮਾਂ,
ਗੋਲ਼ ਅੱਖ ਵਿੱਚ ਭਰੀਆਂ ਸ਼ਰਮਾਂ, ਮੁੱਖ ਚੰਦ ਚਮਕਾਰੇ ਮਾਰੇ ਸੀ।
ਹਿੰਦ ਰੁੜ੍ਹਦੀ ਜ਼ੁਲਮ-ਸਮੁੰਦਰ ਮੇਂ, ਲਾਈ ਦਸ਼ਮੇਂ ਗੁਰੂ ਕਿਨਾਰੇ ਸੀ।

(2)

ਨੇਕ ਪਰ-ਉਪਕਾਰੀ ਬੀਬਾ, ਡਲ੍ਹੀ ਖੰਡ ਦੀ ਵਰਗੀ ਜੀਭ੍ਰਾ,
ਤੇਰੇ ਲਈ ਲੈ ਲਿਆ ਜਨਮ ਗ਼ਰੀਬਾ, ਦਿਲ ਮੋਹ ਲਿਆ ਦਿਲ ਦੀ ਨਰਮੀ ਨੇ।
ਕਰ ਕਰ ਹਮਰੈਤ ਨਮਾਣਿਆਂ ਦੀ, ਘਰ-ਬਾਰ ਲੁਟਾਉਣਾ ਧਰਮੀ ਨੇ।
0 ਉੱਚੀ ਉੱਤਮ ਕੁੱਲ ਦਾ ਸੋਢੀ, ਕੀਨ੍ਹੇ ਕਰਨੀ ਸਖ਼ਾਵਤ ਓਡੀ,
ਲੰਮੀਂ ਗਰਦਨ ਤੇ ਸਿਉ-ਠੌਡੀ, ਸੋਂਹਦੇ ਸੁਰਖ਼-ਸੁਰਖ਼ ਰੁਖ਼ਸਾਰੇ ਸੀ।
ਹਿੰਦ ਰੁੜ੍ਹਦੀ ਜ਼ੁਲਮ-ਸਮੁੰਦਰ ਮੇਂ, ਲਾਈ ਦਸਮੇਂ ਗੁਰੂ ਕਿਨਾਰੇ ਸੀ।

(3)

ਹੋ ਕੇ ਗੱਭਰੂ ਲੈ ਤੀਰ-ਕਮਾਣਾਂ, ਨੀਲਾ ਕੋਤਲ, ਨੀਲਾ ਬਾਣਾ,
ਕਿਤੇ ਲੜਨ ਸ਼ੇਰ ਲਾਲ ਜਾਣਾ, ਚੜ੍ਹਿਆ ਭਾਰਤ ਦਾ ਰਖਵਾਲਾ ਜੀ।
ਸਜੇ ਬਾਜ਼ ਸ਼ਿਕਾਰੀ ਹੱਥ ਤੇ ਜੀ, ਤਾਹੀਂ ਕਹਿੰਦੇ 'ਬਾਜ਼ਾਂ ਵਾਲਾਂ ਜੀ।
0 ਗਲ੍ਹ ਕੁੜਤੇ ਰੇਸ਼ਮੀ ਫੱਬਦੇ, ਜੋੜੇ ਬਣ-ਬਣ ਉੱਠਦੇ ਪੱਬ ਦੇ,
ਹੀਰੇ ਦਮਕਣ ਕਲਗੀ ਛੱਬ ਦੇ, ਲਾ ਖ਼ੁਸ਼ਬੂ ਕੇਸ ਸੰਵਾਰੇ ਸੀ।
ਹਿੰਦ ਰੁੜ੍ਹਦੀ ਜ਼ੁਲਮ-ਸਮੁੰਦਰ ਮੇਂ, ਲਾਈ ਦਸਮੇਂ ਗੁਰੂ ਕਿਨਾਰੇ ਸੀ।

ਕਲੀ-14

ਗੁਰੂ ਦਾ ਦੁਸ਼ਮਣ ਸੂਬਾ ਲਿਟਦਾ ਫਿਰੇ ਅੰਗਿਆਰਾਂ ਤੇ।
ਆਹ ਨੌਬਤ ਵਜਦੀ ਜੰਗ ਦੀ ਐ।
ਦਲ ਚੜ ਗੇ ਖਾਨ ਵਜ਼ੀਦੇ ਦੇ।
ਮੂੰਹ ਨੂੰ ਲੱਗਿਆ ਲਹੂ ਪਠਾਣਾਂ ਦੇ।

ਮੁਖੜਾ

ਗੁਰ ਦਾ ਦੁਸ਼ਮਣ ਸੂਬਾ ਲਿਟਦਾ ਫਿਰੇ ਅੰਗਿਆਰਾਂ ਤੇ,
ਮਗਰੇ ਚੜ੍ਹਿਆ ਔਂਦਾ ਸੀ ਲਸ਼ਕਰ ਲੈ ਭਾਰੇ।
ਦਸਮੇਂ ਰੋਜ਼ ਚੜ੍ਹ ਕੇ ਉਪੜੇ ਮੁਗਲ ਟਕਾਣੇ ਤੇ,
ਨਾਗਿਆਂ ਵਾਲੀ ਛਪੜੀ ਤੇ ਕਰਦੇ ਉਤਾਰੇ।
ਵੱਡੇ ਕੌਰ ਦੋ ਚਮਕੌਰ ਸ਼ਹੀਦੀ ਪਾ ਗੇ ਸੀ,
ਮੁਸ਼ਕਲ ਗਿਣਨੇ ਹੋ ਗੇ ਜਿਹੜੇ ਜ਼ੁਲਮ ਗੁਜ਼ਾਰੇ।
ਮਗਰੇ ਲੱਗਿਆ ਔਂਦਾ ਪਾਪੀ ਮਗਰੋਂ ਲਹਿੰਦਾ ਨਾ,
ਕੰਧੀ ਚਿਣਕੇ ਆ ਗਿਆ ਛੋਟੇ ਨਰਮ ਦੁਲਾਰੇ।
ਤੰਬੂ ਸਤਿਗੁਰ ਦੇ ਖਿਦਰਾਣੇ ਵਾਲੀ ਢਾਬ ਤੇ,
ਨੇੜੇ ਆ ਕੇ ਮੁਗਲਾਂ ਦੇ ਵਜਦੇ ਲਲਕਾਰੇ।
ਉਸੇ ਵੇਲੇ ਡੱਗਾ ਲੱਗ ਗਿਆ ਸੀ ਰਣਜੀਤ ਤੇ,
ਸ਼ਸਤਰ ਪਹਿਨਣ ਲੱਗ ਗੇ ਸ਼ੇਰ ਬਹਾਦਰ ਸਾਰੇ।
ਏਧਰ ਨਾਚ ਕਰਦਾ ਫਿਰਦਾ ਜੱਥਾ ਖਾਨਾਂ ਦਾ,
ਦੂਜੀ ਤਰਫ਼ੋਂ ਚੜ੍ਹ ਗੇ ਸੀ ਹਿੰਦ ਦੇ ਸਤਾਰੇ।
ਲਾਲ ਵਾਂਗੂ ਦੂਰੋਂ ਮਸਤਕ ਦਗ ਦਗ ਕਰਦਾ ਹੈ,
ਚੜ੍ਹਦੇ ਸੂਰਜ ਵਾਂਗੂੰ ਸੀ ਪੈਂਦੇ ਚਮਕਾਰੇ।
ਗੱਭਰੂ ਮਾਝੇ ਦੇ ਆ ਨਿਕਲੇ ਕਿਤੋਂ ਅਚਾਨਕੀ,
ਅੱਗੇ ਵਧਦੇ ਔਂਦੇ ਬੋਲਦੇ ਜੈਕਾਰੇ।
ਧੂਹ ਕਰਪਾਨਾਂ ਨੂੰ ਆ ਵੜੇ ਗੇ ਬੀਚ ਪਠਾਣਾਂ ਦੇ
ਇੱਕ ਇੱਕ ਚਿਤਰੇ ਨੇ ਦਸ ਪਾੜਤੇ ਛਕਾਰੇ।
ਉੱਚੇ ਟਿੱਬਿਆਂ ਦੇ ਵਿੱਚ ਤੁੰਬੇ ਉਡਦੇ ਮਾਸ ਦੇ,
ਦੋ ਦੋ ਡੱਕਰੇ ਕਰ ਕੇ ਰੇਤ ਤੇ ਖਲਾਰੇ।
ਮਾਝਾ ਕੁਤਬ ਨੂੰ ਤੇ ਛਿਪਦੇ ਰੁੱਖ ਨੂੰ ਮਾਲਵਾ,
ਸਤਗੁਰ ਖੜਕੇ ਲੈਂਦੇ ਸੀ ਜੰਗ ਦੇ ਨਜ਼ਾਰੇ।
ਮੁੜ੍ਹਕੋ ਮੁੜ੍ਹਕੀ ਹੋ ਕੇ ਆ ਗਿਆ ਜੋਸ਼ ਸਰੀਰਾਂ ਨੂੰ,
ਤਿੰਨ ਤਿੰਨ ਮੀਲ ਸੁਣਦੇ ਸੀ ਵੱਜਦੇ ਫੁੰਕਾਰੇ।
ਕਟ ਕਟ ਖ਼ਾਨਾਂ ਨੂੰ ਆ ਲੋਥ ਚੜ੍ਹਾਤੀ ਲੋਥ ਤੇ,

ਵੱਢ ਵੱਢ ਗਿੱਲੀ ਮੱਕੀ ਨੂੰ ਲਾ ਤੇ ਮੁਹਾਰੇ।
ਅਗਲੇ ਪਿਛਲੇ ਗੁਰ ਦੇ ਸਰਬ ਉਲਾਂਭੇ ਲਾਹਤੇ ਐ,
ਲੜਦੇ ਲੜਦੇ ਚੜ੍ਹ ਗੇ ਸੀ ਮੌਤ ਦੇ ਖਾਰੇ।
ਦਲ ਵਿੱਚ ਵੜੇ ਕੇ ਤੇ ਪਟਮੇਲੀ ਲਿਆ ਤੀ ਜੁਆਨਾਂ ਨੇ,
ਆਹ ਨਾ ਕੋਹਰ ਮਾਵਾਂ ਨੇ ਜੰਮਣੇ ਦੁਬਾਰੇ।
ਜ਼ਖਮੀ ਮਹਾਂ ਸਿਉਂ ਤੇ ਸੀ ਦਸਮੇਂ ਗੁਰ ਪਹੁੰਚ ਗੇ,
ਅੱਖੀਉਂ ਆਂਸੂ ਡੁਲ੍ਹਕੇ ਸੀ ਭਿਜਗੇ ਰੁਖਸਾਰੇ।
ਜੇਹੜੀ ਚਿੱਠੀ ਲਿਖ ਕੇ ਸੀ ਦੇ ਗੇ ਵੇਦਾਵੇ ਦੀ,
ਹੱਥੀਂ ਪਾੜ ਦੇਣੀ ਤੂੰ ਸੱਚੀਏ ਸਰਕਾਰੇ।
ਔਗੁਣ ਬਖਸ਼ ਲੈ ਤੂੰ ਫੇਰ ਲਕੀਰ ਗੁਨਾਹਾਂ ਤੇ,
ਬੇੜੀ ਮਾਝੇ ਵਾਲਿਆਂ ਦੀ ਲਾ ਦਿਉ ਕਿਨਾਰੇ।
''ਬਾਬੂ'' ਮੇਹਰਬਾਨਾਂ ਨੇ ਫੇਰਿਆ ਹੱਥ ਮੇਹਿਰ ਦਾ,
ਗੰਢਗੇ ਟੁੱਟੀਆਂ ਸਿੱਖੀਆਂ ਨੂੰ ਗੁਰ ਜੀ ਹਮਾਰੇ।

ਕਲੀ-15

ਵੱਲ ਖਿਦਰਾਣੇ ਦੇ ਜੰਗ ਭਿਆਨਕ ਹੁੰਦਾ ਵੇਖ ਕੇ।
ਸਿੱਖ ਲੜਦੇ ਨਾਲ ਪਠਾਣਾਂ ਦੇ।
ਫੜ ਲੋਥ ਚੜ੍ਹਾਤੀ ਲੋਥ ਤੇ।
ਪਰ ਹੂੰਗੇ ਵਜਦੇ ਫਟੜਾਂ ਦੇ।

ਮੁਖੜਾ

ਵੱਲ ਖਿਦਰਾਣੇ ਦੇ ਜੰਗ ਭਿਆਨਕ ਹੁੰਦਾ ਵੇਖ ਕੇ,
ਹੂੰਗੇ ਵਜਦੇ ਲੋਕੀਂ ਨਾ ਓਧਰਲੇ ਰਾਹ ਪੀ।
ਬਾਣ ਪਾ ਲੇ ਗੱਭਰੂਆਂ ਭੱਥਿਆ ਵਿੱਚ ਮੋੜ ਕੇ,
ਸ਼ਸਤਰ ਸਾਂਭਣ ਲੱਗ ਗੇ ਪੈਗੀ ਆਪੋ ਧਾਪੀ।
ਖੂੰਨੀ ਟਿੱਬਿਆਂ ਦੇ ਵਿੱਚ ਖਾਲੇ ਚੱਲਗੇ ਖ਼ੂਨ ਦੇ,
ਭਾਜੜ ਪੈ ਗੀ ਮੁਗ਼ਲਾਂ ਨੂੰ ਸੀ ਤਰਾਪੀ।
ਸੌ ਸੌ ਖ਼ਾਨ ਡੇਗੇ ਸੀ ਵੀਹ ਵੀਹ ਮਲਵਈਆਂ ਨੇ,
ਪਿਛਲੇ ਪੈਰੀਂ ਮੁੜ ਗਿਆ ਖ਼ਾਨ ਵਜ਼ੀਦਾ ਪਾਪੀ।
ਲੜਦੇ ਭਿੜਦੇ ਦੁਸ਼ਮਣ ਲੰਘ ਗੇ ਰਾਮੇਆਣੇ ਤੋਂ,
ਚੱਲੀਆਂ ਖਿਸਕ ਸਰਾਲਾਂ ਸੀ ਜੁਆਨਾਂ ਦੇ ਸ੍ਰਾਪੀ।
ਕਿਸੇ ਵੇਲੇ ਵੀ ਨਾ ਔਂਦਾ ਤਰਸ ਪਠਾਣਾਂ ਨੂੰ,
ਐਸੀ ਜ਼ਾਲਮ ਕਾਬਲੀਆਂ ਜਿਆਂ ਨਾਲ ਵਾਹਪੀ।

ਕਦਰ ਲਾਲ ਦੀ ਪਰ ਜੌਹਰੀ ਬੱਚੇ ਜਾਣਦੇ,
ਮੇਰਾ ਬਚਨ ਮੌੜਤਾ ਸਮਝ ਕੇ ਤੇ ਹਾਸੀ।
ਮੇਰੀ ਮਰਜ਼ੀ ਸੀ ਬਣਾ ਦਿਆਂ ਰਿਆਸਤ ਦੀਨੇ ਦੀ,
ਰਾਜੇ ਬਣਦੇ-ਬਣਦੇ ਰਹਿ ਗੇ ਐਂ ਜੱਟ ਰਾ ਸੀ।
ਤਲੀਆਂ ਮਲਣ ਲੱਗ ਗੀ ਸੁਣ ਕੇ ਸੰਗਤ ਲਾਹਮਾਂ ਦੀ,
ਜਾਰੋਂ ਜਾਰ ਰੋਂਦੇ ਸੀ ਦੀਨੇ ਦੇ ਵਾਸੀ।
ਕੜਛੇ ਕਿਸਮਤ ਦੇ ਪਰ ਮਿਲਦੇ ਕਰਮਾਂ ਵਾਲਿਆਂ ਨੂੰ,
ਚੁੱਪਾਂ ਵੱਟੀਆਂ ਵੱਜੀ ਜਿਉਂ ਗਲ਼ਮੇਂ ਗੰਡਾਸੀ।
ਸੱਚੇ ਸਤਿਗੁਰ ਮੁੜ ਮੁੜ ਸ਼ਰਮਾਂ ਦੇਣ ਸ਼ਮੀਰ ਨੂੰ,
ਐਸੇ ਚੰਦਰੇ ਮਾਮੇ ਨੂੰ ਲਟਕਾਓ ਫਾਂਸੀ।
ਰਾਜਾ ਬਣ ਕੇ ਸੀ ਤੂੰ ਕਰਨਾ ਰਾਜ ਭਰਾਵਾਂ ਮੇਂ,
ਨਗਰ ਹੁੰਦੇ ਰਿਆਸਤ ਦੇ ਇੱਕ ਸੌ ਪਚਾਸੀ।
ਹੱਥ ਤਾਂ ਜੋੜ ਕੇ ਸ਼ਮੀਰ ਕਦਮੀ ਲੱਗ ਗਿਆ,
ਗੌਰਖ ਧੰਦੇ ਜੇ ਤੋਂ ਮਿਲ ਜੇ ਖਾਂ ਖਲਾਸੀ।
ਸੱਚੇ ਸਤਿਗੁਰ ਨੇ ਦਰਖਾਸ਼ਤ ਮੰਨ ਲੀ ਓਸ ਦੀ,
ਮੌਮ ਵਾਂਗੂੰ ਢਲ ਗਿਆ ਤੇ ਕੱਟਤੀ ਚੁਰਾਸੀ।
ਭਾਈ ਰੂਪੇ ਦੀ ਔਲਾਦ ਸਾਰੀ ਤਾਰੀ ਐ,
ਸੇਵਾ ਕਰਦੀ ਆ ਕੇ ਦਰਸ਼ਨ ਦੀ ਪਿਆਸੀ।
ਲੱਖੂ ਵਾਂਗੂ 'ਬਾਬੂ' ਜਿਹੜਾ ਨਿੰਦਕ ਗੁਰੂਆਂ ਦਾ,
ਕੁੱਤੇ ਵਾਂਗੂ ਮਰਜੂ ਭੌਂਕਦਾ ਮਰਾਸੀ।

ਤੋੜਾ

ਜੋ ਨਿੰਦਕ ਹਨ ਗੁਰੂ ਘਰ ਦੇ ਜੀ।
ਨਾ ਜ਼ੁਲਮ ਕਰਨ ਤੋਂ ਡਰਦੇ ਜੀ।
ਸਤਿਆ ਤਾਰ ਜੂ।
ਮੇਰੀ ਹੂ ਜੀ ਤੇਰੇ ਸੇਵਕ ਦੀ ਹੂ ਜੀ।

ਕਲੀ-13

ਕੌਟਕਪੂਰੇ ਦੁਆਨ ਸਜ ਗਿਆ ਬਾਜ਼ਾਂ ਵਾਲੇ ਦਾ।
ਤੀਆ ਪੰਥ ਚਲਾਵਣ ਆਇਆ ਜੀ।
ਰੱਜ ਦਰਸ਼ਣ ਕਰਲੋ ਸਤਿਗੁਰ ਦਾ।
ਦਿਲ ਮੌਂਹਦਾ ਪੜ੍ਹ ਪੜ੍ਹ ਸ਼ਬਦਾਂ ਨੂੰ।

ਮੁਖੜਾ

ਕੌਟਕਪੂਰੇ ਦੁਆਨ ਸਜ ਗਿਆ ਬਾਜ਼ਾਂ ਵਾਲੇ ਦਾ,
ਦਰਸ਼ਨ ਦੇਵੇ ਸੰਗਤਾਂ ਨੂੰ ਬਹਿ ਕੇ ਗੁਰ ਸੋਹਣਾ।
ਦੂਰੋਂ ਦੂਰੋਂ ਆ ਗੀ ਖਿਲਕਤ ਮਰਦੀ ਦਰੜੀ ਦੀ,
ਸ਼ਬਦ ਪੜ੍ਹ ਕੇ ਮਨ ਨੂੰ ਖਿਚ ਲੇ ਮਨਮੋਹਣਾ।
ਕਰਦਾ ਚਿਤ ਮੈਂ ਬੂਝਾ ਪੱਟ ਦਿਆਂ ਜੱਗ 'ਚੋਂ ਪਾਪ ਦਾ,
ਓਹਦੇ ਥਾਂ ਤੇ ਬਿਰਛ ਧਰਮ ਦਾ ਹੈ ਬੋਣਾ।
ਸਾਫ਼ ਹਿਰਦਿਆਂ ਉਤੇ ਚੜ੍ਹੀ ਜੰਗਾਲ ਫ਼ਰੇਬ ਦੀ,
ਬਹਿ ਕੇ ਧੋ ਲੋ ਜਿਸ ਨੇ ਮੈਲਾ ਅੰਦਰ ਧੋਣਾ।
ਲੜਨ ਵਾਸਤੇ ਫਿਰ ਮੰਗਦੇ ਗੜੀ ਕਪੂਰੇ ਤੋਂ,
ਸ਼ਸਤਰ ਰੱਖਣੇ ਏਥੇ ਰਾਸਣ ਹੈ ਕੁਝ ਢੋਣਾ।
ਮਗਰੇ ਲੱਗੀ ਫਿਰਦੀ ਮੇਰੇ ਫੌਜ ਪਠਾਣਾਂ ਦੀ,
ਕਿਸੇ ਥਾਂ ਨਾ ਮਿਲਦਾ ਪਲ ਭਰ ਵੀ ਖੜੋਣਾ।
ਜਿਤਨੇ ਕਿਲੇ ਬਣ ਗੇ ਬਣਗੇ ਜੁਧ ਦੇ ਵਾਸਤੇ,
ਸਾਡੇ ਸਾਕੇ ਵੇਖੀਂ ਹੈ ਤੈਂ ਕੀ ਗੜ੍ਹ ਚੌਣਾ।
ਅਗਨਬਾਣ ਜਦੋਂ ਚੱਲ ਗੇ ਅਰਜਣ ਜੋਧੇ ਦੇ,
ਵਾਪਸ ਫੌਜ ਲੈ ਕੇ ਮੁੜ ਜੂਗਾ ਦਰੋਣਾ।
ਕਹੇ ਕਪੂਰਾ ਗੁਰ ਨੂੰ ਆਪ ਉਜੜਿਆ ਫਿਰਦਾ ਤੂੰ,
ਮੈਨੂੰ ਪੱਟਣ ਆ ਗਿਆ ਕੀ ਓਨ੍ਹਾਂ ਦਾ ਖੋਹਣਾ।
ਮੇਰਾ ਦੁਸ਼ਮਣ ਜਿਹੜਾ ਦੁਸ਼ਮਣ ਔਰੰਗਜੇਬ ਦਾ,
ਮੈਂ ਨਾ ਦੁਸ਼ਮਣ ਉਹਦਾ ਹੈ ਘਰ ਮੈਂ ਲਕੋਣਾ।
ਗੁਰ ਜੀ ਸਮਝ ਗਏ ਇਹ ਕੌੜੇ ਤੁੰਮੇ ਤੋੜਦਾ,
ਚਾਲੇ ਪਾ ਗਏ ਮਾਰਿਆ ਹੈ ਵਗਦਾ ਜਿਆ ਟੋਣਾ।
ਗੱਲ ਤਾਂ ਸ਼ਾਇਰ ਨੂੰ ਵਧੌਣੀ ਘਟੌਣੀ ਆਉਂਦੀ ਹੈ,
'ਬਾਬੂ' ਮੁਕਦੀ ਕਰਤੀ ਮੈਂ ਮੁਕਤਸਰ ਜੰਗ ਹੋਣਾ।

ਤੋੜਾ

ਲਿਆ ਵੇਖ ਕਪੂਰਾ ਟੋਹ ਕੇ ਜੀ।
ਗਏ ਰਾਮੇਆਣੇ ਹੌ ਕੇ ਜੀ।
ਖਿਦਰਾਣੇ ਖਾਬ ਖੜੋ ਕੇ ਜੀ।
ਜੁੱਧ ਕਰਨਾ ਲਸ਼ਕਰ ਢੋ ਕੇ ਜੀ।
ਸਤਿਆ ਤਾਰ ਜੂ, ਮੇਰੀ ਹੂ ਜੀ।
ਤੇਰੇ ਸੇਵਕ ਦੀ ਹੂ ਜੀ।

ਤੇਰੇ ਵਰਗਾ ਹੋਣਾ ਨਾ ਕਿਸੇ ਦਾ ਜੇਰਾ।
ਰੀਝਾਂ ਲਾ ਲਾ ਕੇ ਤੈਂ ਸੇਵਾ ਮੇਰੀ ਕਰਲੀ ਐ,
ਮੈਨੂੰ ਪੁੱਤਰਾਂ ਨਾਲੋਂ ਹੌਂਸਲਾ ਵਧੇਰਾ।
ਚੰਗੀ ਕਿਸਮਤ ਤੇਰੀ ਮਾਲਕ ਬਣ ਜਾ ਰਿਆਸਤ ਦਾ,
ਖੁਦ ਮੁਖਤਿਆਰ ਬਣ ਜਾ ਤੂੰ ਵੱਡਿਆ ਦਲੇਰਾ।
ਮੁੜ ਮੁੜ ਸਤਿਗੁਰ ਬਾਬੂ ਥਾਪੀ ਦੇਣ ਸ਼ਮੀਰ ਨੂੰ,
ਮੈਨੂੰ ਰਾਜੀ ਕਰ ਲਿਆ ਤੈਂ ਜੋਧ ਦਿਆ ਸ਼ੇਰਾ।

ਤੋੜਾ

ਤੂੰ ਤੁਰਤ ਕਸਾ ਲੈ ਘੋੜੇ ਨੂੰ।
ਉੱਤੇ ਚੜ ਜਾ ਮਾਰ ਮਰੋੜੇ ਨੂੰ।
ਨਾ ਰੋਕੀਂ ਇਕ ਮੁਠ ਛੋੜੇ ਨੂੰ।
ਦਿਨ ਛਿਪਦੇ ਮਾਰੀ ਮੋੜੇ ਨੂੰ।
ਸਤਿਆ ਤਾਰ ਜੂ, ਮੇਰੀ ਹੂ ਜੀ।
ਸੰਗਤੇ ਵਸਦੀ ਰਹਿ ਤੂੰ ਜੀ।

ਕਲੀ-11

ਮਾਮਾ ਲੱਖੂ ਜੇੜਾ ਪੱਟਿਆ ਸਤਿਗੁਰ ਸੱਚੇ ਦਾ,
ਕਰੇ ਨਿੰਦਿਆ ਬਾਜਾਂ ਵਾਲੇ ਦੀ।
ਪਰ ਬੈਠੀ ਬੇੜੀ ਵਾਲਾ ਜੀ।
ਝੱਟ ਬਣਿਆਂ ਕੰਮ ਵਿਗਾੜ ਦਾ।

ਮੁਖੜਾ

ਮਾਮਾ ਲੱਖੂ ਜਿਹੜਾ ਪੱਟਿਆ ਸਤਿਗੁਰ ਸੱਚੇ ਦਾ,
ਸਿਖਸ਼ਾ ਦੇ ਤੀ ਚੰਦਰੇ ਮਾਮੇ ਨੇ ਸੀ ਮਾੜੀ।
ਥਰਨ ਥਰਨ ਧਰਤੀ ਕੰਬਦੀ ਔਰੰਗਜੇਬ ਤੋਂ,
ਜਿਸ ਦਾ ਦੁਸ਼ਮਣ ਫਿਰਦਾ ਤੂੰ ਮਹਿਲਾਂ ਤੇ ਚਾੜ੍ਹੀ।
ਉਜੜਿਆ ਫਿਰਦਾ ਥਾਂ ਨਾ ਥਿਆਉਂਦਾ ਸੀਸ ਲਕੌਣੇ ਨੂੰ,
ਏਥੇ ਵੈਰਨ ਗੁਰ ਦੀ ਹੈ ਝਾੜੀ ਤੇ ਝਾੜੀ।
ਕੰਧੀ ਚਿਣਤੇ ਬਚੜੇ ਐਨੀ ਸ਼ਕਤੀ ਵਾਲੇ ਦੇ,
ਤੈਨੂੰ ਬੰਨ੍ਹੇ ਲਾ ਦੂ ਕੀ ਐਹੋ ਜਿਆ ਆੜੀ।
ਗੜ੍ਹ ਚਮਕੌਰ ਮੇਂ ਲੜ ਲੌਥ ਚੜ੍ਹਾਤੀ ਲੌਥ ਤੇ,
ਘੇਰਾ ਪਾ ਕੇ ਫੌਜ ਪੈਰਾਂ ਹੇਠ ਲਿਤਾੜੀ।
ਤੇਰੇ ਦੀਨੇ ਦੇ ਵਿੱਚ ਇਹਨੇ ਕਿੱਲੇ ਗੱਡਣੇ ਨੀ,

ਡੇਰਾ ਪੱਟ ਜੂ ਅੱਗੇ ਨੂੰ ਕੱਟ ਕੇ ਤੇ ਦਿਹਾੜੀ।
ਇਹਨੇ ਭੱਜਣਾ ਸ਼ਾਹ ਨੇ ਵੈਰੀ ਮੰਗਣਾ ਵੈਰੀਆ,
ਸਾਰੇ ਪਿੰਡ ਦੇ ਸਿਰ ਤੇ ਧਰ ਦੂਗਾ ਕੁਹਾੜੀ।
ਸੁਕਣਾ ਪਾ ਦੂ ਤੈਨੂੰ ਗੁਰੂ ਦਿਆ ਹਮੈਤੀਆ,
ਤੇਰੇ ਵਰਗੇ ਤਿੜ ਤਿੜ ਕੇ ਮਰਦੇ ਅਨਾੜੀ।
ਹਿੰਦੂ ਮੋਮਣ ਏਹ ਤੇ ਲਗਦੇ ਵਾਂਗ ਤੇਜਾਬ ਦੇ,
ਜਿਦ ਨਾ ਛੱਡਦਾ ਜਾਂਦਾ ਸਭਨਾਂ ਨਾਲ ਵਗਾੜੀ।
ਰੱਤ ਦੇ ਧਿਆਏ ਤੇ ਹੱਥ ਧੋ ਕੇ ਮਗਰੇ ਲਗ ਗੇ ਐ,
ਔਰੰਗਜੇਬ ਤੇ ਬਾਈ ਧਾਰ ਦੇ ਪਹਾੜੀ।
ਦੁੱਲੇ ਵਾਂਗੂੰ ਨਾ ਜੇ ਪਿੰਡੀ ਢਾਈ ਮੁਗਲਾਂ ਨੇ,
ਕੈਂਚੀ ਫੜ ਕੇ ਮੁੰਨ ਦੀ ਤੂੰ ਲੱਖੂ ਦੀ ਦਾੜੀ।
ਮਾਮੇ ਕੜਮੇਂ ਜੇ ਨੇ ਬਾਬੂ ਢਾਹ ਤਾ ਹੌਂਸਲਾ,
ਗੇੜੇ ਦੇ ਕੇ ਪਿੰਡ ਤੋਂ ਦੀ ਮੁੜਿਆ ਪਛਾੜੀ।

ਤੋੜਾ

ਗੱਲ ਉਲਟ ਪੜ੍ਹਾ ਕੇ ਮੋੜੇ ਜੀ।
ਲੱਖ ਵਾਧੇ ਘਾਟੇ ਜੋੜੇ ਜੀ।
ਛੱਕੀ ਕਰਤਾ ਮਾਰ ਮਰੋੜੇ ਜੀ,
ਬੰਨੇ ਲੱਗਆ ਬੇੜਾ ਰੋੜ੍ਹੇ ਜੀ।
ਸਤਿਆ ਤਾਰ ਜੂ, ਮੇਰੀ ਹੂ।
ਲੈ ਤੇਰੇ ਸੇਵਕ ਦੀ ਹੂ ਜੀ।

ਕਲੀ-12

ਉਤਰ ਕੌਤਲ ਤੋਂ ਦਸਮੇਸ਼ ਕੌਲੇ ਆ ਗਿਆ ਸੀ,
ਤੇ ਕਦਮ ਅਗਾਂਹ ਨਾ ਚੱਕੀ ਦਾ।
ਜੁਆਨ ਬੁਝਿਆ ਵਾਂਗ ਮਿਸਾਲ ਦੇ।
ਦਿਲ ਟੁੱਟ ਗਿਆ ਢਹਿ ਗਿਆ ਹੌਂਸਲਾ।

ਮੁਖੜਾ

ਉਤਰ ਕੌਤਲ ਤੋਂ ਦਸ਼ਮੇਸ਼ ਕੌਲੇ ਆ ਗਿਆ ਸੀ,
ਨੀਵੀਂ ਪਾ ਗਿਆ ਛਾ ਗੀ ਮੂੰਹ ਤੇ ਉਦਾਸੀ।
ਸਤਿਗੁਰ ਕਹਿੰਦੇ ਆਖੇ ਲੱਗ ਗਿਆ ਚੰਦਰੇ ਮਾਮੇ ਦੇ,
ਤੇਰੇ ਉੱਤੇ ਕਮਲਿਆ ਕੀ ਓਹਦਾ ਦਬਾ ਸੀ।

ਮੁਖੜਾ

ਪੋਤਿਆਂ ਜੋਧ ਦਿਆ ਲਖ਼ਮੀਰ ਸ਼ਮੀਰ ਹੋਰਾਂ ਨੇ,
ਕਾਂਗੜ ਵਿੱਚੋਂ ਉਠ ਕੇ ਬੰਨ ਲਿਆ ਪਿੰਡ ਦੀਨਾ।
ਖੁੱਲ੍ਹੀਆਂ ਰੋਹੀਆਂ ਦੇ ਵਿੱਚ ਮਾਹੀ ਮੰਗੂ ਚਾਰਦੇ,
ਲੱਕ ਲੱਕ ਧਾਮਣ ਵਧਦਾ ਤੇ ਵਧੀਆ ਜ਼ਮੀਨਾਂ।
ਧੋਰੀਂ ਵਾਹੁਣ ਨੂੰ ਘਰ ਮੱਝੀਆਂ ਗਾਈਆਂ ਚੋਣ ਨੂੰ,
ਥਾਨੀਂ ਹਿਣਕਣ ਖੜੀਆਂ ਬਈ ਭਿੱਖੀਆਂ ਮਦੀਨਾਂ।
ਉਚੇ ਮਹਿਲ ਚੋਟੀ ਖਹਿੰਦੀ ਨਾਲ ਅਕਾਸ਼ ਦੇ,
ਕਲਰ ਵਾਸ਼ ਕਰਤੇ ਅੰਦਰ ਤੋਂ ਸੁਕੀਨਾ।
ਰਾਏ ਕਲੇ ਨੂੰ ਤਲਵਾਰ ਹੱਥ ਦੀ ਬਖਸ਼ ਕੇ,
ਫਿਰਦਾ ਤੁਰਦਾ ਆ ਗਿਆ ਗੁਰੂ ਜੀ ਨਗੀਨਾ।
ਪਕੜ ਵਾਂਗ ਦੋਵੇਂ ਚਿੰਬੜ ਜਾਂਦੇ ਚਰਨਾਂ ਨੂੰ,
ਸਤਿਗੁਰ ਰਾਜ਼ੀ ਹੋ ਗੇ ਵੇਖ ਕੇ ਯਕੀਨਾਂ।
ਆਇਆ ਲੜ ਚਮਕੌਰੋਂ ਮੈਂ ਤਾਂ ਮੁਗ਼ਲ ਪਠਾਣਾਂ ਸੇ,
ਮਗਰੇ ਤੁਰਿਆ ਔਂਦਾ ਹੈ ਸੂਬਾ ਕਮੀਨਾ।
ਬੜੇ ਸਾਹਿਬਜ਼ਾਦੇ ਭੇਟ ਚੜ੍ਹਾਤੇ ਪੰਥ ਦੀ,
ਹਿੱਕ ਵਿੱਚ ਝੱਲੀਆਂ ਦੋਂਹ ਨੇ ਭਿੱਖੀਆਂ ਸੰਗੀਨਾ।
ਮੁਸ਼ਕਲ ਲੰਘਣਾ ਹੋ ਗਿਆ ਸਰਸਾ ਚੜਗੀ ਜ਼ੋਰ ਦੀ,
ਨਰਮ ਦੁਲਾਰੇ ਵਲ ਕੇ ਲੈ ਗਿਆ ਗੰਗੂ ਫੀਨਾ।
ਖੋਟੇ ਬਾਹਮਣ ਨੇ ਸੀ ਅੰਦਰ ਜਾ ਕੇ ਤਾੜਤੇ,
ਭਰੀ ਖੁਰਜੀ ਮੋਹਰਾਂ ਦੀ ਲੁਟ ਲਿਆ ਖਜ਼ੀਨਾ।
ਪੁਲਸ ਫੜ ਕੇ ਲੈ ਗੀ ਚਿਣਤੇ ਬੀਚ ਦੀਵਾਰਾਂ ਦੇ,
ਸੁਣ ਕੇ ਤਾੜ ਤੜ ਮੱਚਿਆ ਸੀ ਦੋਹਾਂ ਦਾ ਸੀਨਾ।
ਮਾਸ ਪੁਰਜਾ ਪੁਰਜਾ ਜੇ ਉਡ ਜੇ ਵਜੂਦਾਂ ਦਾ,
ਮੈਂ ਨਾ ਮੰਨਦਾ ਪਾਜੀ ਮਗ਼ਲਾਂ ਦੀਆਂ ਈਨਾਂ।
ਸੱਚੇ ਸੇਵਕ ਮੇਰੇ ਬਦਲਾ ਲੈ ਲੋ ਦੁਸ਼ਮਣ ਤੋਂ,
ਐਵੇਂ ਸਾਡਾ ਧਿਰਗ ਜੱਗ ਦੇ ਵਿੱਚ ਜੀਣਾ।
ਥਾਪੜ ਛਾਤੀ ਦੋਵੇਂ ਕਹਿੰਦੇ ਸੀ ਰੱਤ ਡੋਲਾਂਗੇ,
ਜਿੱਥੇ ਗਿਰ ਗਿਆ ਬਾਜ਼ਾਂ ਵਾਲੇ ਦਾ ਪਸੀਨਾ।
ਦਿਲੋਂ ਲਾ ਕੇ 'ਬਾਬੂ' ਸੇਵਾ ਕਰਦੇ ਸਤਿਗੁਰ ਦੀ,
ਜ਼ਖ਼ਮ ਰਾਜ਼ੀ ਲੰਘ ਗਿਆ ਸੁਖ ਦਾ ਮਹੀਨਾ।

ਤੋੜਾ

ਬਹੁਤ ਮਿਲਣ ਆਉਂਦੀਆਂ ਸੰਗਤਾਂ ਜੀ।
ਫਿਰ ਲੱਗਣ ਲੱਗ ਗੀਆਂ ਪੰਗਤਾਂ ਜੀ।
ਜਾ ਕਰਨ ਮੁਕਤਸਰ ਜੰਗਤਾਂ ਜੀ।
ਆਏ ਭਰਨ ਕਵੀਸ਼ਰ ਰੰਗਤਾਂ ਜੀ।
ਸਤਿਆ ਤਾਰ ਜੂ, ਮੇਰੀ ਹੂ ਜੀ।
ਤੇਰੇ ਸੇਵਕ ਦੀ ਹੂ ਜੀ।

ਕਲੀ-10

ਓਸ ਵੇਲੇ ਦੀ ਮੈਂ ਬਾਤ ਸੁਣਾ ਦਿਆਂ ਸਾਰਿਆਂ ਨੂੰ,
ਗੱਲ ਸੁਣਨੇ ਵਾਲੀ ਸਿਆਣਿਆਂ ਦੀ।
ਮੈਂ ਝੂਠ ਕਦੇ ਨੀ ਬੋਲਦਾ।
ਪਰ ਕੂਕਾਂ ਕਿਸੇ ਵਕਤ ਦੀਆਂ।

ਮੁਖੜਾ

ਓਸ ਵੇਲੇ ਦੀ ਮੈਂ ਬਾਤ ਸੁਣਾ ਦਿਆਂ ਸਾਰਿਆਂ ਨੂੰ,
ਨਗਰ ਦੀਨੇ ਦੇ ਵਿਚ ਦਸਮੇਂ ਗੁਰ ਦਾ ਡੇਰਾ।
ਤੜਕੇ ਉਠ ਕੇ ਤੇ ਇਸ਼ਨਾਨ ਕਰ ਲਿਆ ਸਤਿਗੁਰ ਨੇ,
ਚੜ੍ਹ ਗਿਆ ਸੂਰਜ ਸੰਗਤੇ ਦਿਨ ਦਾ ਸਵੇਰਾ।
ਮਾਲਾ ਫੇਰ ਕੇ ਤੇ ਹੱਸ ਹੱਸ ਗੱਲਾਂ ਕਰਦੇ ਐ,
ਕਿਧਰੋਂ ਖੁਸ਼ੀਆਂ ਚੜ੍ਹੀਆਂ ਦਗ ਦਗ ਕਰਦਾ ਚੇਹਰਾ।
ਵਾਜ਼ ਮਾਰ ਕੇ ਸੱਦ ਲਿਆ ਕੌਲ ਸ਼ਮੀਰ ਨੂੰ,
ਬਚਨ ਮੰਨ ਲੈ ਜੇ ਤੂੰ ਸੱਚ ਦਾ ਸੇਵਕ ਮੇਰਾ।
ਹੁਕਮ ਮੰਨ ਕੇ ਮੇਰਾ ਤੁਰਤ ਬੁਲਾ ਲੈ ਨਫ਼ਰ ਨੂੰ,
ਛੇਤੀ ਕਸ ਕੇ ਤੇ ਇਰਾਕੀ ਲਿਆ ਦੇ ਤੇਰਾ।
ਉਪਰ ਚੜ੍ਹ ਕੇ ਓਹਦੇ ਫਿਰੀਂ ਭਜਾਈਂ ਘੋੜੇ ਨੂੰ,
ਸ਼ਾਮ ਵੇਲੇ ਮੁੜਨਾ ਤੂੰ ਮਾਰ ਕੇ ਫੇਰਾ।
ਦੂਰ ਦੂਰ ਤੀਕਰ ਚਾਰ ਚੁਫੇਰੇ ਦੀਨੇ ਦੇ,
ਜਿੰਨਾ ਵਲਿਆਂ ਜਾਂਦਾ ਵਲ ਲੈ ਤੂੰ ਘੇਰਾ।
ਜਿੱਥੋਂ ਤੀਕਰ ਪੈੜਾ ਕਰੀਆਂ ਤੇਰੇ ਕੌਤਲ ਨੇ,
ਉਥੋਂ ਤੀਕਰ ਰਾਜ ਬਣੇ ਸ਼ੀਂਹਾ ਤੇਰਾ।
ਦੁਸ਼ਮਣ ਪਾਤਸ਼ਾਹ ਦਾ ਹਿੱਕ ਦੇ ਨਾਲ ਲਾ ਲਿਆ ਤੂੰ,

ਓਥੋਂ ਫੜ ਕੇ ਪੇਸ਼ ਕਰਤੇ ਖਾਨ ਵਜੀਦ ਦੇ,
ਆਹ ਕੋਤਵਾਲ ਜ਼ਾਲਮ ਦੋ ਅਗ ਦੇ ਫਲੂਹੇ।
ਸੂਬਾ ਫੜ ਫੜ ਤਾੜੇ ਕਲਮਾਂ ਪੜ੍ਹ ਲੋ ਦੀਨ ਦਾ,
ਗੰਗੂ ਸੁੱਚਾ ਆਫ਼ਰ ਕੇ ਬਣਗੇ ਸ਼ੀਂਹ ਚੂਹੇ।
ਸ਼ੇਰ ਮੁਹੰਮਦ ਖਾਂ ਨੇ ਆਖਿਆ ਬਹੁਤ ਨਵਾਬ ਨੂੰ,
ਪੇਸ਼ ਚੱਲਣ ਦਿੰਦੇ ਸੱਪ ਜੇ ਨਾ ਦੋਮੂਹੇ।
ਤੇਰੇ ਨਰਮ ਦੁਲਾਰੇ ਚਿਣਤੇ ਬੀਚ ਦੀਵਾਰਾਂ ਦੇ,
ਸ਼ੇਰ ਮੁਹੰਮਦ ਖਾਂ ਨੂੰ ਝਲਦੇ ਨਾ ਸੀ ਖੂਹੇ।
ਭਾਰਾ ਕਹਿਰ ਕੀਤਾ ਸੀ ਸੂਬੇ ਵਜੀਦ ਨੇ,
ਗੰਗੂ ਸੁੱਚਾ ਬਣ ਗੇ ਐਵੇ ਸੀ ਅੜੂਹੇ।
ਪੱਥਰ ਮਾਰ ਭੰਨਤਾ ਤੇਰਿਆਂ ਦਿਲ ਦਿਆਂ ਟੁਕੜਿਆਂ ਨੂੰ,
ਫੁੱਲ ਦੋ ਟਹਿ ਟਹਿ ਕਰਦੇ ਅੱਗਮੇ ਝਲੂਹੇ।
ਕਹਿਰ ਵਰਤਿਆ ਸੁਣ ਲਿਆ ਚਿੱਟਿਆਂ ਬਾਜ਼ਾਂ ਵਾਲੇ ਨੇ,
ਫੱਟੜ ਸ਼ੇਰ ਵਾਂਗੂੰ ਹੋ ਗੇ ਸੀ ਗੁਰ ਭੂਹੇ।
'ਬਾਬੂ' ਜ਼ੁਲਮ ਕੀਤਾ ਮੇਰੀਆਂ ਦੁੱਧ ਦੀਆਂ ਦੰਦੀਆਂ ਤੇ,
ਭੀੜਾਂ ਪੈਣ ਤੈਨੂੰ ਨੀ ਪਾਪੀ ਦੀਏ ਰੂਹੇ।

ਤੋੜਾ

ਫਿਰ ਆ ਗਿਆ ਜੋਸ਼ ਵਜੂਦ ਨੂੰ।
ਜਿਉਂ ਲੱਗ ਗੀ ਅਗਨ ਬਰੂਦ ਨੂੰ।
ਜਿਉਂ ਆਉਣ ਉਬਾਲੇ ਦੂਧ ਨੂੰ।
ਦਲੇ ਜਿਵੇਂ ਖਰਾਸ ਨਖੂਦ ਨੂੰ।
ਮੇਰੀ ਹੂਜੀ, ਸੰਗਤੇ ਵਸਦੀ ਰਹਿ ਹੂ ਜੀ ਸੰਗਤੇ।

ਕਲੀ-8

ਜਿਉਂ ਜਿਉਂ ਸੁਣਦੇ ਗੁੱਸਾ ਚੜ੍ਹਦਾ ਜਾਂਦਾ ਸਤਿਗੁਰ ਨੂੰ,
ਪਰਸੀਨਾ ਆ ਗਿਆ ਚਿਹਰੇ ਤੇ।
ਰੱਤ ਚਿਉਂਦੀ ਫਿਰਦੀ ਨੈਣਾਂ ਤੋਂ।
ਪਰ ਬੁਰੇ ਫਿਰਾਕ ਦੁਲਾਰਿਆਂ ਦੇ।

ਮੁਖੜਾ

ਜਿਉਂ ਜਿਉਂ ਸੁਣਦੇ ਗੁੱਸਾ ਚੜ੍ਹਦਾ ਜਾਂਦਾ ਸਤਿਗੁਰ ਨੂੰ,
ਬੋਲੇ ਗੱਲ ਜਾਂ ਗੁੱਜਰ ਮਾਹੀ ਨੇ ਨਬੇੜੀ।
ਸਰਸਾ ਚੜ੍ਹਗੀ ਸੀ ਦਾਅ ਲੱਗ ਗਿਆ ਪਾਪੀ ਪੰਡਤ ਦਾ,

ਲੈ ਗਿਆ ਬਕਟ ਮੇਰੇ ਦੋ ਘੇਰੇ ਕੇ ਹੇੜੀ।
ਘਰੇ ਲਜਾ ਕੇ ਤੇ ਬੰਦ ਕਰ ਤੇ ਬੀਚ ਸਵਾਤ ਦੇ,
ਖੁਰਜੀ ਚੱਕ ਕੇ ਖਿੜਕੀ ਬਾਹਰ ਤੋਂ ਸੀ ਭੇੜੀ।
ਅੰਦਰ ਵੜਕੇ ਧਨ ਲੁੱਟ ਲਿਆ ਨਰਮ ਦੁਲਾਰਿਆਂ ਦਾ,
ਉਹ ਨਾ ਵਸਣੀ ਉਜੜ ਜੂ ਗੰਗੂ ਦੀ ਖੇੜੀ।
ਪਹੁੰਚ ਮੋਰਿੰਡੇ ਕਹਿੰਦਾ ਫੜ ਲੋ ਪੁੱਤ ਦਸ਼ਮੇਸ਼ ਦੇ,
ਜਾਨੀ ਮਾਨੀ ਚੜ੍ਹਗੇ ਸੀ ਜਾਂਦਾ ਖਦੇੜੀ।
ਪਹਿਲਾਂ ਖਿੜਨੇ ਤੋਂ ਫੁੱਲ ਤੋੜੇ ਸਦਾ ਗੁਲਾਬ ਦੇ,
ਮੇਰਿਆਂ ਚਿੱਟਿਆਂ ਹੰਸਾਂ ਦੀ ਜੋੜੀ ਨਖੇੜੀ।
ਮਖਮਲ ਵਰਗੇ ਪਿੰਡੇ ਚਿਣਤੇ ਬੀਚ ਦੀਵਾਰਾਂ ਦੇ।
ਇੱਟ ਇੱਟ ਕਰਦੂੰ ਨਗਰੀ ਹੈ ਸੂਬੇ ਦੀ ਜਿਹੜੀ।
ਜੁਲਮ ਵੇਹਰਿਆਂ ਦੇ ਵਿੱਚ ਡੋਲੇ ਖਾਂਦੀ ਫਿਰਦੀ ਹੈ,
ਪਾਰ ਲੱਗ ਜੂ ਮੇਰਿਆਂ ਜੀ ਸਿੰਘਾਂ ਦੀ ਬੇੜੀ।
ਹੌਲਾ ਕਰ ਕੇ ਪੈ ਗੇ ਜਦੋਂ ਬਹਾਦਰ ਖਾਲਸੇ,
ਪਤਾ ਲੱਗ ਜੂ ਸਾਰਾ ਜਾਂ ਖ਼ਲੜ ਅਧੇੜੀ।
ਨੱਕ 'ਚ ਨਕੇਲ ਪਾ ਕੇ ਬਾਂਦਰ ਵਾਂਗ ਨਚਾਵਣ ਗੇ,
ਖੱਖਰ ਡੂਮਣਿਆਂ ਦੀ ਕਾਸ ਤੋਂ ਹੈ ਛੇੜੀ।
ਜੜ ਤਾ ਪਾਪੀ ਰਾਜ ਦੀ ਕਦੇ ਦੀ ਹਿਲਦੀ ਸੀ,
ਦਸਮੇਂ ਗੁਰ ਨੇ ਬਾਬੂ ਜੀ' ਮੁੱਢ ਤੋਂ ਉਖੇੜੀ।

ਤੋੜਾ

ਨਿਤ ਔਰੰਗ ਕਰਦਾ ਪਾਪ ਨੂੰ।
ਕੈਦ ਕਰ ਲਿਆ ਸ਼ਾਹਜਹਾਂ ਬਾਪ ਨੂੰ।
ਨਾ ਰਖਦਾ ਜਵਾਂ ਮਿਲਾਪ ਨੂੰ।
ਜ਼ਹਿਰ ਚੜ੍ਹਿਆ ਵਿਆ ਹੈ ਸ਼ਾਂਪ ਨੂੰ।
ਸਤਿਆ ਤਾਰ ਜੂ।
ਮੇਰੀ ਹੂ ਕਚਹਿਰੀਏ ਵਸਦੀ ਰਹਿ ਤੂੰ ਜੀ।

ਕਲੀ-9

ਪੋਤਿਆਂ ਜੋਧ ਦਿਆਂ ਲਖ਼ਮੀਰ ਸ਼ਮੀਰ ਹੋਰਾਂ ਨੇ,
ਮੈਂ ਅਰਜਾਂ ਕਰਦਾ ਤੇਰੀਆਂ।
ਨਵੇਂ ਪਿੰਡ ਦੀ ਮੋਹੜੀ ਗੱਡ ਲੀ ਸੀ।
ਚੱਕ ਹੋਰ ਬਣਾ ਕੇ ਬਹਿ ਗੇ ਸੀ।

ਉਹ ਖੋਹ ਲੇ ਧਨ ਦੀ ਖੁਰਜੀ ਨਾ।
ਬਿਪ ਢਾਹ ਦੇ ਉਸਰੀ ਬੁਰਜੀ ਨਾ।
ਸਤਿਆ ਤਾਰ ਜੂ, ਮੇਰੀ ਹੂ ਜੀ ਸੰਗਤੇ
ਵਸਦੀ ਰਹਿ ਤੂੰ ਜੀ।

ਕਲੀ-6

ਖ਼ਬਰ ਸਰਹੰਦ ਤੋਂ ਲੈ ਕੇ ਛੋਟੇ ਸਾਹਿਬਜ਼ਾਦਿਆਂ ਦੀ।
ਗੁਰ ਆਖਣ ਵਾਰੀ ਵਾਰੀ ਪਏ।
ਕੋਈ ਤਕੜਾ ਕਾਸਦ ਘੱਲ ਦੇ ਤੂੰ।
ਜੋ ਲਿਆ ਦੇ ਪਤਾ ਦੁਲਾਰਿਆਂ ਦਾ।

ਮੁਖੜਾ

ਖ਼ਬਰ ਸਰਹੰਦ ਤੋਂ ਲੈ ਕੇ ਛੋਟੇ ਸਾਹਿਬਜ਼ਾਦਿਆਂ ਦੀ,
ਮੁੜ ਮੁੜ ਕਰੇ ਤਕੀਦਾ ਦਸਮੀਂ ਪਾਤਿਸ਼ਾਹੀ।
ਰਾਇ ਕੱਲੇ ਨੇ ਫ਼ਰਮਾਨ ਮੰਨ ਲਿਆ ਸਤਿਗੁਰ ਦਾ,
ਤਿਆਰ ਕਰ ਤਾ ਝਬਦੇ ਗੁੱਜਰ ਸੀ ਇਕ ਮਾਹੀ।
ਤੜਕੇ ਪਹਿਰ ਦੇ ਸੀ ਡਬਲ ਵਜਾ ਤੀ ਓਸ ਨੇ,
ਟਿੱਬਿਆਂ ਵਿੱਚ ਦੀ ਧੂੜਾਂ ਪੱਟਦਾ ਜਾਂਦਾ ਰਾਹੀ।
ਨੇੜੇ ਸ਼ਹਿਰ ਦੇ ਚਰਵਾਹੇ ਡੰਗਰ ਚਾਰ ਦੇ,
ਸਿਆਣੇ ਮਾਹੀ ਨੇ ਗੱਲ ਖੜ੍ਹ ਕੇ ਪੁੱਛਣ ਚਾਹੀ।
ਧਾਹਾਂ ਮਾਰ ਮਾਰ ਹਾਲ ਦੱਸਦੇ ਗੁੱਜਰ ਨੂੰ,
ਜ਼ਾਲਮ ਸੂਬਾ ਮਚ ਗੀ ਦੇਸ਼ ਤੇ ਤਬਾਹੀ।
ਨੂਰੀ ਸ਼ਕਲਾਂ ਦੋ ਫਰਜ਼ੰਦ ਨਿਆਣੇ ਸਤਿਗੁਰ ਦੇ,
ਵਲ ਕੇ ਲਿਆਇਆ ਕਿਧਰੋਂ ਸੀ ਗੰਗੂ ਗੁਨਾਹੀ।
ਧਨ ਦੀ ਖੱਚਰ ਖੋਹ ਕੇ ਬਾਂਹ ਪਕੜਾ ਤੀ ਪੁਲਸ ਨੂੰ,
ਤੇ ਤਕਦੀਰ ਕਰਮਾਂ ਨੇ ਦਿੱਤੀ ਨਾ ਡਾਹੀ।
ਜਾਨੀ ਮਾਨੀ ਨੇ ਜਾ ਕੀਤੇ ਪੇਸ਼ ਬਜ਼ੀਦ ਦੇ,
ਗੱਡੀ ਲੀ ਮੋਤੀ ਚੁਗਣਿਆਂ ਹੰਸਾਂ ਦੇ ਲਈ ਫਾਹੀ।
ਕਲਮਾ ਦੀਨ ਦਾ ਪੜ੍ਹਾਉਂਦਾ ਗੁਰ ਦਿਆਂ ਲਾਲਾਂ ਨੂੰ,
ਬੋਲ ਜੈਕਾਰੇ ਦੋਵਾਂ ਕਰਤੀ ਸੀ ਮਨਾਹੀ।
ਸੂਬਾ ਕਹਿੰਦਾ ਸੀ ਮੈਂ ਦਾਗ਼ ਮਟਾਉਂਦਾ ਕੁਫ਼ਰ ਦੇ,
ਮਲੀ ਜਾਂਦਾ ਮੂੰਹ ਤੇ ਆਪ ਦੇ ਸਿਆਹੀ।
ਜੇ ਨਾ ਮੰਨਦੇ ਕਹਿੰਦਾ ਚਿਣਦਿਓ ਬੀਚ ਦੀਵਾਰਾਂ ਦੇ,
ਏਵੇਂ ਦੇ ਤੀ ਪੰਡਤ ਗੰਗੂ ਨੇ ਉਗਾਹੀ।

ਧਰਮੀਂ ਲੋਕ ਜਿਹੜੇ ਡਰ ਨਾ ਰੱਖਦੇ ਮੌਤ ਦਾ,
ਚੜ੍ਹਗੀ ਸਾਹਿਬਜ਼ਾਦਿਆਂ ਨੂੰ ਰੰਗਣਾ ਇਲਾਹੀ।
ਦਿਲ ਵਿੱਚ ਸੂਬੇ ਦੇ ਸੀ ਨਰਮ ਦੁਲਾਰੇ ਛੱਡ ਦਿਆਂਗੇ,
ਪੱਟੀਆਂ ਬੰਨ੍ਹਣ ਦਿੰਦੇ ਨਾ ਚੰਦਰੇ ਸਲਾਹੀ।
ਇਨ੍ਹਾਂ ਵਿੱਚ ਗੁਨਾਹ ਕੀ ਸ਼ੇਰ ਮੁਹੰਮਦ ਆਖ ਰਿਹਾ,
ਜ਼ਾਲਮ ਸੂਬੇ ਨੇ ਉਸ ਦੀ ਸੀਗੀ ਪਤ ਲਾਹੀ।
ਜੋ ਤਕਦੀਰ ਲਿਖਤੀ ਓਵੇਂ ਹੋ ਕੇ ਰਹਿੰਦੀ ਐ,
ਜਿਹੜੀ ਲਿਖਤ ਪ੍ਰਭੂ ਨੇ ਮੱਥੇ ਤੇ ਵਾਹੀ।
ਆਖੇ ਸੁੱਚਾ ਨੰਦ ਦੇ ਚਿਣ ਤੇ ਕੌਰ ਦੀਵਾਰਾਂ ਮੇਂ,
'ਬਾਬੂ' ਉਸਰੀ ਵੀ ਇਮਾਰਤ ਗੁਰ ਦੀ ਢਾਹੀ

ਤੋੜਾ

ਚੰਦ ਪੁਰਾਣੇ ਫਰਦਾਂ ਦੇ।
ਬਹਿ ਝੇੜੇ ਸੁਣ ਲੋ ਦਰਦਾਂ ਦੇ।
ਇਹ ਕੰਮ ਦਲੇਰਾਂ ਮਰਦਾਂ ਦੇ।
ਨਾ ਮੇਲ ਵਿਛੜੀਆਂ ਨਰਦਾਂ ਦੇ।
ਸਤਿਆ ਤਾਰ ਜੂ, ਮੇਰੀ ਹੂ ਜੀ।
ਤੇਰੇ ਸੇਵਕ ਦੀ ਹੂ ਜੀ।

ਕਲੀ-7

ਗੁੱਜਰ ਮਾਹੀ ਮੁੜ ਕੇ ਰੋ-ਰੋ ਧਾਹਾਂ ਮਾਰਦਾ,
ਖੜ ਕੋਲੇ ਗੁਰ ਦਸਮੇਸ਼ ਦੇ।
ਨਾ ਮੂੰਹ 'ਚੋਂ ਘੰਟਾ ਬੋਲਿਆ ਗਿਆ।
ਕੀ ਦਸ ਦਿਆਂ ਬਾਜਾਂ ਵਾਲੇ ਨੂੰ।

ਮੁਖੜਾ

ਗੁੱਜਰ ਮਾਹੀ ਮੁੜ ਕੇ ਸੀਗਾ ਧਾਹਾਂ ਮਾਰਦਾ,
ਦੋਵੇਂ ਨੇਤਰ ਮਲ ਮਲ਼ ਮਲ਼ ਕੇ ਕਰ ਲੇ ਸੀ ਸੂਹੇ।
ਸਰਸਾ ਨੈਂ ਤੋਂ ਗੰਗੂ ਲੈ ਗਿਆ ਨਾਲ ਸਾਹਿਜ਼ਾਦਿਆਂ ਨੂੰ,
ਸੰਘਣੇ ਝਾੜਾਂ ਵਿਚਦੀ ਸੀ ਨਗਰੀ ਨੂੰ ਧੂਹੇ।
ਬੋਰੀ ਮੋਹਰਾਂ ਵਾਲੀ ਲੌਣੇ ਕਰ ਲੀ ਪੰਡਤ ਨੇ,
ਤੜਕੇ ਮਾਲਾ ਜਪਦਾ ਭੇੜ ਗਿਆ ਸੀ ਬੂਹੇ।
ਦੱਸਿਆ ਗੰਗੂ ਨੇ ਜਦ ਚੜ੍ਹਗੀ ਪੁਲਸ ਮੋਰਿੰਡੇ ਦੀ,
ਜਾਨੀ ਮਾਨੀ ਖਾਂ ਨੇ ਖੜੇ ਜਾ ਕੇ ਸੂਹੇ।

ਜਲਦੀ ਘੋੜਾ ਲਿਆਦੇ ਪਾ ਕੇ ਤੇ ਪਲਾਣਾ।
ਆ ਕੇ ਕਹਿ ਤਾ ਮੇਰੀ ਇਰਾਕਣ ਜੁਆਈ ਲੈ ਗਿਆ,
ਖਾਧਾ ਕਾਵਾਂ ਦਾ ਇਕ ਲਿਆ ਤਾ ਟੁੱਟੂ ਕਾਣਾ।
ਮੋੜਿਆ ਸਤਿਗੁਰ ਨੇ ਕਹਿ ਇਹ ਨੀ ਲਾਇਕ ਸਵਾਰੀ ਦੇ,
ਠੋਕਰ ਖਾ ਜੂ ਸਾਮਾਂ ਟੁਟ ਜੂ ਸਾਜ਼ ਪੁਰਾਣਾ।
ਤੂੰ ਤੇ ਤੇਰੀ ਘੋੜੀ ਨੇ ਜੱਗ ਦੇ ਵਿੱਚ ਰਹਿਣ ਨਾ,
ਦੋਹਾਂ ਉਪਰ ਵਗ ਜੂਗਾ ਪ੍ਰਭੂ ਦਾ ਭਾਣਾ।
ਫਤਹਿ ਬੁਲਾ ਕੇ ਜੱਟ ਨੇ ਘਰ ਨੂੰ ਫੇਰਾ ਮਾਰਿਆ,
ਇਰਾਕਣ ਕਰਗੀ ਅੱਗੇ ਔਣ ਤੋਂ ਚਲਾਣਾ।
ਜਿਹੜੇ ਨਾਗ ਨੇ ਸੀ ਡੱਸਤਾ ਕੌਤਲ ਘੋੜੀ ਨੂੰ,
ਉਸ ਨਾਗ ਡੱਸਤਾ ਜੱਟ ਵੀ ਨਿਮਾਣਾ।
ਉਥੋਂ ਚੱਲ ਕੇ ਆ ਗੇ ਹੇਰੀਂ ਪਾਸ ਮਹੰਤਾਂ ਦੇ,
ਥੱਕੇ ਸੌਂ ਗੇ ਸਾਰੇ ਸੀ ਛਕ ਕੇ ਤੇ ਖਾਣਾ।
ਥਰ ਥਰ ਕੰਬਣ ਲੱਗਾ ਸਾਧ ਡਰਾਕਲ ਡੇਰੇ ਦਾ,
ਚੜ੍ਹ ਕੇ ਆ ਜੇ ਨਾ ਜਗਰਾਵਾਂ ਵਾਲਾ ਠਾਣਾ।
ਨੇੜੇ ਰਾ ਕਿਆਂ ਦੇ ਤਲਵੰਡੀ ਤੇ ਹਲਵਾਰਾ ਸੀ,
ਡੇਰਾ ਖੋਹਣ ਮੇਰਾ ਕਰ ਕੇ ਜ਼ੋਰ ਧਿੰਘਾਣਾ।
ਗੁੱਸੇ ਹੋਗੇ ਸਤਿਗੁਰ ਸੁਣ ਕੇ ਬਾਤ ਮਹੰਤਾਂ ਦੀ,
ਫਿਰ ਨਾ ਅਟਕੇ ਬਾਬੂ ਜੀ ਪੱਟ ਲਿਆ ਪੜਾਂਣਾ।

ਤੋੜਾ

ਸਾਧ ਡਰਦਾ ਫਿਰਦਾ ਹੇਰਾਂ ਦਾ।
ਗੁਰ ਮੰਨਗੇ ਆਖਿਆ ਕੇਰਾਂ ਦਾ।
ਘਰ ਮੁਸ਼ਕਲ ਰੱਖਣਾ ਸ਼ੇਰਾਂ ਦਾ।
ਇਹ ਹੁੰਦਾ ਕੰਮ ਦਲੇਰਾਂ ਦਾ।
ਸਤਿਆ ਤਾਰ ਜੂ, ਮੇਰੀ ਹੂ ਜੀ।
ਤੇਰੇ ਸੇਵਕ ਦੀ ਹੂ ਜੀ।

ਕਲੀ-5

ਤੜਕੇ ਪਹਿਰ ਦੇ ਗੁਰ ਕੂਚ ਕਰਗੇ ਹੇਰਾਂ ਤੋਂ।
ਛੱਡ ਜਾਂਦੇ ਸੁੱਤੀਆਂ ਸੰਗਤਾਂ ਨੂੰ।
ਮੈਂ ਝੂਠ ਕਦੇ ਨਾ ਬੋਲਦਾ।
ਪਰ ਕੂਕਾਂ ਕਿਸੇ ਵਕਤ ਦੀਆਂ।

ਮੁਖੜਾ

ਤੜਕੇ ਪਹਿਰ ਦੇ ਗੁਰ ਕੂਚ ਕਰੋਗੇ ਹੇਰਾਂ ਤੋਂ,
ਮੰਜਾ ਚੱਕ ਲਿਆ ਚੌਹਨੇ ਦੇ ਕੇ ਤੇ ਹੁਲਾਰਾ।
ਰਾਇ ਕੱਲਾ ਜਿਹੜਾ ਰਾਕੀ ਸੀ ਤਲਵੰਡੀ ਦਾ,
ਅੱਗੋਂ ਮਿਲਿਆ ਔਂਦਾ ਲਸ਼ਕਰ ਲੈ ਕੇ ਸਾਰਾ।
ਦੂਰੋਂ ਦੇਖ ਕੇ ਤੇ ਚਰਨੀਂ ਡਿਗ ਪਿਆ ਸਤਿਗੁਰ ਦੇ,
ਦੇਸ਼ ਤਾਰਨ ਚੱਲਿਆ ਰੱਬ ਦਾ ਪਿਆਰਾ।
ਦਿੱਤੀ ਫੌਜ ਨੇ ਸਲਾਮੀ ਕਰਨੀ ਵਾਲੇ ਨੂੰ,
ਰੱਜ ਕੇ ਲੈਂਦੇ ਉਚ ਦੇ ਪੀਰ ਦਾ ਨਜ਼ਾਰਾ।
ਗੱਲਾਂ ਕਰੀਆਂ ਜਾਂ ਪਛਾਣਿਆਂ ਸੱਚੇ ਸਾਹਿਬ ਨੂੰ,
ਕਿਧਰੋਂ ਆ ਗੇ ਕਿਹੜੀ ਤਰਫ਼ ਨੂੰ ਤਿਆਰਾ।
ਹਾਲ ਦੱਸਿਆ ਵੱਡਿਆਂ ਕੌਰਾਂ ਦੀ ਸ਼ਹੀਦੀ ਦਾ,
ਰਾਇ ਇਕੱਲੇ ਨੇ ਅਫ਼ਸੋਸ ਕੀਤਾ ਭਾਰਾ।
ਜ਼ੁਲਮ ਕਰਦੇ ਫਿਰਦੇ ਬੇੜੀ ਬਹਿਗੀ ਮੁਗ਼ਲਾਂ ਦੀ,
ਹੱਥ ਧੋ ਮਗਰੇ ਪੈ ਗਿਆ ਹੈ ਸੂਬਾ ਨਿਕਾਰਾ।
ਨੰਗੇ ਪੈਰ ਤੇ ਤਕਲੀਫ਼ ਸਹਾਰੀ ਜੰਗਲਾਂ ਦੀ,
ਰੁਲਦੇ ਫਿਰਦੇ ਆ ਗੇ ਛੱਡ ਕੇ ਤਖ਼ਤ ਹਜ਼ਾਰਾ।
ਅਰਜ਼ਾਂ ਕਰਦੇ ਉਤਰ ਅਰਾਮ ਕਰ ਲੋ ਸਤਿਗੁਰ ਜੀ,
ਦਰਦ ਲਗਦਾ ਮਿਲ ਜੇ ਜ਼ਖਮਾਂ ਤੋਂ ਸਹਾਰਾ।
ਇਹ ਫਰਮਾਇਆ ਥੋੜਾ ਅੱਗੇ ਚੱਲ ਕੇ ਉਤਰਾਂਗੇ,
ਪੰਧ ਨਬੇੜਨ ਵਾਸਤੇ ਮਾਰਦੇ ਸੀ ਚਾਰਾ।
ਲੰਮੇ ਪਿੰਡ ਵਿੱਚ ਆ ਕੇ ਦਸਮੇਂ ਗੁਰ ਜੀ ਠਹਿਰਗੇ,
ਖੋਲ੍ਹ ਦਿੱਤਾ ਰਾਇ ਨੇ ਇੱਕ ਵਧੀਆ ਚੁਬਾਰਾ।
ਮੁੱਠੀਆਂ ਭਰਦੇ ਤੇ ਇਸ਼ਨਾਨ ਕਰੋਂਦੇ ਮੁੜ ਮੁੜ ਕੇ,
ਤੇਲ ਲਾ ਕੇ ਵਾਹਤੇ ਕੇਸ ਵੀ ਦੁਬਾਰਾ।
ਦੇਖ ਸੇਵਾ ਨੂੰ ਫਿਰ ਸਤਿਗੁਰ ਰਾਜ਼ੀ ਹੋ ਗੇ ਐ,
ਕਹਿੰਦੇ ਇੱਕ ਕੰਮ ਸਾਡਾ ਕਰ ਦੇ ਤੂੰ ਸਰਦਾਰਾ।
ਛੋਟੇ ਸਾਹਿਬਜ਼ਾਦੇ ਗੰਗੂ ਲੈ ਗਿਆ ਖੇੜੀ ਨੂੰ,
ਖਬਰ ਲੈ ਦੇ 'ਬਾਬੂ ਜੀ' ਘੱਲ ਕੇ ਹਲਕਾਰਾ।

ਤੋੜਾ

ਗੱਲ ਕਹਿਣੋਂ ਹਟ ਦੇ ਗੁਰ ਜੀ ਨਾ।
ਮੇਰੇ ਦੋ ਪੁੱਤ ਅਪੜੇ ਧੁਰ ਜੀ ਨਾ।

ਗ਼ਨੀ ਨਬੀ ਖ਼ਾਂ ਨੂੰ ਜਦ ਖ਼ਬਰਾਂ ਲੱਗ ਗਈਆਂ ਸੀ,
ਜਿਹੜੇ ਦਰਸ਼ਨ ਕਰਨੇ ਨੂੰ ਲੋਚਦੇ ਚਿਰ ਦੇ।
ਕਦਮੀਂ ਗਿਰ ਕੇ 'ਬਾਬੂ' ਕਰਨ ਅਫ਼ਸੋਸ
ਸਾਹਬਜ਼ਾਦਿਆਂ ਦਾ,
ਫ਼ਰਨ ਫ਼ਰਨ ਆਂਸੂ ਸੀ ਅੱਖੀਆਂ 'ਚੋਂ ਗਿਰਦੇ।

ਤੋੜਾ

ਬਹਿ ਪੁਛਦੇ ਹਾਲ ਦੁਲਾਰਿਆਂ ਦਾ।
ਕਿਵੇਂ ਪਿਆ ਵਿਛੋੜਾ ਪਿਆਰਿਆਂ ਦਾ।
ਹੋਵੇ ਬੰਦ ਨਾ ਰੋਣ ਵਿਚਾਰਿਆਂ ਦਾ।
ਸਤਿਆ ਤਾਰ ਜੂ।
ਮੇਰੀ ਹੂ, ਕਚਹਿਰੀਏ ਵਸਦੀ ਰਹਿ ਤੂੰ ਜੀ।

ਕਲੀ-3

ਪੰਜ ਰੁਪਈਏ ਰੇਜ਼ਾਂ ਮੱਥਾ ਟੇਕ ਗੁਲਾਬੇ ਨੇ।
ਮੈਂ ਅਰਜਾਂ ਕਰਦਾ ਤੇਰੀਆਂ।
ਡਰ ਲੱਗਦਾ ਜ਼ਾਲਮ ਮੁਗਲਾਂ ਤੋਂ।
ਆ ਘੇਰਾ ਪਾ ਲਿਆ ਫੌਜ ਨੇ।

ਮੁਖੜਾ

ਪੰਜ ਰੁਪਈਏ ਰੇਜ਼ਾਂ ਮੱਥਾ ਟੇਕ ਗੁਲਾਬੇ ਨੇ,
ਵਿਦਿਆ ਦੇ ਤੀ ਸਤਿਗੁਰ ਨੂੰ ਮੁਗਲਾਂ ਤੋਂ ਡਰਦੇ।
ਥਰ ਥਰ ਕੰਬਦੀ ਫਿਰਦੀ ਟਬਰੀ ਜੀ ਮਸੰਦਾਂ ਦੀ,
ਜ਼ਾਲਮ ਸੂਬਾ ਫੜ ਕੇ ਲੈ ਜੂ ਫਿਰਦੇ ਮਰਦੇ।
ਖ਼ਬਰ ਲੱਗ ਗੀ ਗਨੀ ਨਬੀ ਖ਼ਾਨ ਪਠਾਣਾਂ ਨੂੰ,
ਝੁਕ ਝੁਕ ਕਰਨ ਸਲਾਮਾਂ ਸੀਸ ਚਰਨੀਂ ਧਰਦੇ।
ਪਾਸ ਸਤਿਗੁਰ ਦੇ ਸੀ ਕਰੀ ਅਨੰਦਪੁਰ ਨੌਕਰੀ,
ਮਾਛੀਵਾੜੇ ਦੇ ਵਿੱਚ ਬਣੇ ਸੌਦਾਗਰ ਪਰ ਦੇ।
ਗਰਮ ਪਾਣੀ ਕਰ ਕੇ ਧੋਤਾ ਅੱਲਿਆਂ ਜ਼ਖ਼ਮਾਂ ਨੂੰ,
ਲੈ ਕੇ ਪਟਕਾ ਰੇਸ਼ਮ ਵਾਲਾ ਝਾੜੇ ਗਰਦੇ।
ਉੱਚੀ ਫੜ ਕੇ ਸੂਲਾਂ ਖਿੱਚੀਆਂ ਕੋਮਲ ਚਰਨਾਂ 'ਚੋਂ,
ਪੈਂਦੀ ਬਹਿ ਕੇ ਹੌਲੀ ਹੌਲੀ ਮੁੱਠੀਆਂ ਭਰਦੇ।
ਦਹੀਂ ਸਾਬਣ ਸੇ ਇਸ਼ਨਾਨ ਕਰਾ ਤਾ ਸਤਿਗੁਰ ਦਾ,
ਕੇਸ ਵਾਹ ਤੇ ਚੰਗੂੰ ਤੇਲ ਲਾ ਕੇ ਘਰ ਦੇ।

ਰੱਜ ਕੇ ਸੇਵਾ ਕਰ ਦਾ ਕੁੱਲ ਪਰਿਵਾਰ ਪਠਾਣਾਂ ਦਾ,
ਜਿਉਂ ਜਿਉਂ ਦਰਸ਼ਣ ਕਰਦੇ ਸੀ ਤਿਉਂ ਤਿਉਂ ਦਿਲ ਠਰਦੇ।
ਗੀਝ ਲਾ ਕੇ ਤੇ ਫਿਰ ਜਿਆਫਤ ਕਰਦੇ ਸਤਿਗੁਰ ਦੀ,
ਮੇਵਾ ਪਾ ਕੇ ਤੇ ਤਿਆਰ ਕੀਤੇ ਜਰਦੇ।
ਨੀਲੇ ਬਸਤਰ ਦਿੱਤੇ ਰੰਗ ਕੇ ਤੇ ਦਸ਼ਮੇਸ਼ ਦੇ,
ਫੁੱਲੇ ਫਿਰਦੇ ਵੇਖ ਕੇ ਸੀ ਸਾਰੇ ਜੀ ਘਰ ਦੇ।
ਉੱਚ ਦਾ ਪੀਰ ਬਣਾ ਕੇ ਕੱਢਿਆ ਮਾਛੀਵਾੜੇ 'ਚੋਂ,
ਮੌਢੀਂ ਚੁੱਕੀ ਫਿਰਦੇ ਖਾਨ ਬਣ ਕੇ ਬਰਦੇ।

ਤੋੜਾ

ਆਫਰੀਨ ਗੁਰੂ ਦੇ ਜਰਮਾਂ ਦੇ।
ਜੀਹਨੇ ਛੋਪ ਚਕਾ ਤੇ ਭਰਮਾਂ ਦੇ।
ਭਰ ਕੜਛੇ ਲੈਣੇ ਕਰਮਾਂ ਦੇ।
ਬੇੜੇ ਪਾਰ ਹੋਂਮਦੇ ਧਰਮਾਂ ਦੇ।
ਸਤਿਆ ਤਾਰ ਜੂ।
ਤੇਰੇ ਸੇਵਕ ਦੀ ਹੂ ਜੀ।

ਕਲੀ-4

ਮਾਛੀਵਾੜੇ ਆ ਕੇ ਘੇਰਾ ਪਾ ਲਿਆ ਮੁਗਲਾਂ ਨੇ,
ਆ ਫੌਜ ਰਸਾਲੇ ਫਿਰਦੇ ਐ।
ਪਰ ਥਰ ਥਰ ਖ਼ਲਕਤ ਕੰਬਦੀ ਐ।
ਤੇ ਚੜ੍ਹਗੇ ਕਟਕ ਬਜੀਦੇ ਦੇ।

ਮੁਖੜਾ

ਮਾਛੀਵਾੜੇ ਆ ਕੇ ਘੇਰਾ ਪਾ ਲਿਆ ਮੁਗਲਾਂ ਨੇ,
ਚੌਹੀਂ ਪਾਸੀ ਉਤਰ ਪਿਆ ਲਸ਼ਕਰ ਜਰਵਾਣਾ।
ਉੱਚ ਦੇ ਪੀਰ ਬਣ ਕੇ ਪੈ ਗੇ ਉਪਰ ਪਲੰਘ ਦੇ,
ਸਾਰਾ ਨੀਲਾ ਕਰ ਲਿਆ ਸੀ ਸਤਿਗੁਰ ਨੇ ਬਾਣਾ।
ਸਿੱਖਾਂ ਨਾਲ ਦਿਆਂ ਨੇ ਪਾਵੇ ਫੜਲੇ ਪੈਂਦ ਦੇ,
ਗਨੀ ਨਬੀ ਖ਼ਾਂ ਨੇ ਚੱਕ ਲਿਆ ਸਰ੍ਹਾਣਾ।
ਸ਼ਹਿਰ ਵਿੱਚ ਦੀ ਲੰਘ ਗੇ ਸੁੱਤਿਆ ਸਾਰਿਆਂ ਲੋਕਾਂ ਤੋਂ।
ਸਿੱਧੇ ਰਸਤੇ ਪੈ ਗੇ ਹੈ ਹੇਰਾਂ ਨੂੰ ਜਾਣਾ।
ਪਹੁੰਚ ਕਨੇਚ ਕੋਲੇ ਸੱਦ ਲਿਆ ਪੈਂਚ ਕਨੇਚ ਨੂੰ,

ਪ੍ਰਸੰਗ
ਗੁਰ ਦਸ਼ਮੇਸ਼ ਦੌਰਾ

ਕਲੀ-1

ਲੜ ਚਮਕੌਰ ਮੇਂ ਸਭ ਸਿੰਘ ਸ਼ਹੀਦੀ ਪਾ ਗੇ ਐ।
ਆ ਮੁਗ਼ਲਾਂ ਘੇਰੇ ਪਾ ਲਏ ਸੀ।
ਬਾਣ ਮੀਂਹ ਦੇ ਵਾਂਗੂੰ ਵਰ੍ਹਦੇ ਐ।
ਢੇਰ ਲੱਗ ਗਏ ਬੀਚ ਚੁਗਾਨ ਦੇ।

ਮੁਖੜਾ

ਲੜ ਚਮਕੌਰ ਮੇਂ ਸਭ ਸਿੰਘ ਸ਼ਹੀਦੀ ਪਾ ਗੇ ਐ,
ਟੁੱਟ ਕੇ ਟੁਕੜੇ ਗਿਰੇ ਦੋ ਸਤਿਗੁਰ ਦੇ ਦਿਲ ਦੇ।
ਅੱਧੀ ਰਾਤ ਗੁਰ ਜੀ ਛੱਡ ਕੇ ਗੜ੍ਹ ਚਮਕੌਰ ਦਾ,
ਚਾਲੇ ਪਾ ਲੇ ਗੁਰ ਜੀ ਨੇ ਹੁਣ ਕੀ ਕੰਮ ਢਿਲ ਦੇ।
ਸਰਸਾ ਚੜ੍ਹ ਗਈ ਤੇ ਜਲ ਉੱਛਲ ਵਡ ਗਿਆ ਵਾਹਣਾ ਮੇਂ,
ਗੌਡਿਆਂ ਤੀਕਰ ਜਾਂਦੇ ਸੀ ਧਸਦੇ ਵਿੱਚ ਗਿਲ ਦੇ।
ਕੜਕੜ ਬਿਜਲੀ ਕੜਕੇ ਬਾਰਸ਼ ਵਰ੍ਹਦੀ ਜ਼ੋਰਾਂ ਦੀ,
ਸੰਘਣਾ ਜੰਗਲ ਵੀਰਨ ਜੀ ਰਸਤੇ ਨਾ ਮਿਲਦੇ।
ਸਿਆਲ ਮਹੀਨਾ ਉਤੋਂ ਠਾਰੀ ਪੈਂਦੀ ਕਹਿਰ ਦੀ,
ਬਾਘ ਬਘੇਰੇ ਡਰ ਕੇ ਸੀ ਵਡ ਗੇ ਵਿੱਚ ਬਿਲ ਦੇ।
ਜਿਨ੍ਹਾਂ ਜਨਮੇਂ ਜਾਂ ਬਲਿਹਾਰੇ ਉਨ੍ਹਾਂ ਮਾਈਆਂ ਦੇ,
ਸ਼ੇਰ ਬਹਾਦਰ ਰਾਤੀਂ ਜੋ ਨਦੀਆਂ ਵਿੱਚ ਠਿਲ੍ਹ ਦੇ।
ਰਾਹ ਨਾ ਖਹਿੜਾ ਇਕੱਲੇ ਫਿਰਦੇ ਝਾੜ ਲਿਤਾੜਦੇ,
ਸੂਲਾਂ ਖੁਬਣ ਚੰਦਰੀਆਂ ਸੀ ਵਾਂਗਰਾਂ ਕਿਲ ਦੇ।
ਮਖ਼ਮਲ ਵਰਗਾ ਪਿੰਡਾ ਪੱਛਤਾ ਕੜਮੀ ਪਿਲਛੀ ਨੇ,
ਕਾਨੇ ਦੱਬ ਵੱਜ ਤਾਜ਼ਿਆ ਜਿਆਂ ਜ਼ਖਮਾਂ ਨੂੰ ਛਿਲਦੇ।
ਯੁੱਧ ਵਿਚ ਤੇਗਾਂ ਵੱਜੀਆਂ ਪੀੜ ਲਗਦੀ ਸਤਿਗੁਰ ਨੂੰ,
ਟੁੱਟੇ ਫਲ ਜਾਂ ਨੇਜਿਆਂ ਦੇ ਪੱਟਾਂ ਵਿੱਚ ਹਿੱਲਦੇ।
ਤਿਖਿਆਂ ਤੀਰਾਂ ਨੇ ਸਰੀਰ ਕਰ ਤਾ ਛਾਨਣੀ,
ਜਗਾ ਖਾਲੀ ਰਹਿਗੀ ਨਾ ਰੱਖਣ ਨੂੰ ਤਿਲ ਦੇ।
ਕਾਲੀ ਬੋਲੀ ਰਾਤ ਡਿੱਗਦੇ ਡਿੱਗਦੇ ਸੰਭਲ ਗੇ,
ਠੋਕਰ ਖਾ ਕੇ ਸਤਿਗੁਰ ਜਾ ਅਟਕੇ ਨਾਲ ਡਿਲਦੇ।

ਉਚ ਦੇ ਪੀਰ ਬਣ ਕੇ ਰਾਇ ਕੋਟ ਤੱਕ ਪਹੁੰਚਗੇ,
ਮੁਕਤਸਰ ਵੇਖਿਉਂ 'ਬਾਬੂ ਜੀ' ਕੀ ਕੀ ਗੁਲ ਖਿਲਦੇ।

ਤੋੜਾ

ਪਈ ਕਾਲੀ ਰਾਤ ਨਿਮਾਣੀ ਐ।
ਕਿਤੇ ਲੰਘਣਾ ਪੈਂਦਾ ਪਾਣੀ ਐ।
ਇਹ ਧਰਤੀ ਮੁਰਦੇ ਖਾਣੀ ਐ।
ਬਹਿ ਸੁਣ ਲੋ ਗੁਰ ਦੀ ਬਾਣੀ ਐ।
ਸਤਿਆ ਤਾਰ ਜੂ, ਮੇਰੀ ਹੂ ਜੀ।
ਤੇਰੇ ਸੇਵਕ ਦੀ ਹੂ ਜੀ।

ਕਲੀ-2

ਮਾਛੀਵਾੜੇ ਆ ਕੇ ਮੰਨ ਗਏ ਥਕੇਵਾਂ ਜੀ।
ਰੌੜ ਚੁਭਦੇ ਕੋਮਲ ਚਰਨਾਂ ਮੇਂ।
ਰੱਤ ਨਿਕਲੇ ਅੱਲਿਆਂ ਜ਼ਖ਼ਮਾਂ 'ਚੋਂ।
ਅੱਜ ਪੈ ਗੇ ਵਖ਼ਤ ਸਹਾਰਨੇ।

ਮੁਖੜਾ

ਮਾਛੀਵਾੜੇ ਆ ਕੇ ਮੰਨ ਗਏ ਸੀ ਥਕੇਵਾਂ ਜੀ,
ਰੌੜਾ ਰੱਖ ਕੇ ਸੌਂ ਗਏ ਸੀ ਹੇਠਾਂ ਗੁਰ ਸਿਰ ਦੇ।
ਬਾਈਚਾਨਸ ਆ ਗਹੇ ਮਾਨ ਸਿੰਘ ਤੇ ਧਰਮ ਸਿਉ,
ਤੀਜਾ ਦਿਆ ਸਿੰਘ ਆ ਗਿਆ ਸੀ ਭਾਲਦੇ ਫਿਰਦੇ।
ਦੇਖ ਗੁਰ ਨੂੰ ਧਰਤੀ ਪੈਰਾਂ ਹੇਠੋਂ ਨਿਕਲ ਗੀ,
ਨਿਮਸਕਾਰ ਕਰ ਕੇ ਸੀ ਚਰਨਾਂ ਤੇ ਗਿਰਦੇ।
ਭੁੱਬਾਂ ਨਿਕਲ ਗਈਆਂ ਦੇਖ ਮੁਸੀਬਤ ਸਤਿਗੁਰ ਦੀ,
ਛਮ ਛਮ ਰੋਈ ਜਾਂਦੇ ਨਾ ਰੋਵਣ ਤੋਂ ਵਿਰਦੇ।
ਚਕ ਕੇ ਲੈ ਗਏ ਨੇੜੇ ਬਾਗ ਮਸੰਦ ਗੁਲਾਬੇ ਦਾ,
ਸਾਰੇ ਮੁੱਠੀਆਂ ਭਰਦੇ ਸੀ ਬਹਿ ਕੇ ਚੌਗਿਰਦੇ।
ਨਗਰੋਂ ਜਾ ਕੇ ਲਿਆਤਾ ਦੁੱਧ ਮਸੰਦ ਗੁਲਾਬੇ ਨੇ।
ਭੁੱਖੇ ਕਈਆਂ ਡੰਗਾਂ ਦੇ ਸੀ ਕਾਲਜੇ ਘਿਰਦੇ।
ਅਗਲੀ ਰਾਤ ਗੁਲਾਬਾ ਲੈ ਗਿਆ ਬੀਚ-ਚੁਬਾਰੇ ਦੇ,
ਥਾਂ ਥਾਂ ਮੁਕਬਰ ਫਿਰਦੇ ਹਨ ਦੂਸਰੀ ਧਿਰ ਦੇ।
ਸੂਲਾਂ ਕਢ ਕੇ ਗੁਰ ਦੇ ਪੱਟੀਆਂ ਬੰਨ੍ਹੀਆਂ ਜ਼ਖ਼ਮਾਂ ਤੇ,
ਆਰਾਮ ਆ ਗਿਆ ਵੀਰਨ ਜੀ ਪੈ ਗੀ ਠੰਡ ਹਿਰਦੇ।

ਮਾਤਾ ਭਾਗੋ ਵਸਤੂ ਮੁੜਾਲੀ ਲੁੱਟੀ ਵੀ,
ਮੋੜ ਸਿੱਖੀ ਜੋੜਤੀ ਗੁਰਾਂ ਨੇ ਟੁੱਟੀ ਵੀ।

(4)
ਖੋਹਲੀ ਸੀ ਪੰਜਾਬ ਜੋ ਅਨੰਗਪਾਲ ਤੋਂ,
ਦੱਬਲੀ ਪਠਾਣਾਂ ਨੇ ਬਥੇਰੇ ਸਾਲ ਤੋਂ,
ਸਿੰਘਾਂ ਮੋੜੀ ਵੈਰੀ ਤੋਂ ਜੰਗੀਰ ਘੁੱਟੀ ਵੀ,
ਮੋੜ ਸਿੱਖੀ ਜੋੜਤੀ ਗੁਰਾਂ ਨੇ ਟੁੱਟੀ ਵੀ।

(5)
ਭਰੀ ਮਾਝੇ ਵਾਲਿਆਂ ਦੇ ਅਣਖ ਦਿਲ ਮੇਂ,
ਉੱਗਪੂ ਅਨਾਜ ਦਾਣਾ ਪੈ ਗਿਆ ਗਿੱਲ ਮੇਂ,
ਫੁੱਲ ਜੂ ਧਰਮ ਦੀ ਅੰਗੂਰੀ ਫੁੱਟੀ ਵੀ,
ਮੋੜ ਸਿੱਖੀ ਜੋੜਤੀ ਗੁਰਾਂ ਨੇ ਟੁੱਟੀ ਵੀ।

(6)
ਅੰਨ੍ਹ ਜਲ ਜਿੰਨ੍ਹਾਂ ਦੇ ਜਹਾਨੋਂ ਮੁੱਕੇ ਨਾ,
ਅਜਰਾਈਲ ਉਨ੍ਹਾਂ ਦੇ ਨਜ਼ੀਕ ਢੁੱਕੇ ਨਾ,
ਥਾਂ ਤੇ ਸੌਗੇ ਚੋਗ ਜਿਨ੍ਹਾਂ ਦੀ ਨਖੁੱਟੀ ਵੀ,
ਮੋੜ ਸਿੱਖੀ ਜੋੜਤੀ ਗੁਰਾਂ ਨੇ ਟੁੱਟੀ ਵੀ

(7)
ਪੱਖ ਬਾਜ਼ੀ ਛੋੜ੍ਹਕੇ ਕਿਤਾਬ ਲਿਖੀ ਦੀ,
ਆਗੇ ਘਰੇ ਝੋਲੜੀ ਭਰਾਕੇ ਸਿੱਖੀ ਦੀ,
'ਰੱਜਬਲੀ' ਮਿਲਗੀ ਗੁਰਾਂ ਤੋਂ ਛੁੱਟੀ ਵੀ,
ਮੋੜ ਸਿੱਖੀ ਜੋੜਤੀ ਗੁਰਾਂ ਨੇ ਟੁੱਟੀ ਵੀ।

ਬੈਂਤ-12

(1)
ਮਹਾਂ ਸਿੰਘ ਦੀ ਅਰਜ ਮਨਜ਼ੂਰ ਕਰਲੀ,
ਦਿੱਤਾ ਪਾੜ੍ਹ ਬੇਦਾਵੇ ਦੀ ਕਾਗਜ਼ੀ ਨੂੰ।

(2)
ਭੁੱਖੇ ਮਰਦੇ ਸੀ ਗਏ ਅਨੰਦਪੁਰ ਤੋਂ,
ਘਰੇ ਪਹੁੰਚਗੇ ਤਰਸਦੇ ਸਾਗਜ਼ੀ ਨੂੰ।

(3)
ਨਾਲ ਹਿੱਕ ਦੇ ਲਾ ਲਿਆ ਮੋੜ ਕੇ ਤੇ,
ਦਿੱਤਾ ਮਨੋਂ ਵਿਸਾਰ ਕੇ ਤਿਆਗ ਜੀਹਨੂੰ।

(4)
ਗੁਰਾਂ ਬਖ਼ਸ਼ ਲਿਆ ਵੇਖ ਅਜੀਜ਼ ਨੂੰ ਜੀ,
ਲੱਗਾ ਨਿਮਕ ਹਰਾਮੀ ਦਾ ਦਾਗ਼ ਜੀਹਨੂੰ।

(5)
ਉੱਤੇ ਸ਼ਮਾਂ ਦੇ ਜਲੇ ਪਤੰਗ ਵਾਂਗੂੰ,
ਸੱਚੇ ਗੁਰਾਂ ਦਾ ਸਖ਼ਤ ਵਰਾਗ ਜੀਹਨੂੰ।

(6)
ਪਰਵਾਹ ਕੀ ਮੋਤੀਆਂ ਹੀਰਿਆਂ ਦੀ,
ਆ ਗਿਆ ਚਮਕਦਾ ਨਜ਼ਰ ਚਰਾਗ਼ ਜੀਹਨੂੰ।

(7)
ਰੰਗਿਆ ਗਿਆ ਹੈ ਜਿਵੇਂ ਮਜੀਠ ਅੰਦਰ,
ਸੱਚੇ ਨਾਮ ਦੀ ਲੱਗਗੀ ਜਾਗ਼ ਜੀਹਨੂੰ।

(8)
ਬੂਰਾ ਸੱਚੀ ਸਰਕਾਰ ਦਾ ਲੋੜਦੇ ਨੇ,
ਲੱਗੀ ਕਿਸੇ ਕਮਬਖ਼ਤ ਦੀ ਲਾਗ਼ ਜੀਹਨੂੰ।

(9)
ਭਰ ਜਾਂਦੀਆਂ ਡੁੱਬੀਆਂ ਬੇੜੀਆਂ ਨੇ,
ਲਾਉਣੇ ਗੁਰੂ ਸਾਹਿਬ ਨੇ ਭਾਗ ਜੀਹਨੂੰ।

(10)
'ਬਾਬੂ' ਸਾਹਬ ਜੀ ਸਦਾ ਬਹਾਰ ਲੈਂਦੇ,
ਮਿਲੇ ਵਿੱਚ ਸਵਰਗ ਦੇ ਬਾਗ਼ ਜੀਹਨੂੰ।

(6)
ਗੁਰੂ ਸਾਹਬ ਤਰੰਗ ਤੋਂ ਉੱਤਰਦੇ ਸੀ,
ਗਰਮ ਰੇਤ ਮਹੀਨੜੇ ਹਾੜ ਦੇ ਜੀ।

(7)
ਮਹਾਂ ਸਿੰਘ ਸੁਣਾਂਵਦਾ ਖੇਲ ਥੋਡੀ,
ਆਏ ਧੁਰਾਂ ਤੋਂ ਅਸੀਂ ਵਿਗਾੜਦੇ ਜੀ।

(8)
ਬੇੜਾ ਡੁੱਬਿਆ ਕੱਢ ਸਮੁੰਦਰਾਂ 'ਚੋਂ,
ਜਿਵੇਂ ਤਾਰਤੇ ਮੁਲਕ ਬਰਾੜ ਦੇ ਜੀ।

(9)
ਭਾਵੇਂ ਬਾਗ਼ ਬਣਾ ਦਿਓ ਬੂਝਿਆਂ ਨੂੰ,
ਭਾਵੇਂ ਫੂਕਦੇ ਵਾਂਗ ਸਲਵਾੜ ਦੇ ਜੀ।

(10)
ਭਾਵੇਂ ਰੱਖਦੈ ਸ਼ਰਮ ਨਿਤਾਣਿਆਂ ਦੀ,
ਭਾਵੇਂ ਕੱਡ ਕਸੂਰ ਪਛਾੜ ਦੇ ਜੀ।

(11)
ਭਾਵੇਂ ਕਹਿਰ ਕਰਦੇ ਕਹਿਰਵਾਨ ਹੋਕੇ,
ਖੋਲ੍ਹ ਨਰਕ ਦੀ ਕੋਠੜੀ ਵਾੜ ਦੇ ਜੀ।

(12)
ਭੇਜ ਰੱਬ ਦੇ ਪਾਸ ਬਹਿਸ਼ਤ ਨੂੰ ਜੀ,
ਹੱਥੀਂ ਵਿੱਚ ਬਬਾਨ ਦੇ ਚਾੜ੍ਹ ਦੇ ਜੀ।

(13)
ਮੋੜ ਮੋੜਕੇ ਸਿੱਖ ਨੇ ਹੱਥ ਜੋੜੇ,
ਸਾਡੀ ਲਿਸਟ ਗੁਨਾਹਾਂ ਦੀ ਪਾੜ੍ਹ ਦੇ ਜੀ।

(14)
ਜਿਹੜੀ ਕਾਗਜ਼ੀ ਲਿਖੀ ਬੇਦਾਵਿਆਂ ਦੀ,
ਕੱਢ ਜੇਬ 'ਚੋਂ ਕਾਗਜ਼ੀ ਫਾੜ੍ਹ ਦੇ ਜੀ।

(15)
ਨਬਜ਼ ਟੁੱਟਗੀ ਸਾਸ ਅਖ਼ੀਰ ਦੇ ਸੀ,
ਰੱਤ ਪੱਤਰੇ ਰੰਗਤੇ ਤਾੜ ਦੇ ਜੀ।

(16)
'ਬਾਬੂ' ਮਹਾਂ ਸਿੰਘ ਅੱਖੀਆਂ ਮੀਚ ਜਾਂਦਾ,
ਗੁਰੂ ਗਰਦ ਸਰੀਰ ਦੀ ਝਾੜ੍ਹਦੇ ਜੀ।

॥ ਦੋਹਿਰਾ ॥
ਗੁਰੂ ਪੂਤਲਾ ਧਰਮ ਦਾ, ਧਰਮ ਬੀਚ ਭਰਪੂਰ।
ਤਰਸ ਆ ਗਿਆ ਵੇਖਕੇ, ਅਰਜ਼ ਕਰੀਂ ਮਨਜ਼ੂਰ

ਮੁਕੰਦ ਛੰਦ-11

(1)
ਮਾਰਕੇ ਪਠਾਣਾਂ ਨੂੰ ਲਗਾਤੇ ਢੇਰ ਜੀ,
ਹੋਗੇ ਸਾਰੇ ਮਾਝੇ ਦੇ ਫੱਟੜ ਸ਼ੇਰ ਜੀ,
ਬਾਕੀ ਫੌਜ਼ ਮੁੜਗੀ ਪਿਛਾਂਹ ਨੂੰ ਕੁੱਟੀ ਵੀ,
ਮੋੜ ਸਿੱਖੀ ਜੋੜਤੀ ਗੁਰਾਂ ਨੇ ਟੁੱਟੀ ਵੀ।

(2)
ਇੱਕ ਵਾਰੀ ਫੇਰ ਕ੍ਰਿਪਾਨਾਂ ਝਟਕੇ,
ਮੁਗ਼ਲ ਪਠਾਣ ਟੱਪ ਜਾਣ ਅਟਕੇ,
ਫੇਰ ਕਦੇ ਲੱਗਗੀ ਐਹੋ ਜੀ ਝੁੱਟੀ ਵੀ,
ਮੋੜ ਸਿੱਖੀ ਜੋੜਤੀ ਗੁਰਾਂ ਨੇ ਟੁੱਟੀ ਵੀ।

(3)
ਆਗੇ ਸੀ ਅਨੰਦਪੁਰ ਗੁਆਕੇ ਗੱਭਰੂ,
ਰੱਖਲੀ ਮੁਕਤਸਰ ਆਕੇ ਅੱਥਰੂ,

(3)
ਕਾਕੀਆਂ ਚੱਕਣ ਵੱਸਨੇ ਦਾ ਰੱਜ ਨੀ,
ਟਕੇ-ਟਕੇ ਵੇਚਦੇ ਲਿਜਾਕੇ ਗਜ਼ਨੀ,
ਦਸ਼ਮੇਸ਼ ਜਿਉਂਦਾ ਰਿਹਾ ਹਟਾਦੂ ਸੈਲਾਂ ਤੋਂ,
ਵੀਹ ਹਜ਼ਾਰ ਹਾਰੇ ਚਾਲੀਆ ਮਝੈਲਾਂ ਤੋਂ।

(4)
ਪਾਸ ਛੀਵੇਂ ਗੁਰੂ ਦੇ ਹਮੇਸ਼ਾ ਰਹਿੰਦੇ ਖਾਂ,
ਮਾਰਿਆ ਲਲਕਾਰ ਨੇ ਪਠਾਣ ਪੈਂਦੇ ਖ਼ਾਂ,
ਸਿੰਘ ਸਤਿਗੁਰ ਦੇ ਦਲੌਰ ਪਹਿਲਾਂ ਤੋਂ,
ਵੀਹ ਹਜ਼ਾਰ ਹਾਰੇ ਚਾਲੀਆਂ ਮਝੈਲਾਂ ਤੋਂ।

(5)
ਜਿਹੜੇ ਭਾਰੇ ਸੂਬੇ ਦੇ ਜੁਆਨ ਕਾਰਮੇ,
ਮਾਰ ਲੰਮੇ ਪਾਤੇ ਮਾਲਵੇ ਦੀ ਬਾਰ ਮੇਂ,
ਘਰੇ ਪਹੁੰਚਿਆ ਜਾਣਾ ਨੀ ਜੁਆਨ ਸ਼ੈਲਾਂ ਤੋਂ,
ਵੀਹ ਹਜ਼ਾਰ ਹਾਰੇ ਚਾਲੀਆਂ ਮਝੈਲਾਂ ਤੋਂ।

(6)
'ਬਾਬੂ' ਕਮੀ ਪਾਣੀ ਦੀ ਸਤਾਵੇ ਗਰਮੀ,
ਬੋਲਦਾ ਰਟੈਰ ਮੰਨਕੇ ਬੇਸ਼ਰਮੀ,
ਮੁੜ ਪਿਆ ਪਿਛਾਂਹ ਸਲਾਹ ਲੈ ਜਰਨੈਲਾਂ ਤੋਂ,
ਵੀਹ ਹਜ਼ਾਰ ਹਾਰੇ ਚਾਲੀਆਂ ਮਝੈਲਾਂ ਤੋਂ।

ਕਬਿੱਤ-9

(1)
ਖਿਦਰਾਣੇ ਢਾਬ ਤੇ ਲੜਾਈ ਹੋਈ ਸੂਰਮਿਆਂ ਦੀ,
ਚਾਲੀਆਂ ਸਿੰਘਾਂ ਲੇ ਵੀਹ ਪੱਚੀ ਹਜ਼ਾਰ ਥੰਮੇ ਸੀ।
ਗੁਰੂ ਜੀ ਗੋਬਿੰਦ ਸਿੰਘ ਵੇਖਦੇ ਹਵਾਲ ਸਾਰਾ,
ਸਲਵਾਰਾਂ ਭਿੱਜੀਆਂ ਪਿੰਡਿਆਂ ਤੇ ਲਹੂ ਜੰਮੇ ਸੀ।
ਕਈਆਂ ਦੇ ਬੱਬਰ ਦਿੱਤੇ ਪਾੜ੍ਹ ਤਲਵਾਰਾਂ ਨਾਲ,
ਕਈ ਜੋਧੇ ਧਨੁਸ਼ ਚਲਾਕੇ ਬਣ ਥੰਮੇ ਸੀ।

'ਰੱਜਬਲੀ' ਖਾਨ ਜੁਆਨ ਗੱਭਰੂ ਪਹਾੜਾਂ ਜੈਸੇ,
ਮਾਰ ਮਾਰ ਗੁਰਜਾਂ ਜਿਮੀਂ ਤੇ ਪਾਤੇ ਲੰਮੇ ਸੀ।

(2)
ਮਾਤਾ ਭਾਗੋ ਸਣੇ ਤਿੰਨ ਚਾਰ ਕੁ ਫੱਟੜ ਹੋਰਗੇ,
ਚਾਲੀ ਸਿੰਘ ਮਾਝੇ ਦੇ ਸ਼ਹੀਦੀ ਸਾਰੇ ਪਾਗੇ ਸੀ।
ਮਾਰ ਤਲਵਾਰਾਂ ਖੱਪੇ ਖੋਲ੍ਹਤੇ ਬਹਾਦਰਾਂ ਨੇ,
ਲਹੂ ਦੀ ਨਹਿਰ ਚੱਲਗੀ ਲਹੂ ਦੇ ਵਿੱਚ ਨ੍ਹਾਹਗੇ ਸੀ।
ਇੱਕ ਇੱਕ ਜੁਆਨ ਕਈ ਸੈਂਕੜਿਆਂ ਨੂੰ ਮਾਰਕੇ ਤੇ,
ਸੂਰਮਿਆਂ ਦੇ ਵਿੱਚ ਨਾਮ ਦਰਜ਼ ਕਰਾਗੇ ਸੀ।
'ਬਾਬ' ਮਹਾਂ ਸਿੰਘ ਪਿਆ ਸਹਿਕਦਾ ਮੈਦਾਨ ਵਿੱਚ,
ਗੁਰੂ ਜੀ ਗੋਬਿੰਦ ਸਿੰਘ ਉਹਦੇ ਕੋਲ ਆਗੇ ਸੀ।

ਬੈਂਤ-10

(1)
ਖਾਨ ਪਕੜ ਵਿਚਾਲਿਉਂ ਪਾੜ ਤੇ ਸੀ,
ਬੱਚ ਖੁੱਲ੍ਹਗੇ ਬਾਘ ਬਘਿਆੜ ਦੇ ਜੀ।

(2)
ਧਿਆਏ ਮੁਗ਼ਲ ਪਠਾਣ ਸਨ ਕੂਚ ਕਰਗੇ,
ਰਹਿਣ ਵਾਲੜੇ ਸਰਦ ਪਹਾੜ ਦੇ ਜੀ।

(3)
ਗੁਰੂ ਤੋਪ ਬੰਦੂਕ ਦੀ ਗਰਜ਼ ਸੁਣਕੇ,
ਘੋੜਾ ਛੇੜ ਲਿਆ ਤਰਫ਼ ਉਜਾੜ ਦੇ ਜੀ।

(4)
ਲੈਂਦੇ ਵੇਖ ਤਮਾਸ਼ੜਾ ਕੁਦਰਤਾਂ ਦਾ,
ਖੁੱਲ੍ਹੇ ਪਏ ਭਰਾੜ ਜੇ ਧਾੜ ਦੇ ਜੀ।

(5)
ਚਾਲੀ ਸਿੰਘ ਚੁਤਾਲੀਆਂ 'ਚੋਂ,
ਚਾਰ ਫ਼ਟੇ ਵੇ ਸਿੰਘ ਝੰਗ੍ਰਿਆੜਦੇ ਜੀ।

ਮੁਕੰਦ-ਛੰਦ-7

(1)

ਗੁਰੂ ਸਾਹਬ ਆਗੇ ਖਿਦਰਾਣੇ ਢਾਬ ਤੇ,
ਮੁਗ਼ਲਾਂ ਨੇ ਧਾਵਾ ਬੋਲਣਾ ਜਨਾਬ ਤੇ,
ਦੇਲੀਆਂ ਵਖਾਲੀਆਂ ਜਰਦ ਚੋਲਿਆਂ ਨੇ,
ਸ਼ਹਿਨ ਸ਼ਾਹੀ ਫੌਜ ਰੋਕਲੀ ਬਰੋਲਿਆਂ ਨੇ।

(2)

ਸਹਿਜ਼ ਸਹਿਜ਼ ਚੱਲਦਾ ਰਸਾਲਾ ਮੁਗ਼ਲੀ,
ਜਾਣੀ ਫੌਜ ਸਿੰਘਾਂ ਦੀ ਪਤਾਲੋਂ ਉਗਲੀ,
ਡੰਗਤੇ ਸਪੋਲੀਏ ਜ਼ਹਿਰ ਘੋਲਿਆਂ ਨੇ,
ਸ਼ਹਿਨਸ਼ਾਹੀ ਫੌਜ ਰੋਕਲੀ ਬਰੋਲਿਆ ਨੇ।

(3)

ਲੱਗੀ ਨਾ ਖ਼ਬਰ ਮਾਝੇ ਵਾਲੀ ਧਾੜ ਦੀ,
ਇੱਕੋ ਵਾਰੀ ਲਹਿਪੇ ਜਿਉਂ ਅੰਧੇਰੀ ਹਾੜ੍ਹ ਦੀ,
ਆਲ੍ਹਕ ਕਰੀ ਲਾ ਜੁਆਨਾਂ ਦੇ ਮਧੋਲਿਆਂ ਨੇ,
ਸ਼ਹਿਨਸ਼ਾਹੀ ਫ਼ੌਜ ਰੋਕਲੀ ਬਰੋਲਿਆਂ ਨੇ।

(4)

ਲੱਗ ਜਾਂਦੇ ਤੀਰ ਵਰ੍ਹਨ ਕਮਾਣਾਂ ਦੇ,
ਲਾਲ ਟੋਭਾ ਬਣ ਗਿਆ ਵਿਚਾਲੇ ਵਾਣ੍ਹਾਂ ਦੇ,
ਮਿੱਧੇ ਸਾਥੀ ਨਾਲ ਦੇ ਡਰੇ ਵੇ ਟੋਲਿਆਂ ਨੇ,
ਸ਼ਹਿਨਸ਼ਾਹੀ ਫੌਜ ਰੋਕਲੀ ਬਰੋਲਿਆ।

(5)

ਕ੍ਰਿਪਾਨਾਂ ਇੱਕ ਨੇ ਦਸਾਂ 'ਚੋਂ ਖਿੱਚੀਆਂ,
ਦੂਰ ਉਡ ਜਾ ਪਈਆਂ ਧੜਾਂ ਤੋਂ ਗਿੱਚੀਆਂ,
ਸਾਰਾ ਜ਼ੋਰ ਨਾ ਲਿਆ ਮੁਗ਼ਲਾਂ ਦੇ ਗੋਲਿਆਂ ਨੇ,
ਸ਼ਹਿਨਸ਼ਾਹੀ ਫੌਜ ਰੋਕਲੀ ਬਰੋਲਿਆਂ ਨੇ।

(6)

ਲੈਗੇ ਨਾਲ ਮੌਤ ਨਾਮੁਰਾਦ ਡੈਣ ਨੂੰ,
ਸ਼ੱਤਰੀ ਛਡਾਉਣਗੇ ਰਤਨ ਸੈਨ ਨੂੰ,

ਦਿੱਲੀ ਜਾ ਕੇ ਪਾਤਾ ਜਿਉਂ ਖ਼ੁਰਦ ਡੋਲਿਆਂ ਨੇ,
ਸ਼ਹਿਨਸ਼ਾਹੀ ਫੌਜ ਰੋਕਲੀ ਬਰੋਲਿਆਂ ਨੇ।

(7)

ਮੁਗ਼ਲਾਂ ਦੀ ਫੌਜ ਵੀਹ ਹਜ਼ਾਰ ਹੋਣੀ ਐਂ,
ਚੁਗੇ ਜਿਵੇਂ ਚੁਗਦੀ ਕਪਾਹ ਨੂੰ ਚੋਣੀ ਐਂ,
ਫੜ੍ਹ ਪੱਕੇ ਸੇਰ ਨੂੰ ਰੰਗਾਤਾ ਤੋਲਿਆਂ ਨੇ,
ਸ਼ਹਿਨਸ਼ਾਹੀ ਫੌਜ ਰੋਕਲੀ ਬਰੋਲਿਆਂ ਨੇ।

(8)

'ਬਾਬੂ' ਹੋ ਗਿਆ ਨਾਲ ਦਾ ਰਵਾਨਾ ਕਾਫ਼ਲਾ,
ਨਾਮ ਸੱਚੇ ਰੱਬ ਦਾ ਧਿਆਲੈ ਗਾਫ਼ਲਾ,
ਦੋਜ਼ਖਾਂ 'ਚ ਸੜਨਾ ਸਰੀਰ ਕੋਲਿਆਂ ਨੇ,
ਸ਼ਹਿਨਸ਼ਾਹੀ ਫੌਜ ਰੋਕਲੀ ਬਰੋਲਿਆਂ ਨੇ।

॥ ਦੋਹਿਰਾ ॥

ਸੂਬਾ ਜੀ ਘਬਰਾ ਗਏ, ਮਰੇ ਧਿਆਈ ਫੌਜ।
ਫੌਜ ਪਿਛਾਂਹ ਨੂੰ ਮੋੜਲੀ, ਪੰਜ ਛੀ ਘੰਟੇ ਖੋਜ਼।

ਮੁਕੰਦ-ਛੰਦ-8

(1)

ਮੁੜੇ ਅਨੰਦਪੁਰ ਤੋਂ ਬੇਦਾਵਾ ਲਿਖ ਜੀ,
ਮਾਝੇ ਦੇ ਇਲਾਕੇ ਦੇ ਸੀ ਚਾਲੀ ਸਿੱਖ ਜੀ,
ਆਗੇ ਭੁੱਖੇ ਮਰਦੇ ਬਗੈਰ ਟੈਹਲਾਂ ਤੋਂ,
ਵੀਹ ਹਜ਼ਾਰ ਹਾਰੇ ਚਾਲੀਆਂ ਮਝੈਲਾਂ ਤੋਂ।

(2)

ਡੋਬੀ ਜਾਂਦੇ ਮੁਗ਼ਲ ਜਹਾਜ਼ ਲਾਜਾਂ ਦੇ,
ਮੂੰਹ ਨੂੰ ਰੱਤ ਲੱਗੀ ਵੀ ਧਿਆਏ ਬਾਜ਼ਾਂ ਦੇ,
ਜ਼ੁਲਮੀ ਪਠਾਣ ਨਾ ਟਲਣ ਵੈਲਾਂ ਤੋਂ।
ਵੀਹ ਹਜ਼ਾਰ ਹਾਰੇ ਚਾਲੀਆਂ ਮਝੈਲਾਂ ਤੋਂ।

(2)
ਹਵਾ ਲੱਗੀ ਜ਼ਿਲ੍ਹੇ ਅੰਮ੍ਰਿਤਸਰ ਦੀ,
ਕਈਆਂ ਕਹਿਕੇ ਭੈਣਾਂ ਤੋਂ ਧੁਆਲੀ ਬਰਦੀ,
ਨਵਾਂ ਰੰਗ ਦੇ ਲਿਆ ਦਸਤਾਰਿਆਂ ਨੀਲਿਆਂ ਨੂੰ,
ਤਰਕ ਮਾਰ ਪਾਣ ਚਾੜ੍ਹਤੀ ਜੋਸ਼ੀਲਿਆਂ ਨੂੰ।

(3)
ਮਾਵਾਂ ਢੂਕ ਕੰਨਾਂ 'ਚ ਐਹੋ ਜੀ ਮਾਰਤੀ,
ਆਈ ਊਂਘ ਸ਼ੀਂਹਾਂ ਪੁੱਤਾਂ ਦੀ ਉਤਾਰਤੀ,
ਕਿੱਲੇ ਪੱਕੇ ਲੋਹੇ ਦੇ ਬਣਾਤਾ ਤੀਲਿਆਂ ਨੂੰ,
ਤਰਕ ਮਾਰ ਪਾਣ ਚਾੜ੍ਹਤੀ ਜੋਸ਼ੀਲਿਆਂ ਨੂੰ।

(4)
ਕੋਲੇ ਬਹਿਕੇ ਪਿਊਵਾਂ ਨੇ, ਸ਼ਰਮ ਲਾਜ਼ਾਂ ਦੇ,
ਲਾਤਾ ਲਹੂ ਮੂੰਹਾਂ ਨੂੰ ਧਿਆਏ ਬਾਜਾਂ ਦੇ,
ਕੀਤਾ ਚੌਂਹ ਕੁ ਦਿਨਾਂ 'ਚ ਤਿਆਰ ਘੀਲਿਆਂ ਨੂੰ।
ਤਰਕ ਮਾਰ ਪਾਣ ਚਾੜ੍ਹਤੀ ਜੋਸ਼ੀਲਿਆਂ ਨੂੰ।

(5)
ਘੱਤੀਆਂ ਸੁਗੰਧਾਂ ਸੀ ਖਲ੍ਹੋਕੇ ਸੱਥ 'ਚੈ,
ਲੈ ਲੀ ਮਹਾਂ ਸਿਓ ਨੇ ਕ੍ਰਿਪਾਨ ਹੱਥ 'ਚੈ,
ਟੱਪ ਜਾਂਦੇ ਪੱਤਣੋਂ ਦਰਿਆ ਦੇ ਚੀਲ੍ਹਿਆਂ ਨੂੰ,
ਭਰਕ ਮਾਰ ਪਾਣ ਚਾੜ੍ਹਤੀ ਜੋਸ਼ੀਲਿਆਂ ਨੂੰ।

(6)
ਤਲੀ ਉੱਤੇ ਜ਼ਿੰਦ ਧਰੀਂ ਵੀ ਨਿਹੰਗਾਂ ਦੇ,
ਜਾਣ ਜੱਥੇ ਭੂਛਰੇ ਪੰਜਾਬੀ ਸਿੰਘਾਂ ਦੇ,
ਰਾਮੇ ਆਣੇ ਮੱਲਕੇ ਖੜ੍ਹੋਗੇ ਟੀਲਿਆਂ ਨੂੰ,
ਤਰਕ ਮਾਰ ਪਾਣ ਚਾੜ੍ਹਤੀ ਜੋਸ਼ੀਲਿਆਂ ਨੂੰ।

(7)
ਆਫਰਿਆ ਵਜ਼ੀਦ ਖਾਨ ਪਾਲੂ ਮੂੰਹ 'ਚ ਨਾ,
ਗੁਰਾਂ ਤਾਈਂ ਦੇਣੇ ਪਹੁੰਚਣ ਗੜ੍ਹੂਚ ਨਾ,

ਬੰਨ੍ਹਤੇ ਵਛੇਰੇ ਸੀ ਗਡਾ ਕੇ ਕੀਲਿਆਂ ਨੂੰ,
ਤਰਕ ਮਾਰ ਪਾਣ ਚਾੜ੍ਹਤੀ ਜੋਸ਼ੀਲਿਆਂ ਨੂੰ।

(8)
ਮਾਤਾ ਭਾਗੋ ਮਹਾਂ ਸਿਉਂ ਸੁਣਾਉਂਦੀ ਸਾਥੀ ਨੂੰ,
ਜਦੋਂ ਚਾਹੇ ਕੀੜੀ ਤੋਂ ਮਰਾਦੇ ਹਾਥੀ ਨੂੰ,
'ਬਾਬੂ' ਸੱਚਾ ਮਾਲਕ ਬਣਾਦੇ ਹੀਲਿਆਂ ਨੂੰ,
ਤਰਕ ਮਾਰ ਪਾਣ ਚਾੜ੍ਹਤੀ ਜੋਸ਼ੀਲਿਆਂ ਨੂੰ।

ਕਬਿੱਤ-6

(1)
ਜਿਸ ਵੇਲੇ ਮੁਗ਼ਲਾਂ ਸੀ ਘੇਰ ਲਿਆ ਅਨੰਦਪੁਰ,
ਮਾਰ ਲਲਕਾਰੇ ਜੁਆਨ ਚੜ੍ਹਗੇ ਛੱਤਣ ਨੂੰ।
ਲੈ ਕੇ ਤੇ ਬੇਦਾਵਾ ਘਰ ਪਹੁੰਚਗੇ ਮਝੈਲ ਸਾਰੇ,
ਔਰਤਾਂ ਲੜ੍ਹਨ ਘਰੋਂ ਛੱਡਗੇ ਵਤਨ ਨੂੰ।
ਨਾਲ ਮਾਤਾ ਭਾਗੋ ਸਣੇ ਸਿੰਘ ਮਾਝੇ ਦੇ ਚੁਤਾਲੀ ਹੋਣੇ,
ਮਾਲਵੇ 'ਚ ਆਗੇ ਲੰਘ ਹਰੀਕੇ ਪੱਤਣ ਨੂੰ।
ਭੀੜ ਬਣੀ ਵੇਲੇ ਦੇਊ ਮੱਦਦ ਗੁਰੂ ਸਾਹਬ ਤਾਈਂ,
ਟੁੱਟੀ ਸਿੱਖੀ ਜੁੜੇ 'ਬਾਬੂ' ਕਰਦੇ ਯਤਨ ਨੂੰ।

(2)
ਰਾਮੇ ਆਣਿਉਂ ਕੂਚ ਜਦੋਂ ਕਰ ਲਿਆ ਸਤਿਗੁਰਾਂ ਨੇ,
ਐਨੇ ਫੌਜ ਪਹੁੰਚਗੀ ਵਜ਼ੀਦ ਖਾਂ ਨਵਾਬ ਦੀ।
ਟਿੱਬੀ ਸਾਹਬ ਕੋਲੋ ਸਿੰਘ ਮੋਰਚੇ ਪੱਟਣ ਲੱਗੇ,
ਪਹਿਨਲੇ ਹਥਿਆਰ ਓਟ ਖਿਦਰਾਣੇ ਢਾਬ ਦੀ।
ਮਾਤਾ ਭਾਗੋ ਸਣੇ ਜਿਹੜੇ ਮਾਝੇ ਦੇ ਸੀ ਚਾਲੀ ਸਿੰਘ,
ਕਰਦੇ ਮੱਦਦ ਹੋ ਵਿਚਾਲੇ ਗੁਰੂ ਸਾਹਬ ਦੀ।
ਜੰਗ ਮੁਕਤਸਰ ਦਾ ਬਣਾਦੇ ਸਾਰਾ ਰੀਝ ਲਾ ਕੇ,
'ਰੱਜਬਲੀ' ਚੰਗੂੰ ਠੁੱਕ ਬੱਝ ਜੇ ਕਿਤਾਬ ਦੀ।

॥ ਦੋਹਿਰਾ ॥
ਸ਼ਾਹੀ ਫੌਜਾਂ ਆਉਂਦੀਆਂ, ਗੁਰੂ ਸਾਹਬ ਕੁਝ ਦੂਰ।
ਰੋਕਣ ਮਾਝਿਓਂ ਸੂਰਮੇ, ਬੜੇ ਜੁਆਨ ਮਸ਼ਹੂਰ।

ਮੁਕੰਦ-ਛੰਦ-4

(1)

ਆਗੇ ਸਿੰਘ ਲੋਕਾਂ ਨੇ ਬੁਲਾਰਾ ਸੁਣ ਲਿਆ,
ਰਲ ਸਾਰਿਆਂ ਨੇ ਸਰਦਾਰ ਚੁਣ ਲਿਆ,
ਚਾਅ ਨਾ ਚੱਕਿਆ ਜਾਂਵਦਾ ਕੇਹਰ ਲੱਥੇ ਦਾ।
ਮਹਾਂ ਸਿਉ ਮੋਹਰੀ ਮਾਝੇ ਦੇ ਦਲੇਰ ਜੱਥੇ ਦਾ।

(2)

ਪਾਲ਼ਿਆ ਮਾਂ ਨੇ ਬੂਰੀ ਮੈਂਹ ਚੁੰਘਾਕੇ ਮੱਲ ਨੂੰ,
ਬਾਣਾ ਸੂਰ ਵਾਂਗਰਾਂ ਸਹਾਰੇ ਬੱਲ ਨੂੰ,
ਕੌਣ ਧੱਫਾ ਝੱਲੇ ਸ਼ੇਰ ਦੇ ਭਲੱਥੇ ਦਾ,
ਮਹਾਂ ਸਿਉ ਮੋਹਰੀ ਮਾਝੇ ਦੇ ਦਲੇਰ ਜੱਥੇ।

(3)

ਕੌੜੀ ਅੱਖ ਝਾਕਣੀ ਬਘਿਆੜ ਵਰਗੀ,
ਗੋਲ਼ ਚਿਹਰਾ ਗੋਲ਼ ਮੂੰਹ ਜੁਆਨੀ ਭਰਗੀ,
ਲਾਲ ਵਾਂਗੂੰ ਮਾਰੇ ਚਮਕਾਰਾ ਮੱਥੇ ਦਾ,
ਮਹਾਂ ਸਿਉ ਮੋਹਰੀ ਮਾਝੇ ਦੇ ਦਲੇਰ ਜੱਥੇ ਦਾ।

(4)

ਢਾਲ ਝਾਲ ਝੱਲੀ ਵੀ ਹਜ਼ਾਰਾਂ ਵਾਰਾਂ ਦੀ,
ਤਿੱਖਾ ਸੇਲਾ ਬਣਿਆਂ ਕੌਟਲੀ ਲੁਹਾਰਾਂ ਦੀ,
ਸਿਰੀ ਸਾਹਬ ਸੱਜਦਾ ਸੁਨਹਿਰੀ ਹੱਥੇ ਦਾ,
ਮਹਾਂ ਸਿਉ ਮੋਹਰੀ ਮਾਝੇ ਦੇ ਦਲੇਰ ਜੱਥੇ ਦਾ।

(5)

ਕਾਲਾ ਸਾਫ਼ਾ ਸੋਹੇ ਚੱਕਰ ਫੌਲਾਦ ਦਾ,
ਸੁੱਚੇ ਹੱਥ ਗੱਤਕਾ ਸਿਖਾਇਆ ਸਾਧ ਦਾ,
ਸਾਰਾ ਵੱਲ ਜਾਣੇ ਗੱਭਰੂ ਭਲੱਥੇ ਦਾ,
ਮਹਾਂ ਸਿਉ ਮੋਹਰੀ ਮਾਝੇ ਦੇ ਦਲੇਰ ਜੱਥੇ ਦਾ।

(6)

ਚੜ੍ਹੀ ਪਲਟਨ ਬਾਦਸ਼ਾਹ ਵਜ਼ੀਰਾਂ ਦੀ,
ਐਸ ਵਜ੍ਹਾ ਬਾਰਸ਼ ਵਸਾਵੇ ਤੀਰਾਂ ਦੀ,

ਜਿਵੇਂ ਬਾਣ ਖਿੱਚਦਾ ਦਰੋਣਾ ਭੱਥੇ ਦਾ।
ਮਹਾਂ ਸਿਉ ਮੋਹਰੀ, ਮਾਝੇ ਦੇ ਦਲੇਰ ਜੱਥੇ ਦਾ।

(7)

ਚੌੜੀ ਹਿੱਕ ਬੱਜ਼ਰ ਸਮਾਨ ਬਾਹੂ ਜੀ,
ਦੇਸ਼ ਪ੍ਰਦੇਸ਼ ਦੇ ਪਠਾਣ ਢਾਹੂ ਜੀ
ਸਿੱਟੀ ਜਾਊ ਭਰਕੇ ਕਲਾਵਾ ਦੱਥੇ ਦਾ,
ਮਹਾਂ ਜਿਉਂ ਮੋਹਰੀ ਮਾਝੇ ਦੇ ਦਲੇਰ ਜੱਥੇ ਦਾ।

(8)

ਚਾਰ ਮਸ਼ਹੂਰ ਜੁੜੀਆਂ ਅਲੈਵਣਾਂ,
ਪਾ ਸ਼ਹੀਦੀ ਵਾਪਸ ਬੇਦਾਵਾ ਲੈਵਣਾ,
ਮੋੜੋ ਮੂੰਹ ਵਜ਼ੀਦ ਖਾਂ ਸਰਹੰਦੋਂ ਲੱਥੇ ਦਾ,
ਮਹਾਂ ਸਿਉਂ ਮੋਹਰੀ ਮਾਝੇ ਦੇ ਦਲੇਰ ਜੱਥੇ ਦਾ।

(9)

ਬੱਤੀ ਚੱਕ ਸ਼ੇਰ ਖਾਂ ਲਗਾ ਲਿਆ ਬਾਗ ਲਾ,
ਅੰਬ ਅਮਰੂਦ ਮਾਲਟਿਆਂ ਦੀ ਲਾਗ ਲਾ,
ਵਲ ਤਾ ਚੁਫ਼ੇਰਾ ਸਬਜ਼ ਸੁਨੱਥੇ ਦਾ,
ਮਹਾਂ ਸਿਉਂ ਮੋਹਰੀ ਮਾਝੇ ਦੇ ਦਲੇਰ ਜੱਥੇ ਦਾ।

॥ ਦੋਹਿਰਾ ॥

ਮਿਹਣੇ ਮਾਰਨ ਔਰਤਾਂ, ਨਾਲ ਸ਼ਰਮ ਦੇ ਗਹਿਣ।
ਜਿਉਂ ਝੱਲ ਨੂੰ ਅੱਗ ਲੱਗਗੀ, ਨਾ ਖੜਦੇ ਨਾ ਬਹਿਣ।

ਮੁਕੰਦ-ਛੰਦ-5

(1)

ਮਾਤਾ ਭਾਗੋ ਮਾਰਦੀ ਹਿੱਕਾਂ 'ਚ ਕਾਨੀਆਂ,
ਘਰੇ ਫਿਟਕਾਰਾਂ ਦਿੰਦੀਆਂ ਜ਼ਨਾਨੀਆਂ,
ਚਾਹ ਕਰਨ ਖੋਹ ਲਿਆ ਹੱਥਾਂ 'ਚੋਂ ਪਤੀਲਿਆਂ ਨੂੰ,
ਤਰਕ ਮਾਰ ਪਾਣ ਚਾੜ੍ਹਤੀ ਜੋਸ਼ੀਲਿਆਂ ਨੂੰ।

ਬਾਹਰੋਂ ਰਾਸ਼ਨ ਪਹੁੰਚੇ ਨਾ, ਘੇਰਲੇ ਮੁਗ਼ਲ ਪਠਾਣਾਂ ਚਿਰਦੇ,
ਜੁਆਨ ਮੂੰਹੋਂ ਬੋਲਦੇ ਨਾ, ਅੱਖਾਂ 'ਚੋਂ ਫਰਨ ਫਰਨ ਜਲ ਗਿਰਦੇ।

(8)

ਪਏ ਨੈਣ ਉਛੱਲਦੇ ਜੀ, ਪੈਂਦੀਆਂ ਝਾਲ ਵਾਂਗਰਾਂ ਧਾਰਾਂ,
ਖੜੇ ਬਾਪ ਝਿੜਕਦੇ ਜੀ, ਬੈਠਕੇ ਦੇਣ ਤਰਾਨੇ ਨਾਰਾਂ,
ਬੱਚਾ ਭਲੀਆਂ ਸਰੀਆਂ ਨਾ, ਬੁੜ੍ਹੇ ਜੇ ਖੜ੍ਹਗੇ ਆਣ ਚੌਗਿਰਦੇ,
ਜਆਨ ਮੂੰਹੋਂ ਬੋਲਦੇ ਨਾ, ਅੱਖਾਂ 'ਚੋਂ ਫਰਨ ਫਰਨ ਜਲ ਗਿਰਦੇ।

(9)

ਪਿੰਡੇ ਮਖ਼ਮਲ ਵਰਗੇ ਜੀ, ਚਿੰਬੜੀਆਂ ਬੁੱਢੇ ਦਰਿਆਂ ਦੀਆਂ ਮਿੱਟੀਆਂ,
ਬੜੀ ਸ਼ਰਮ ਮਾਰਦੀ ਜੀ, ਕਰੇ ਸਿਰ ਨੀਵੇਂ ਨੀਵੀਆਂ ਸਿੱਟੀਆਂ,
'ਬਾਬੂ' ਝੂਠ ਸੁਣਾਉਂਦਾ ਨਾ, ਉਵੇਂ ਜਿਵੇਂ ਨਕਸ਼ੇ ਸਾਹਮਦੇ ਫਿਰਦੇ,
ਜੁਆਨ ਮੂੰਹੋਂ ਬੋਲਦੇ ਨਾ, ਅੱਖਾਂ 'ਚੋਂ ਫਰਨ ਫਰਨ ਜਲ ਗਿਰਦੇ।

॥ ਦੋਹਿਰਾ ॥

ਮਾਤਾ ਭਾਗੋ ਬੋਲਦੀ, ਭਰ ਗਿਆ ਜਦੋਂ ਦੁਆਨ।
ਸਿੰਘ ਸਤਗੁਰ ਕੋ ਛੋੜਗੇ, ਤਾਂ ਸਿਰ ਚੜ੍ਹਗੇ ਖਾਨ।

ਡਿਉਢਾ-ਛੰਦ 3

(1)

ਮਾਤਾ ਭਾਗੋ ਉੱਠਕੇ ਐਲਾਨ ਕਰਤਾ, ਭਰੇ ਵੇ ਦੁਆਨ ਮੇਂ,
ਐਨ੍ਹਾਂ ਛੋਹਰਾਂ ਮਾਝਾ ਬਦਨਾਮ ਕਰਤਾ, ਜੀ ਨਿੰਦੇ ਗਏ ਜਹਾਨ ਮੇਂ,
ਗੁਰੂ ਦੀ ਮੱਦਦ ਤੋਂ ਨਾ ਵੇਹਰੋ ਬੱਚਿਓ, ਤੇ ਭੱਜਣਾ ਤਿਆਗੋ ਵੀ,
ਆਜੋ ਚੜ੍ਹੋ ਜੰਗ ਤੇ ਦਲੇਰੋ ਬੱਚਿਓ, ਮਾਂ ਲੜੂਗੀ ਭਾਗੋ ਵੀ।

(2)

ਕੱਢਕੇ ਪ੍ਰਾਣ ਤਲੀ ਉੱਤੇ ਧਰ ਲਿਉ, ਜਿਉਂਦਿਆਂ ਨੇ ਮੁੜਨਾ ਨੀ,
ਪਹਿਲੇ ਮੁੰਡਿਆਂ ਵਾਂਗੂੰ ਨਾ ਧਰਮ ਹਰ ਲਿਉ, ਉਡਾਰੀ ਮਾਰ ਉੜਨਾ ਨੀ,
ਮਾਰਕੇ ਪਠਾਣ ਸੌ ਸੌ ਸ਼ੇਰੋ ਬੱਚਿਓ, ਪਏ ਸੁੱਤੇ ਵੇ ਜਾਗੋ ਵੀ,
ਆਜੋ ਚੜ੍ਹੋ ਜੰਗ ਤੇ ਦਲੇਰੋ ਬੱਚਿਓ, ਮਾਂ ਲੜੂਗੀ ਭਾਗੋ ਵੀ।

(3)

ਅੰਮ੍ਰਿਤ ਛਕ ਗੁਰੂ ਦਸ਼ਮੇਸ਼ ਦਾ, ਕਿਉਂ ਲਕੋਂਦੇ ਜਿੰਦਾਂ ਨੂੰ,
ਖੇਤ 'ਚੋਂ ਉਡਾ ਦਿਉ ਭਲਾ ਹੋਵੇ ਦੇਸ਼ ਦਾ, ਬਾਹਰਲੇ ਪਰਿੰਦਾਂ ਨੂੰ।
ਮਾਰ ਤਲਵਾਰ ਸੀਸ ਗੇਰੋ ਬੱਚਿਓ, ਤੇ ਰਫ਼ਲ ਦਾਗੋ ਵੀ,
ਆਜੋ ਚੜ੍ਹੋ ਜੰਗ ਤੇ ਦਲੇਰੋ ਬੱਚਿਓ, ਮਾਂ ਲੜੂਗੀ ਭਾਗੋ ਵੀ।

(4)

ਤਾਪ ਝੱਲਿਆ ਜਾਣਾ ਨਾ ਮੁਗ਼ਲ ਰਾਜ ਦਾ, ਡਰੇ ਸਖ਼ਤ ਧੰਦਿਆਂ ਤੋਂ,
ਸਹੋ ਝੱਟ ਲਗੜੋ ਪਹਾੜੀ ਬਾਜ ਦਾ, ਉਤਾਰੋ ਜੂਲੇ ਕੰਧਿਆਂ ਤੋਂ,
ਖਾਜੇ ਨਾ ਮਗਰਮੱਛ ਘੇਰੋ ਬੱਚਿਓ, ਚਲਾ ਦਿਉ ਡੰਗ ਨਾਗੋ ਵੀ,
ਆਜੋ ਚੜ੍ਹੋ ਜੰਗ ਤੇ ਦਲੇਰੋ ਬੱਚਿਓ, ਮਾਂ ਲੜੂਗੀ ਭਾਗੋ ਵੀ।

(5)

ਸ਼ਰਮ ਲਾਹੁਣ ਖੜੀ ਵੀ ਦਿੰਦੀ ਐ ਖਾਰਾਂ ਨੂੰ, ਆ ਪਿੰਡਾਂ 'ਚ ਵੜ੍ਹਨਗੇ,
ਨਹੀਂ ਲਾਹਕੇ ਪਗੜੇ ਫੜ੍ਹਾ ਦਿਉ ਨਾਰਾਂ ਨੂੰ, ਜਾ ਜਨਾਨੇ ਲੜਨਗੇ,
ਐਵੇਂ ਨਾ ਬੱਗੇ ਜੇ ਆਨੇ ਫੇਰੋ ਬੱਚਿਓ, ਸੋਚਣਾ ਦਿਮਾਗੋਂ ਵੀ,
ਆਜੋ ਚੜ੍ਹੋ ਜੰਗ ਤੇ ਦਲੇਰੋ ਬੱਚਿਓ, ਮਾਂ ਲੜੂਗੀ ਭਾਗੋ ਵੀ।

(6)

ਆਹਾ ਗੱਲ ਆਖਤੀ ਜ਼ਬਾਨ ਪੱਟਕੇ, ਨਾ ਦੁਬਾਰਾ ਕਹਿਣੀ ਐਂ,
ਬੈਠਗੇ ਬਟੇਰਿਆਂ ਵਾਂਗੂੰ ਦੜ ਵੱਟਕੇ, ਨਾ ਸ਼ਰਮ ਰਹਿਣੀ ਐਂ,
ਨਾਰਾਂ ਵਾਂਗੂੰ ਬੁੱਲ ਨਾ ਅਟੇਰੋ ਬੱਚਿਓ, ਜਗ੍ਹੋ ਬੁਝੇ ਚਰਾਗੋ ਵੀ,
ਆਜੋ ਚੜ੍ਹੋ ਜੰਗ ਤੇ ਦਲੇਰੋ ਬੱਚਿਓ, ਮਾਂ ਲੜੂਗੀ ਭਾਗੋ ਵੀ।

(7)

ਨੇਤਰਾਂ 'ਚੋਂ ਵਗਦੇ ਝਲਾਰ ਪਾਣੀ ਦੇ, ਭਰੇ ਦਰਦ ਛੰਦਾਂ 'ਚੈ,
'ਬਾਬੂ' ਪੈਣ ਲੱਗਗੇ ਅਸਰ ਬਾਣੀ ਦੇ, ਬਣਾਈਆਂ ਤੇੜਾਂ ਕੰਧਾਂ 'ਚੈ,
ਸ਼ੋਰ ਨਾ ਮਚੌਣਾ ਇੰਝਾਂ ਕੇਰੋ ਬੱਚਿਓ, ਤੇ ਸੁਣਕੇ ਵਰਾਗੋ ਵੀ,
ਆਜੋ ਚੜ੍ਹੋ ਜੰਗ ਤੇ ਦਲੇਰੋ ਬੱਚਿਓ, ਮਾਂ ਲੜੂਗੀ ਭਾਗੋ ਵੀ।

॥ ਦੋਹਿਰਾ ॥

ਦੇਵੇ ਵਿਹਲ ਜ਼ਮੀਨ ਨਾ, ਖਾਣ ਸੂਰਮੇ ਖਾਰ।
ਰਲਕੇ ਮਾਝੇ ਦੇਸ਼ ਨੇ, ਇੱਕ ਇੱਕ ਲਿਆ ਸਰਦਾਰ।

ਮਾਝੇ ਦੇਸ਼ ਦੀਆਂ ਬੇੜੀਆਂ ਬਹਾਗੇ ਐ,
ਜਿਉਂਦੇ ਨਾਵੇਂ ਕਾਗਜ਼ੋਂ ਲੁਹਾਕੇ ਆਗੇ ਐ।

(5)

ਛੀਣੀਆਂ ਦੇ ਦੁੱਧ ਚੁੰਘਕੇ ਲਬੂਧਰੋ,
ਆਗੇ ਲਾਜ਼ ਦੇਸ਼ ਨੂੰ ਲਵਾਕੇ ਸ਼ੁਦਰੋ,
ਕਿੰਨੇ ਬਚੇ ਕਿੰਨਿਆਂ ਨੂੰ ਪਠਾਣ ਖਾਗੇ ਐ,
ਜਿਉਂਦੇ ਨਾਵੇਂ ਕਾਗਜ਼ੋ ਲੁਹਾਕੇ ਆਗੇ ਐ।

(6)

ਬੜੇ ਚੰਗੇ ਰਹਿਗੇ ਮਾਲਵੇ ਦੇ ਗੱਭਰੂ,
ਜਿੰਨ੍ਹਾਂ ਸਤਿਗੁਰਾਂ ਦੀ ਬਚਾਉਣੀ ਅੱਬਰੂ,
ਫੜ੍ਹ ਪਿੱਠ ਮਾਝੇ ਵਾਲਿਆ ਦੀ ਲਾਗੇ ਐ,
ਜਿਉਂਦੇ ਨਾਵੇਂ ਕਾਗਜ਼ੋਂ ਲੁਹਾਕੇ ਆਗੇ ਐਂ।

(7)

ਸਾਹੋ ਤੋਂ ਬਠਿੰਡੇ ਜਾਣਾ ਜੈਤੋ ਲੌਂਟ ਹੈ,
ਪੰਦਰਾਂ ਭਦੌੜ ਸੱਤ ਕੌਸ ਕੌਂਟ ਹੈ,
'ਰੱਜਬਲੀ' ਠਾਣਾ ਤਾਂ ਪੁਰਾਣੇ ਬਾਘੇ ਐ,
ਜਿਉਂਦੇ ਨਾਵੇਂ ਕਾਗਜ਼ੋ ਲੁਹਾਕੇ ਆਗੇ ਐ।

॥ ਦੋਹਿਰਾ ॥

ਤੇ ਸਿੰਘ ਘਰ ਵਿੱਚ ਆਣਕੇ, ਸਹੇ ਵਾਂਗਰਾਂ ਛਹਿਣ।
ਮਾਰਨ ਦੂਰੋਂ ਸੈਨਤਾਂ, ਨਾ ਕੁਝ ਮੁੱਖ ਤੋਂ ਕਹਿਣਾ।

ਤਰਜ਼-ਦੋਤਾਰਾ-2

(1)

ਘੇਰਾ ਪਿਆ ਅਨੰਦਪੁਰ ਨੂੰ, ਪਹੁੰਚਗੇ ਘਰ ਮੇਂ ਸਹੇ ਵਾਂਗ ਛਹਿਕੇ,
ਲੋਕ ਬੁਰਾ ਮਨਾਉਂਦੇ ਜੀ, ਦੇਸ਼ ਗਿਆ ਨਿੰਦਿਆਂ ਬੇਦਾਵਾਂ ਦੇ ਕੇ,
ਕੋਈ ਬਣਨ ਸਕੀਮਾਂ ਨਾ, ਜ਼ੋਰ ਜੇ ਚੜ੍ਹਗੇ ਦੂਸਰੀ ਧਿਰ ਦੇ,
ਜੁਆਨ ਮੂੰਹੋਂ ਬੋਲਦੇ ਨਾ, ਅੱਖਾਂ 'ਚੋਂ ਫਰਨ ਫਰਨ ਜਲ ਗਿਰਦੇ।

(2)

ਮਾਵਾਂ ਜੰਗ ਨੂੰ ਤੋਰੇ ਸੀ, ਮੱਲੇ ਭਲਵਾਨ ਭੜੋਲਿਆਂ ਵਰਗੇ,
ਔਖਾ ਲੜਨਾ ਭੁੱਖਿਆਂ ਨੂੰ, ਦਿਨੇ ਰਾਤ ਫ਼ਿਕਰ ਅੰਧੇਰੇ ਚਰਗੇ,
ਦੇਖ ਭੁੱਬਾਂ ਨਿੱਕਲਦੀਆਂ ਜੀ, ਵਾਟ ਨੇ ਭੰਨਤੇ ਨਹੀਂ ਰੋਣੋਂ ਵਿਰਦੇ,
ਜੁਆਨ ਮੂੰਹੋਂ ਬੋਲਦੇ ਨਾ ਅੱਖਾਂ 'ਚੋਂ ਫਰਨ ਫਰਨ ਜਲ ਗਿਰਦੇ।

(3)

ਪਏ ਦਿਲ ਜੇ ਧੜਕਦੇ ਜੀ, ਡੋਲਦੇ ਫਿਰਨ ਵਾਂਗਰਾਂ ਕੱਖ ਦੇ,
ਖੜੇ ਸਾਸ ਵਰੋਲਨ ਜੀ, ਧੂਣੀਆਂ ਮੱਚੀਆਂ ਅੰਦਰ ਜੇ ਭਖਦੇ,
ਜਿਵੇਂ ਤਾਪ ਚੜ੍ਹੇ ਵੀ, ਸਾਰਾ ਦਿਨ ਰਹਿਣ ਕਾਲਜੇ ਘਿਰਦੇ,
ਜੁਆਨ ਮੂੰਹੋਂ ਬੋਲਦੇ ਨਾਂ, ਅੱਖਾਂ 'ਚੋਂ ਫਰਨ ਫਰਨ ਜਲ ਗਿਰਦੇ।

(4)

ਨੰਗੇ ਪੈਰ ਗਰੀਬਾਂ ਦੇ, ਤੇੜ ਦੇ ਹੋਣ ਲੰਗਾਰ ਕਛਿਹਰੇ,
ਅੰਗਰੇਜ਼ਾਂ ਵਰਗੇ ਜੀ, ਬਦਲਗੇ ਕੱਲਰ ਜੇਹੋ ਜੇ ਮਹਿਰੇ,
ਲਾਮ੍ਹੀਂ ਲੀਰਾਂ ਲਮਕਣ ਜੀ, ਵੀਰਨੋਂ ਪਟਕੇ ਪਾਟਗੇ ਸਿਰਦੇ,
ਜੁਆਨ ਮੂੰਹੋਂ ਬੋਲਦੇ ਨਾ, ਅੱਖਾਂ 'ਚੋਂ ਫਰਨ ਫਰਨ ਜਲ ਗਿਰਦੇ

(5)

ਪੰਜ ਵਾਰੀ ਨ੍ਹਾਉਂਦੇ ਸੀ, ਤੇਲ ਨਾ ਮਿਲਦਾ ਕੇਸ ਜੇ ਉਲਝੇ,
ਪੈਗੇ ਕੁੰਡਲ ਜ਼ੁਲਫਾਂ ਨੂੰ, ਜੂੜਾ ਜਿਆ ਮਿੰਟ ਮਿੰਟ ਤੋਂ ਖੁੱਲ ਜੇ,
ਆਵੇ ਤਰਸ ਵੇਖਕੇ ਤੇ, ਧੌਣ ਤੋਂ ਕਿਰਨ ਕਿਰਨ ਰਿੰਡ ਕਿਰਦੇ,
ਜੁਆਨ ਮੂੰਹੋਂ ਬੋਲਦੇ ਨਾ, ਅੱਖਾਂ 'ਚੋਂ ਫਰਨ ਫਰਨ ਜਲ ਗਿਰਦੇ।

(6)

ਸਰਦਾਰ ਘਰਾਂ ਦੇ ਸੀ, ਚੁੰਘਣ ਨੂੰ ਮੱਝੀਆਂ ਚੜ੍ਹਨ ਨੂੰ ਬੱਘੀਆਂ,
ਰੇਤ ਜੰਮਗੀ ਬੁੱਲ੍ਹੀਆਂ ਨੂੰ, ਲਿੱਬੜੀਆਂ ਗਰਦ ਮੈਲ ਨਾਲ ਝੱਗੀਆਂ,
ਪਤਾ ਲੱਗੇ ਵਖਤ ਪਿਆ ਤੋਂ, ਗੱਲਾਂ ਸੁਣ ਸੁਣ ਕੇ ਕੰਬਣਗੇ ਹਿਰਦੇ,
ਜੁਆਨ ਮੂੰਹੋਂ ਬੋਲਦੇ ਨਾ, ਅੱਖਾਂ 'ਚੋਂ ਫਰਨ ਫਰਨ ਜਲ ਗਿਰਦੇ।

(7)

ਦਾਣਾ ਰੋਟੀ ਮਿਲਦੀ ਨਾ, ਸੂਤਕੇ ਖਾਣ ਸ਼ਬਜ਼ ਜੇ ਪੱਤਰੇ,
ਜਦੋਂ ਪੱਤਰੇ ਮੁੱਕਗੇ ਜੀ, ਮਰਦਿਆਂ ਸੱਕ ਜੇ ਰੁੱਖਾਂ ਦੇ ਕੱਤਰੇ,

(7)
ਪੱਥਰ ਮਾਰਕੇ ਤੋੜਤਾ ਪਾਪੀਆਂ ਨੇ,
ਮੋਤੀ ਹਾਰ ਦੇ ਵਿੱਚ ਪ੍ਰੋਤਿਆਂ ਨੂੰ।

(8)
ਨਿਊਂ ਜੀ ਹਿੱਲਗੀ ਮੁਗ਼ਲ ਦੇ ਰਾਜ ਦੀ ਜੀ,
ਮਾਰ ਤੇਗ਼ ਬਹਾਦਰ ਦੇ ਪੋਤਿਆਂ ਨੂੰ।

(9)
ਗਿਰੀ ਕੰਧ ਤਲਵਾਰ ਸੇ ਝਟਕਤੇ ਜੀ,
ਚਿਖਾ ਬਾਲ ਕੇ ਲਾ ਦਿੱਤਾ ਮੋਤਿਆਂ ਨੂੰ।

(10)
ਬੇਵਕੂਫ਼ ਘੁਮਿਆਰ ਨੂੰ ਖ਼ਬਰ ਕੀ ਸੀ,
ਲਾਲ ਧੌਣ ਵਿੱਚ ਬੰਨ੍ਹਤਾ ਖੋਤਿਆਂ ਨੂੰ।

(11)
ਤਾਬੜ ਤੋੜ ਦਸ਼ਮੇਸ਼ ਨੂੰ ਖ਼ਬਰ ਲਿਆਤੀ,
ਦੂਜੇ ਰੋਜ ਪਰ ਹੁੰਦਿਆਂ ਸੋਤਿਆਂ ਨੂੰ।

(12)
ਰਾਏ ਕੱਲੇ ਨੂੰ ਗੁਰਾਂ ਕ੍ਰਿਪਾਨ ਬਖ਼ਸ਼ੀ,
ਲੰਘੀ ਰਾਤ ਵਰਾਗ ਦੇ ਝੋਤਿਆਂ ਨੂੰ।

(13)
ਸੁਭਾ ਜਾਣਗੇ ਕਾਂਗੜੋਂ ਦੀਨਿਆਂ ਨੂੰ,
ਸਾਰੀ ਲੱਗਗੀ ਖ਼ਬਰ ਸਰੋਤਿਆਂ ਨੂੰ।

(14)
ਸਿੱਖ ਕੌਮ ਨੂੰ ਪਹੁੰਚਿਆ ਦੁੱਖ 'ਬਾਬੂ',
ਸਾਲ ਤਿੰਨ ਸੌ ਗੁਜ਼ਰਗੇ ਰੋਤਿਆਂ ਨੂੰ।

ਪ੍ਰਸੰਗ
ਬੇਦਾਵੇ ਦੀ ਵਿੰਥਿਆ ਮੁਕਤਸਰ

॥ ਦੋਹਿਰਾ ॥
ਨਾਂਹ ਕਰਕੇ ਦਸ਼ਮੇਸ਼ ਨੂੰ ਆਗੇ ਮਾਂ ਦੇ ਜੁਆਨ।
ਮਾਤਾ ਭਾਗੋ ਝਿੜਕਦੀ ਤੇ ਲਾਹੁੰਦੀ ਪੱਤਪਾਨ।

ਮੁਕੰਦ ਛੰਦ-1

(1)
ਦਿੱਤੀ ਮਾਤਾ ਭਾਗੋ ਨੇ ਸ਼ਰਮ ਸਾਰਿਆਂ ਨੂੰ,
ਸੱਚੀ ਗੱਲ ਦੱਸੋ ਕਿਉਂ ਲਗਾਉਂਦੇ ਲਾਰਿਆਂ ਨੂੰ,
ਤੁਸੀਂ ਢਾਹਕੇ ਆਗੇ ਕਿ ਮੁਗ਼ਲ ਢਾਹਗੇ ਐ,
ਜਿਉਂਦੇ ਨਾਵੇਂ ਕਾਗਜ਼ੋਂ ਲੁਹਾਕੇ ਆਗੇ ਐ।

(2)
ਆਗੇ ਓ ਹਰਾਕੇ ਮੈਚ ਦੋਹਾਂ ਟਿੰਗਾਂ 'ਚੈ,
ਬਾਹਾਂ ਨਾ ਫੱਟੜ ਜਖ਼ਮ ਨਾ ਜਿੰਗਾਂ 'ਚੈ,
ਲੜੇ ਭੋਂ ਬਗੈਰ ਮੋਰਚੇ ਖੁਹਾਗੇ ਐ,
ਜਿਉਂਦੇ ਨਾਵੇਂ ਕਾਗਜ਼ੋਂ ਲੁਹਾਕੇ ਆਗੇ ਐ।

(3)
ਹੋ ਕੇ ਟੁੱਟ ਪੈਣਿਉਂ ਪੁੱਤਰ ਸਿੱਖ ਕੇ,
ਦੇਤਾ ਹੱਥੀਂ ਗੁਰੂ ਨੂੰ ਬੇਦਾਵਾ ਲਿਖ ਕੇ,
ਤੇ ਅਨੰਦਪੁਰ ਤੋਂ ਵਹੀਰਾਂ ਪਾਗੇ ਐ,
ਜਿਉਂਦੇ ਨਾਵੇਂ ਕਾਗਜ਼ੋਂ ਲੁਹਾਕੇ ਆਗੇ ਐ।

(4)
ਮਾਰਕੇ ਪਠਾਣਾਂ ਨੂੰ ਕਛਿਹਰੇ ਰੰਗੇ ਨਾ,
ਰਾਹ 'ਚ ਆਉਂਦੇ ਕਾਲਿਆਂ ਸੱਪਾਂ ਨੇ ਡੰਗੇ ਨਾ।

ਤਰਜ਼ ਗੱਡੀ ਟੇਕ ਵਾਲੀ-5

(1)

ਗੁਰਾਂ ਗੱਲ ਰਾਅ ਕੱਲੇ ਨੂੰ ਆਖੀ, ਰਸਤੇ ਜ਼ਿਆਦਾ ਬਿੱਖੜੇ,
ਮੇਰੀ ਭਰੀ ਵੀ ਦਰਦ ਦੀ ਸਾਖੀ, ਨਰਮ ਦੁਲਾਰੇ ਨਿੱਖੜੇ,
ਲੱਗ ਮਗਰ ਤਤਾਰੀ ਆਗੇ, ਚੜ੍ਹਗੇ ਰਸਾਲੇ ਖਾਨ ਦੇ,
ਬੀਬੇ ਹੰਸ ਉਡਾਰੀ ਲਾਗੇ, ਖ਼ਬਰ ਸਰਹੰਦੋਂ ਲਿਆਣ ਦੇ।

(2)

ਮਾਤਾ ਗੁਜਰੀ ਸਾਹਿਬਜ਼ਾਦੇ ਛੋਟੇ, ਲੱਦੀ ਵੀ ਖੱਚਰ ਮੋਹਰਾਂ ਦੀ,
ਥਾਂ ਥਾਂ ਫਿਰਦੇ ਆਦਮੀ ਖੋਟੇ, ਭਰੀ ਪਈ ਵਲੈਤ ਚੋਰਾਂ ਦੀ,
ਮੇਰੇ ਅੱਖਾਂ ਨੂੰ ਅੰਧੇਰੇ ਛਾਗੇ, ਫ਼ਿਕਰ ਕਲੇਜੇ ਛਾਣਦੇ,
ਬੀਬੇ ਹੰਸ ਉਡਾਰੀ ਲਾਗੇ, ਖ਼ਬਰ ਸਰਹੰਦੋਂ ਲਿਆਣ ਦੇ।

(3)

ਬੜੇ ਕੌਰ ਚਮਕੌਰ ਲਵਾਤੇ, ਛੋਟਿਆਂ ਦੀ ਖ਼ਬਰ ਨਹੀਂ,
ਫੜ੍ਹ ਲੈਣ ਨਾ ਮੁਗ਼ਲ ਰਹਿੰਦੇ ਦਾਅ ਤੇ, ਮੈਨੂੰ ਆਉਂਦਾ ਸਬਰ ਨਹੀਂ,
ਪਿੰਡ ਪਿੰਡ 'ਚ ਛਾਉਣੀਆਂ ਪਾਗੇ, ਆਕੇ ਲਹਿਪੇ ਵਾਂਗ ਆਨ੍ਹ ਦੇ,
ਬੀਬੇ ਹੰਸ ਉਡਾਰੀ ਲਾਗੇ, ਖ਼ਬਰ ਸਰਹੰਦੋਂ ਲਿਆਣ ਦੇ।

(4)

ਪਿੱਛੋਂ ਚੱਲੀਆਂ ਬੰਦੂਕਾਂ ਡਿੱਗਲੇ, ਪਿੰਡਿਆਂ ਚਾ ਬਰੂਦ ਵੜਗੀ,
ਬਹੁਤੇ ਸਰਸਾ ਨਦੀ ਦੇ ਨਿਗਲੇ, ਪਾਪਣ ਸਗਾਹੀ ਚੜ੍ਹਗੀ,
ਫੜ੍ਹ ਜੰਗਲੀ ਜਨਾਵਰ ਖਾਗੇ, ਫੱਟੇ ਪਏ ਵਚਾਲੇ ਵਾਹਣ ਦੇ,
ਬੀਬੇ ਹੰਸ ਉਡਾਰੀ ਲਾਗੇ, ਖ਼ਬਰ ਸਰਹੰਦੋਂ ਲਿਆਣ ਦੇ।

(5)

ਫੁਲਵਾੜੀ 'ਚ ਵੜ੍ਹਨ ਨਾ ਦੇਣੇ, ਤੋਤੇ ਰਾ ਲੁਕਾਟ ਟੁੱਕਨੇ,
ਭਰੀ ਖੁਰਜੀ ਲੌਕਲੀ ਏਹਨੇ, ਖੇੜੀ 'ਚ ਲਿਜਾਕੇ ਕੁੱਕ ਨੇ,
ਬੇਲੇ ਛਾਣਦੇ ਝਾੜੀਆਂ ਗਾਹ ਗੇ, ਮਹਿਲਾਂ 'ਚ ਬਹਾਰਾਂ ਮਾਣਦੇ,
ਬੀਬੇ ਹੰਸ ਉਡਾਰੀ ਲਾਗੇ, ਖ਼ਬਰ ਸਰਹੰਦੋਂ ਲਿਆਣ ਦੇ।

(6)

ਰੰਗ ਲਾਲ ਸੁਰਖਣਾਂ ਜੈਸੇ, ਖੰਡ ਤੋਂ ਜ਼ੁਬਾਨਾਂ ਮਿੱਠੀਆਂ,
ਫੜ੍ਹ ਮਾਰਦੂ ਵਜ਼ੀਦਾ ਖਹਿ ਸੇ, ਪਤਾ ਲੈ ਘਲਾਕੇ ਚਿੱਠੀਆਂ,

ਕਿਤੇ ਵੈਰੀ ਜੇ ਕਿਸੇ ਨੇ ਥਿਆਗੇ, ਜਿਉਂਦਿਆਂ ਨੂੰ ਕਿਹੜਾ ਜਾਣ ਦੇ,
ਬੀਬੇ ਹੰਸ ਉਡਾਰੀ ਲਾਗੇ, ਖ਼ਬਰ ਸਰਹੰਦੋਂ ਲਿਆਣ ਦੇ।

(7)

ਪਰ ਇੰਝ ਨਾ ਅੱਖਾਂ 'ਚੋਂ ਨਿੱਕਲੇ, ਬੱਬਰ ਬਹਾਦਰ ਦੇ,
ਰਹਿਣ ਦੇਣ ਨਾ ਕਿਸੇ ਘਰ ਟਿੱਕਲੇ, ਵੇਖ ਰੰਗ ਕਾਦਰ ਦੇ,
'ਬਾਬੂ' ਪੁੱਛਦੇ ਕਿੱਧਰ ਨੂੰ ਧਾਗੇ, ਦਲੌਰ ਉੱਚੇ ਖਾਨਦਾਨ ਦੇ,
ਬੀਬੇ ਹੰਸ ਉਡਾਰੀ ਲਾਗੇ, ਖ਼ਬਰ ਸਰਹੰਦੋਂ ਲਿਆਣ ਦੇ।

ਬੈਂਤ

(1)

ਰਾਏ ਕੱਲੇ ਨੇ ਨਫ਼ਰ ਨੂੰ ਭੇਜਤਾ ਸੀ,
ਮਾਹੀ ਤੁਰੰਤ ਭਜਾ ਗਿਆ ਬੋਤਿਆਂ ਨੂੰ।

(2)

ਕਰੀ ਖ਼ਬਰ ਸਰਹੰਦ ਦੇ ਵਿੱਚ ਜਾ ਕੇ,
ਚਿਣੇ ਕੰਧ ਦੇ ਵਿੱਚ ਖਲੋਤਿਆਂ ਨੂੰ।

(3)

ਨਫ਼ਰ ਮੁੜ ਗਿਆ ਸੀ ਧਾਹਾਂ ਮਾਰਦਾ ਜੀ,
ਮਾਰਿਆ ਬਿਨਾਂ ਕਸੂਰ ਦੁੱਧ ਧੋਤਿਆਂ ਨੂੰ।

(4)

ਕੇਹੇ ਖ਼ਾਨ ਵਜ਼ੀਦ ਨੇ ਤੀਰ ਮਾਰੇ,
ਅੰਬ ਚੂਪਦੇ ਦੋ ਰਾਅ ਤੋਤਿਆਂ ਨੂੰ।

(5)

ਤੇਰੇ ਦੱਬਲੇ ਲਾਲ ਤਤਾਰੀਆਂ ਨੇ,
ਲੈਣਾ ਕੰਧ ਚੋਂ ਭਾਲ ਲਕੋਤਿਆਂ ਨੂੰ।

(6)

ਮੇਲੇ ਹੋਣ ਨਾ ਵਿੱਚ ਜਹਾਨ ਦੇ ਜੀ,
ਲਾਗੇ ਕਾਲ ਸਮੁੰਦਰ ਵਿੱਚ ਗੋਤਿਆਂ ਨੂੰ।

ਪਿੰਜਣੀ ਨੂੰ ਸੋਜ ਪੱਬ ਨਾ ਮਰੋੜੀ ਦੇ,
ਥੱਕੇ ਵੇ ਗੁਰੂ ਨੂੰ ਸਰਦਾਰਾ ਘੋੜੀ ਦੇ।

(5)

ਇੱਕ ਮੁੱਠ ਛੋੜਦੂੰ ਟਿੱਬਿਆਂ 'ਚੋਂ ਟੱਪਜੂ,
ਪੈਦਲ ਤੁਰੇ ਤਾਂ ਖਾ ਵਜੀਦ ਨੱਪ ਜੂ,
ਐਤਨੀ ਭਰਾਵਾ ਤੂੰ ਮੱਦਦ ਥੋੜੀ ਦੇ,
ਥੱਕੇ ਵੇ ਗੁਰੂ ਨੂੰ ਸਰਦਾਰਾ ਘੋੜੀ ਦੇ।

(6)

ਨੀਵੀਂ ਪਾ ਗਿਆ ਜਾਣੀਂ ਆ ਬੁੱਲ੍ਹਾਂ ਨੂੰ ਤਾਕੀ ਗਈ,
ਸੁਣ ਨੰਗ ਜੱਟ ਦੀ ਜ਼ੁਬਾਨ ਠਾਕੀ ਗਈ,
'ਬਾਬੂ' ਦੰਦ ਜੁੜਗੇ ਐਹੋ ਜੇ ਕੌੜ੍ਹੀ ਦੇ,
ਥੱਕੇ ਵੇ ਗੁਰੂ ਨੂੰ ਸਰਦਾਰਾ ਘੋੜੀ ਦੇ।

॥ ਦੋਹਿਰਾ ॥

(1)

ਨਲ ਰਾਜੇ ਦੇ ਵਾਂਗਰਾਂ, ਕਸੇ ਕਲੂ ਨੇ ਪੇਚ।
ਨਾਲ ਪੈਂਚ ਦੇ ਝਗੜਕੇ, ਛੱਡਗੇ ਗਾਮ ਕਨੇਚ।

(2)

ਘੋੜੀ ਮਰਗੀ ਸੂਲ ਸੇ, ਜੱਟ ਨੂੰ ਲੜ ਗਿਆ ਸਾਪ।
ਪੈਗੇ ਰਸਤੇ ਰੇਰ ਦੇ, ਦੇ ਕਰ ਗੁਰੂ ਸਰਾਪ।

ਤਰਜ਼ ਕਵਾਲੀ–4

(1)

ਸਤਿਗੁਰ ਨਿੱਕਲੇ ਜੱਟ ਦੇ ਪੇਚੋਂ, ਹੇਰਾਂ ਵੱਲ ਨੂੰ ਤੁਰੇ ਕਨੇਚੋਂ, ਤੇ ਤੰਗ ਜੁੱਤੀ ਖੱਲਦੀ ਮੇਚੋਂ,
ਵੱਢਤਾ ਚਰਨ ਮਲੂਕਾਂ ਨੂੰ, ਲੱਗਗੇ ਮਗਰ ਤਤਾਰੀ ਫੜ੍ਹਕੇ ਧੁਨਸ਼ ਬੰਦੂਕਾਂ ਨੂੰ।
ਪੁੱਛਦੇ ਪੁੱਛਦੇ ਵੜ੍ਹਗੇ ਡੇਰੇ, ਦਰਸ਼ਨ ਕਰਦੇ ਬੁੱਢੜੇ ਠੇਰੇ, ਮਸਤਕ ਦਮਕਣ ਚਮਕਣ ਚਿਹਰੇ,
ਵਧਕੇ ਚੰਦ ਚਮਕਾਰੇ ਤੋਂ, ਹੇਰੀਂ ਸਾਧ ਡਰਾਕਲ ਜਾਂਦਾ ਡਰ ਹਲਵਾਰੇ ਤੋਂ।

(2)

ਆਹਾ ਮਿਸ਼ਨ ਗੁਰਾਂ ਦਾ ਭਾਰਾ, ਮਿਲਜੇ ਪਾਪਾਂ ਤੋਂ ਛੁਟਕਾਰਾ, ਲਾ ਲਿਆ ਜ਼ੋਰ ਜ਼ੋਰ ਜੋ ਸਾਰਾ,
ਬਦਲੇ ਏਸ ਅਜ਼ਾਦੀ ਦੇ, ਹੌਲੇ ਹੌਕੇ ਤੁਰਗੇ ਚੱਬਕੇ ਆਗ ਕਮਾਦੀ ਦੇ।

ਚੱਲ ਮਨਾਂ ਲੱਕ ਨੂੰ ਬੰਨ੍ਹ ਲਿਆ ਕਸਮਾਂ, ਜਿਹੜਾ ਸ਼ਰਮ ਧਰਮ ਦਾ ਚਸਮਾਂ, ਕਸ਼ਟ ਸਹਾਰੇ ਸਤਿਗੁਰ ਦਸਮਾਂ,
ਬਚਜੇ ਪੰਥ ਕਸਾਰੇ ਤੋਂ, ਹੇਰੀਂ ਸਾਧ ਡਰਾਕਲ ਜਾਂਦਾ ਡਰ ਹਲਵਾਰੇ ਤੋਂ।

(3)

ਘੀਸਾਂ ਰੱਜੀਆਂ ਗੁੜ ਦੇ ਢੇਰੋਂ, ਮੰਨੀਆਂ ਫਿਸਦੀਆਂ ਭਰੀ ਦੇ ਚੰਗੇਰੋਂ, ਗੁਰੂ ਜੀ ਖਾਲੀ ਪੇਟ ਸਵੇਰੋਂ,
ਖਾਧਾ ਇੱਕ ਰੁੱਗ ਬੇਰਾਂ ਦਾ, ਚਾਹ ਦੀ ਸੁਲ੍ਹਾਹ ਨਾ ਮਾਰੀ ਕੜਮਾਂ ਬਾਵਾ ਹੇਰਾਂ ਦਾ।
ਸਾਧੂ ਕਰਦਾ ਬਾਤ ਵਿਰੁੱਧ ਦੀ, ਸਾਹਮਣੇ ਦਿਸਦੀ ਕਾੜ੍ਹਨੀ ਦੁੱਧ ਦੀ, ਉਛੱਲ ਉਛੱਲ ਫਿਰਦੀ ਮੁੱਧਦੀ,
ਨਿੱਕਲੇ ਬਾਹਰ ਕਿਨਾਰੇ ਤੋਂ, ਹੇਰੀਂ ਸਾਧ ਡਰਾਕਲ ਜਾਂਦਾ ਡਰ ਹਲਵਾਰੇ ਤੋਂ।

(4)

ਸੁਣਦਾ ਛੱਤ ਤੇ ਫਿਰਦਾ ਗੱਜਦਾ, ਸੱਤ ਗਜ਼ ਤੇੜ ਲੰਗੋਟਾ ਬੱਝਦਾ, ਖੁੱਲੀਆਂ ਜੁੰਡੀਆਂ ਜਿਉਂ ਸਿਰ ਮੱਝ ਦਾ,
ਬੈਠਲ ਸੁਆਹ ਦਾ ਮਲਿਆ ਵਿਆ, ਕੱਚੀਆਂ ਮਖਣੀਆਂ ਖਾ ਖਾ ਝੂਟੇ ਵਾਂਗੂੰ ਪਲਿਆ ਵਿਆ।
ਟੇਢੀ ਅੱਖ ਜੀ ਕੌੜੀ ਬੋਲੀ, ਢਿੱਡ ਖਾ ਸੁੱਜ ਗਿਆ ਜਿਵੇਂ ਭੜੋਲੀ, ਕੱਲਾ ਚੁੰਘਜੇ ਸਾਬਤ ਖੋਲੀ,
ਤੁਰਨਾ ਮੁਸ਼ਕਲ ਭਾਰੇ ਤੋਂ, ਹੇਰੀਂ ਸਾਧ ਡਰਾਕਲ ਜਾਂਦਾ ਡਰ ਹਲਵਾਰੇ ਤੋਂ।

(5)

ਕਹਿੰਦਾ ਮੋਮਨ ਵਸਣ ਉਦਾਲੇ, ਪੁੱਜ ਰਾਜਪੂਤ ਬਹਾਦਰ ਬਾਹਲੇ, ਮੈਥੋਂ ਗੁਰੂਆਂ ਕਰ ਜਾ ਟਾਲੇ,
ਹੀਰ ਬਥੇਰੇ ਪਿੰਡ ਜੇ ਪਏ, ਆਖਣ ਜਿਵੇਂ ਤਤਾਰੀ ਮੰਨਲੋ ਕਸ਼ਟ ਸਹਾਰੋਂ ਪਿੰਡ ਜੇ ਪਏ।
ਬਾਵਾ ਰਜਪੂਤਾਂ ਤੋਂ ਡਰਦਾ, ਡੇਰਿਉਂ ਟਿੱਬਜਾ ਕਾਸਤੋਂ ਮਰਦਾ, ਦੂਰੋਂ ਲਾਲਾ-ਲਾਲਾ ਕਰਦਾ,
ਉਤੱਰਿਆ ਮਹੰਤ ਚੁਬਾਰੇ ਤੋਂ, ਹੇਰੀਂ ਸਾਧ ਡਰਾਕਲ ਜਾਂਦਾ ਡਰ ਹਲਵਾਰੇ ਤੋਂ।

(6)

ਵਧੀਆ ਰਹਿਬਰ ਸਤਿਗੁਰ ਨਾਲੋਂ, ਅੱਜ ਨਾ ਲੱਭਦਾ ਕੱਲ੍ਹ ਨੂੰ ਭਾਲੋਂ, ਸਿਘ ਜੇ ਉਕੱਰੇ ਅੱਜ ਦੀ ਛਾਲੋਂ,
ਦੋਸ਼ ਨਾ ਦੇਣਾ ਦੁਨੀਆਂ ਨੂੰ, ਕਦਰ ਲਾਲ ਦੀ ਪੁੱਛਲੋ, 'ਰੱਜਬਲੀ' ਵਰਗੇ ਗੁਣੀਆਂ ਨੂੰ।
ਐਹਨਾਂ ਕੇਸ਼ਾ ਵਾਲਿਆਂ ਖਾਤਰ, ਖਾਧੇ ਖੁਸਕ ਰੁੱਖਾਂ ਦੇ ਪਾਤਰ, ਸੁਣ ਦਿਲ ਹੋਜੇ ਕਾਤਰ ਕਾਤਰ
ਜਿੰਦ ਕੁਰਬਾਨ ਪਿਆਰੇ ਤੋਂ, ਹੇਰੀਂ ਸਾਧ ਡਰਾਕਲ ਜਾਂਦਾ ਡਰ ਹਲਵਾਰੇ ਤੋਂ।

॥ ਦੋਹਿਰਾ ॥

ਹੇਰੀਂ ਘੋੜਾ ਨਾ ਦੀਆ, ਨਾ ਰੱਥ ਤੇ ਨਾ ਬੈਲ।
ਰਾਅ ਤਲਵੰਡੀ ਦਾ ਮਿਲੇ, ਕਰੀ ਬਥੇਰੀ ਟਹਿਲ।

(2)

ਸੱਜਦੇ ਨੂਰਾਨੀ ਚਿਹਰੇ, ਹੋਗੀ ਰੂਸ਼ਨਾਈ ਨੇਹਰੇ,
ਬਦਲਕੇ ਬੰਨ੍ਹਲੀ ਤਹਿਮਤ, ਸੱਚੇ ਦੀ ਰੋਗੀ ਰਹਿਮਤ,
ਪੈਰਾਂ 'ਚ ਪੰਜਾਰ ਖੱਲਦੀ, ਤੇ ਰੰਗ ਪਾਤੇ ਹਰੇ ਜੇ ਚੋਲੇ,
ਗਲੇ ਦੇ ਵਿੱਚ, ਜਲ ਰੱਖਦੇ ਬਹਿਣ ਵਾਲੇ ਕੋਲੋ, ਫਲੇ ਦੇ ਵਿੱਚ।
0 ਚਾਕਮਾਂ ਦਾੜ੍ਹਾ ਸੋਹਵੇ, ਕਮਰੇ ਵਿੱਚ ਚਾਨਣ ਹੋਵੇ,
ਕੰਵਲ ਫੁੱਲ ਵਰਗੀਆਂ ਚਸਮਾਂ, ਮੈਨੂੰ ਪਰ ਰੱਬ ਦੀਆਂ ਕਸਮਾਂ,
ਦੋਵੇਂ ਬਾਹਵਾਂ ਗੋਲ ਜਹੀਆਂ ਤੇ, ਰੰਗ ਸੋਹਲ ਸੁਰਖ਼ ਜੀ ਖੁੱਚਦੇ,
ਚੰਨਣ ਪੋਰੇ, ਮਾਛੀਵਾੜੇ ਤੋਂ ਬਣਾਕੇ ਪੀਰ ਉੱਚਦੇ, ਗੁਰੂ ਜੀ ਤੋਰੇ।

(3)

ਲਿਆਉਣ ਨਾ ਦਿਲ ਵਿੱਚ ਖਟਕਾ, ਰੇਸ਼ਮ ਦਾ ਬੰਨ੍ਹਤਾ ਪਟਕਾ,
ਰੰਗਲੇ ਜੇ ਪੰਲਘ ਡਾਹ ਤੇ, ਮਖ਼ਮਲ ਦੇ ਤਕੀਏ ਲਾਤੇ,
ਰੂਪ ਦੀ ਮਿਸਾਲ ਬਲਦੀ ਤੇ, ਬੈਠੇ ਸੱਜਦੇ ਦਰਸ਼ਨੀ ਪੀਰ ਐ,
ਮੰਦਰ ਵਿੱਚ, ਬੈਠੇ ਮੁੱਠੀਆਂ ਭਰਨ ਦੋਵੇਂ ਵੀਰ ਐ, ਮੰਦਰ ਵਿੱਚ।
0 ਚਰਨਾਂ ਨੂੰ ਲਾਤੀ ਮਹਿੰਦੀ, ਤਲੀਆਂ ਬਹਿ ਝੱਸਦੇ ਪੈਂਦੀ,
ਮਿੱਠੀ ਗੱਲ ਕਰਦੇ ਜਸਵੀ, ਹੱਥ ਦੇ ਵਿੱਚ ਦੇਤੀ ਤਸਵੀ,
ਲਿਆਂਦੀ ਜੋ ਮੱਕਾ ਸ਼ਰੀਫ਼ ਤੋਂ ਜੀ, ਰਹੇ ਮਣਕੇ ਠਣਕ ਕੱਚ ਕੁੱਚ ਦੇ,
ਮਗਨ ਹੋ ਰਹੇ, ਮਾਛੀਵਾੜ ਤੋਂ ਬਣਾਕੇ ਪੀਰ ਉੱਚ ਦੇ, ਗੁਰੂ ਜੀ ਤੋਰੇ।

(4)

ਪਰਖ਼ ਲਿਆ ਲਾਲ ਜੌਹਰੀ, ਉੱਪਰ ਪਰ ਝੁਲਦੀ ਚੋਰੀ,
ਲੈਂਚੀਆਂ ਧਰੀਆਂ ਅੱਗੇ, ਮਸਲੇ ਜੇ ਪੁੱਛਣ ਲੱਗੇ,
ਹੌਲੀ ਜੇ ਜ਼ਬਾਨੋਂ ਬੋਲਦੇ ਜੀ, ਜਾਣੀਂ ਫੁੱਲ ਜੇ ਮੂੰਹਾਂ 'ਚੋਂ ਕਿਰਦੇ,
ਖਿੜਨ ਦੰਦ, ਆਉਣ ਲਪਟਾਂ ਖੁੱਲੇ ਜੇ ਕੇਸ਼ ਸਿਰ ਦੇ, ਖਿੜਨ ਦੰਦ,
0 ਦੇ ਕੇ ਦੁਸ਼ਾਲੇ ਢੱਕਲੇ, ਮੋਢੀਂ ਚੌਂਹ ਜਣਿਆਂ ਚੱਕਲੇ,
ਪਤਲੇ ਜੇ ਹਿੱਲਦੇ ਬੁੱਲ੍ਹ ਜੇ, ਉਪਰੋਂ ਵਰਸਾਉਂਦੇ ਫੁੱਲ ਜੇ,
ਲੰਮੇ ਵਾਲ ਲਮਕ ਰਹੇ ਤੇ, ਆ ਕੇ ਪੀਰ ਬਣੇ ਸੱਚਮੁੱਚ ਦੇ,
ਕੱਲਰ ਗੋਰੇ, ਮਾਛੀਵਾੜੇ ਤੋਂ ਬਣਾਕੇ ਪੀਰ ਉੱਚਦੇ, ਗੁਰੂ ਜੀ ਤੋਰੇ।

(5)

ਨਗਰੀ 'ਚੋਂ ਨਿੱਕਲੇ ਬਾਹਰ ਐ, ਮੁਗਲਾਂ ਦੀ ਫਿਰਦੀ ਵਾਰ੍ਹ ਐ,
ਨਿਉਂ ਨਿਉਂਕੇ ਕਰਨ ਸਲਾਮਾਂ, ਮਿੱਠੀਆਂ ਜਿਹੀਆਂ ਕਹਿਣ ਕਮਾਂਲਾਂ।

ਝੱਟਾਪੱਟ ਕੋਲੋਂ ਲੰਘਗੇ ਤੇ, ਰੱਬ ਸੱਚਾ ਵੀ ਚੱਕੇ ਨਾ ਪੜਦਾ,
ਕਿਸੇ ਦਾ ਵੀਰੋਂ, ਕੋਈ ਵਿਰਨਾ ਮਰਦ ਹੱਥ ਫੜ੍ਹਦਾ, ਕਿਸੇ ਦਾ ਵੀਰੋ।
0 ਸਤਿਗੁਰ ਨੂੰ ਚੜ੍ਹਗੇ ਭਾਲਣ, ਗਨੀ ਖਾਂ ਹੋਰੀਂ ਟਾਲ੍ਹਣ,
ਬੱਦਲ ਦੇ ਵਾਂਗੂੰ ਗੱਜਣ, ਉੱਚੇ ਲਲਕਾਰੇ ਵੱਜਣ,
ਫਿਰਦੇ ਭਜਾਈ ਘੋੜੀਆਂ ਜੀ, 'ਬਾਬੂ' ਨਫ਼ਰ ਵਜ਼ੀਦੇ ਲੁੱਚ ਦੇ,
ਵਡਿਆਈ ਖੋਰੇ, ਮਾਛੀਵਾੜੇ ਤੋਂ ਬਣਾਕੇ ਪੀਰ ਉੱਚ ਦੇ, ਗੁਰੂ ਜੀ ਤੋਰੇ।

॥ ਦੋਹਿਰਾ ॥

ਪੈਦਲ ਹੋਗੇ ਸਤਗੁਰੂ, ਮੁੜਗੇ ਪਿਛਾਂਹ ਪਠਾਣ।
ਮਿਲਦਾ ਪੈਂਚ ਕਨੇਚ ਦਾ, ਤੁਰਦੀ ਤੇਜ਼ ਬਹਾਨ।

ਮੁਕੰਦ ਛੰਦ-3

(1)

ਘੋੜੀ ਤੇ ਸਵਾਰ ਪੈਂਚ ਸੀ ਕਨੇਚ ਦਾ,
ਗੁਰੂ ਕਹੇ ਸਸਤਾ ਧਰਮ ਵੇਚਦਾ,
ਦੇ ਦੇ ਹੇਰਾਂ ਤੀਕਰਾਂ ਜਨੌਰ ਲੌੜੀਦੇ,
ਥੱਕੇ ਵੇ ਗੁਰੂ ਨੂੰ ਸਰਦਾਰਾ ਘੋੜੀ ਦੇ।

(2)

ਏਸ ਨੂੰ ਵਛੇਰਾ ਜੰਮੂ ਏਸ ਰੰਗ ਦਾ,
ਕਹਿੰਦੇ ਖਾਂ ਜ਼ਬਾਨੋਂ ਕਿਉਂ ਖੜੋਤਾ ਸੰਗਦਾ,
ਐਨਾ ਧਨ ਹੋਣਾ ਸੇਠ ਨਾ ਕਰੋੜੀ ਦੇ,
ਥੱਕੇ ਵੇ ਗੁਰੂ ਨੂੰ ਸਰਦਾਰਾ ਘੋੜੀ ਦੇ।

(3)

ਬੀਤਜੂ ਵਖ਼ਤ ਕਿਉਂ ਗੱਲਾਂ 'ਚ ਟਾਲਦਾ,
ਤੇਰੇ ਘਰ ਰਹਿਣਾ ਨਾ ਅੰਤ ਮਾਲ ਦਾ,
ਅਸੀਸ ਦੇਵੇ ਵਾਹਿਗੁਰੂ ਪੁੱਤਾਂ ਦੀ ਜੋੜੀ ਦੇ,
ਥੱਕੇ ਵੇ ਗੁਰੂ ਨੂੰ ਸਰਦਾਰਾ, ਘੋੜੀ ਦੇ।

(4)

ਜਿੰਨੀ ਸਰੂ ਕਰੂੰ ਮਦਦ ਬਥੇਰੀ ਮੈਂ,
ਹੇਰੀਂ ਜਾ ਕੇ ਮੋੜਦੂੰ ਵਛੇਰੀ ਤੇਰੀ ਮੈਂ,

ਪ੍ਰਸੰਗ
(ਮਾਛੀਵਾੜਾ ਤੋਂ ਰਾਇਕੋਟ)

॥ ਦੋਹਿਰਾ ॥
ਦੋਵੇਂ ਗੁਰ ਵੱਲ ਵੇਖਕੇ ਹੋਗੇ ਸਖ਼ਤ ਹੈਰਾਨ,
ਅੱਖੀਓਂ ਆਂਸੂ ਨਿੱਕਲਕੇ, ਮੁੱਖ ਪਰ ਗਿਰਦੇ ਜਾਣ।

ਡਿਉਢਾ ਛੰਦ-1

(1)
ਗਨੀ ਨਬੀ ਵੇਖਕੇ ਹੈਰਾਨ ਰਹਿਗੇ ਐ, ਚਿਹਰਾ ਕੁਮਲਾਇਆ ਵਿਆ,
ਮੁੜਜੇ ਨਾ ਹਰੀ ਚਰਨਾ ਤੇ ਢਹਿਗੇ ਐ, ਭੀਲਣੀ ਦੇ ਆਇਆ ਵਿਆ,
ਚੰਦ ਜੈਸਾ ਚਿਹਰਾ ਉਲਟਾਇਆ ਪੱਲਾ ਤੂੰ, ਕਿਉਂ ਲਕੋਇਆ ਤਾਜ਼ ਹੈ,
ਫਿਰੇਂ ਪਰਿਵਾਰ ਵਾਰਕੇ ਇਕੱਲਾ ਤੂੰ, ਕਿੱਥੇ ਸਫ਼ੈਦ ਬਾਜ਼ ਹੈ।

(2)
ਕਿਹੜੀ ਥਾਂ ਗਵਾਈਆਂ ਲਾਲਾਂ ਦੀਆਂ ਜੋੜੀਆਂ, ਦੋ ਮਹਿਲ ਕਿੱਧਰ ਐ,
ਕਿੱਥੇ ਅਸਵਾਰ ਗਏ ਦਰਿਆਈ ਘੋੜੀਆਂ, ਕਿਉਂ ਛਾ ਗਿਆ ਦਲਿੱਦਰ ਐ,
ਕਿੱਥੇ ਨੀਲਾ ਛੱਡਿਆ ਚਰਨ ਤਲਾਂ ਤੂੰ, ਦਿਸੇ ਨਾ ਸਾਜ਼ ਵਾਜ਼ ਹੈ,
ਫਿਰੇਂ ਪ੍ਰੀਵਾਰ ਵਾਰਕੇ ਇਕੱਲਾ ਤੂੰ, ਕਿੱਥੇ ਸਫ਼ੈਦ ਬਾਜ਼ ਹੈ।

(3)
ਟਹਿਲਣਾ ਦਿਸਣ ਦੋਵੇਂ ਭਾਗੋ ਬੀਬੋ ਨਾ, ਨਾ ਰਣਜੀਤ ਖੜਕੇ,
ਅੱਗੇ ਵਾਂਗੂੰ ਬੋਲੀਦਾ ਜੈਕਾਰਾ ਜੀਭੋਂ ਨਾ, ਨਾ ਸੁਣਨ ਗੜਕੇ,
ਦੱਸ ਕਿਹੜੀ ਨਦੀ 'ਚ ਗੁਆ ਲਿਆ ਖੱਲਾ ਤੂੰ, ਕਿਉਂ ਮੱਧਮ ਅਵਾਜ਼ ਹੈ,
ਫਿਰੇਂ ਪ੍ਰੀਵਾਰ ਵਾਰਕੇ ਇਕੱਲਾ ਤੂੰ, ਕਿੱਥੇ ਸਫ਼ੈਦ ਬਾਜ਼ ਹੈ।

(4)
ਘੋੜੇ ਨੂੰ ਕਰਨ ਕੇ ਦਰੌਣ ਫੱਟਦੇ, ਕੀਹਨੇ ਹਲਾਤਾ ਆਸਨ ਐਂ,
ਦੋਵੇਂ ਬਾਹਵਾਂ ਮਾਰਕੇ ਝੰਜੋੜਾ ਪੱਟਦੇ, ਔਹ ਫਿਰਦਾ ਦੁਸ਼ਾਸ਼ਨ ਐ,
ਹਾਥੀ ਨੂੰ ਚਲਾਦੇਂ ਕੁੰਭੀ ਦਿਆ ਮੱਲਾ ਤੂੰ, ਪਵੇ ਦਲਾਂ 'ਚ ਭਾਜ਼ ਹੈ,
ਫਿਰੇਂ ਪ੍ਰੀਵਾਰ ਵਾਰਕੇ ਇਕੱਲਾ ਤੂੰ, ਕਿੱਥੇ ਸਫ਼ੈਦ ਬਾਜ਼ ਹੈ।

(5)
ਉੱਠ, ਵਾਂਗੂੰ ਰਿੰਗਣੇ ਧਨੁਸ਼ ਵਾਲਿਆ, ਕਦੋਂ ਗ਼ਦਰ ਮੱਚ ਗਿਆ,
ਹੋਊ ਤੂੰ ਔਰੰਗਜ਼ੇਬ ਤਾਈ ਭਾਲਿਆ, ਕਿਵੇਂ ਤੁਸਾਂ ਤੋਂ ਬਚ ਗਿਆ,
ਸਾਰ ਪਾਰ ਕੱਢਦੇਂ ਦਸਾਂ 'ਚੋਂ ਭੱਲਾ ਤੂੰ, ਤੇ ਚਿੱਤ ਕਿਉਂ ਨਰਾਜ਼ ਹੈ,
ਫਿਰੇਂ ਪ੍ਰੀਵਾਰ ਵਾਰਕੇ ਇਕੱਲਾ ਤੂੰ, ਕਿੱਥੇ ਸਫ਼ੈਦ ਬਾਜ਼ ਹੈ।

(6)
ਜਿਹੜਾ ਚੜ੍ਹਿਆ ਮੌਤ ਨੂੰ ਵਿਆਹੁਣ ਲਾੜਾ ਸੀ, ਪੈ ਅਸਮਾਨੋਂ ਬਿੱਜ ਗਈ,
ਲਹੂ ਨਾਲ ਲਿੱਬੜਿਆ ਨੂਰਾਨੀ ਦਾੜ੍ਹਾ ਸੀ, ਸੁੱਚੀ ਕਮੀਜ਼ ਭਿੱਜ ਗਈ,
ਅੱਜ ਯਾਦ ਕੀਤਾ ਸੀ ਮਿਲਾਤਾ ਅੱਲ੍ਹਾ ਤੂੰ, ਜੀ ਉਮਰ ਦਰਾਜ ਹੈ,
ਫਿਰੇਂ ਪ੍ਰੀਵਾਰ ਵਾਰਕੇ ਇਕੱਲਾ ਤੂੰ, ਕਿੱਥੇ ਸਫ਼ੈਦ ਬਾਜ਼ ਹੈ।

(7)
ਪਾਪਣਾਂ ਹਕੂਮਤਾਂ ਸਿਰੋਂ ਨਾ ਲਹਿਗੀਆਂ, ਹੈ ਦਸ਼ਮੇਸ਼ ਰੂਲ ਗਿਆ,
ਜੌਹਰ ਦੀ ਨਮਾਜ਼ੋਂ ਦੋ ਹਕੈਤਾਂ ਰਹਿਗੀਆਂ, ਤੂੰ ਨਫ਼ਸ ਭੁੱਲ ਗਿਆ,
'ਬਾਬੂ ਜੀ' ਹੁਣੇ ਲਪੇਟ ਤਾ ਮੁੱਸਲਾ ਤੂੰ, ਅੱਧੀ ਰਹੇ ਨਮਾਜ਼ ਹੈ,
ਫਿਰੇਂ ਪ੍ਰੀਵਾਰ ਵਾਰਕੇ ਇਕੱਲਾ ਤੂੰ, ਕਿੱਥੇ ਸਫ਼ੈਦ ਬਾਜ਼ ਹੈ।

॥ ਦੋਹਿਰਾ ॥
ਕਰਨ ਟਹਿਲ ਦਿਲ ਲਾਇ ਕੇ, ਕਰਨ ਫੂਡ ਦਾ ਆਹਰ।
ਉੱਚ ਦੇ ਪੀਰ ਬਣਾਇ ਕੇ, ਕਰੇ ਸ਼ਹਿਰ ਤੋਂ ਬਾਹਰ।

ਔੜਾ-ਛੰਦ-2

(1)
ਵੇਖਕੇ ਚੜ੍ਹੀਆਂ ਖੁਸ਼ੀਆਂ, ਗੁਰ ਨੂੰ ਸੁੱਖ ਸਾਂਦਾਂ ਪੁੱਛੀਆਂ,
ਬੈਠਕ ਦੇ ਅੰਦਰ ਵਾੜਨ, ਕੱਪੜਿਆਂ ਤੋਂ ਗਰਦਾ ਝਾੜਨ,
ਅੱਗੇ ਪਿੱਛੇ ਘੁਕਦੇ ਫਿਰੇ ਤੇ, ਜਲ ਨਿੰਮ ਦਾ, ਜ਼ਖਮ ਧੋ ਧਾਤੇ,
ਗਰਮ ਜਲ, ਵਾਹ ਕੇ ਕੇਸ, ਇਨਸ਼ਾਨ ਕਰਾਤੇ, ਗਰਮ ਜਲ।
0 ਲਾਕੇ ਦਿਲ ਸੇਵਾ ਕੀਤੀ, ਪੈਂਦੀ ਠੰਡ ਚਾਹ ਵੀ ਪੀਤੀ,
ਸਬਜ਼ੀ ਧਰ ਗਾਂ ਦਾ ਮੱਖਣ, ਗੁਰ ਜੀ ਦਾ ਮਾਣ ਰੱਖਣ,
ਘਰ ਵਿੱਚ ਮਿਹਰ ਰੱਬ ਦੀ ਜੀ, ਕਿਸੇ ਸ਼ੈਅ ਤੋਂ ਨਾ ਖ਼ਾਨ ਬਗੁੱਚਦੇ,
ਭਰੇ ਵੇ ਬੋਰੇ, ਮਾਛੀਵਾੜੇ ਤੋਂ ਬਣਾਕੇ ਪੀਰ ਉੱਚਦੇ, ਗੁਰੂ ਜੀ ਤੋਰੇ।

(5)
ਲੈਗੇ ਤੋੜ ਕਚਹਿਰੀਓਂ ਬੀਬਿਆਂ ਨੂੰ,
ਝੱਲ ਲੈਣਗੇ ਅਜਲ ਅੰਧੇਰੀਆਂ ਨੂੰ।

(6)
ਬੜੇ ਰਾਜ ਚਲਾਕ ਜੋ ਸ਼ਹਿਰ ਵਿੱਚੋਂ,
ਕੰਧਾਂ ਦੇਣ ਉਸਾਰ ਉਚੇਰੀਆਂ ਨੂੰ।

(7)
ਨੀਂਹ ਦੇ ਵਿਚ ਖਲਿਆਰ ਲਿਆ ਸੂਰਮਿਆਂ ਨੂੰ,
ਲੋਕ ਦੰਗ ਰਹੇ ਵੇਖ ਦਲੇਰੀਆਂ ਨੂੰ।

(8)
ਭਾਈ ਜਾਨ ਤੋਂ ਪਿਆਰਿਆ ਸਬਰ ਰੱਖੀਂ,
ਬੜਾ ਵੀਰ ਦੇਵੇ ਹਲਾ-ਸ਼ੇਰੀਆਂ ਨੂੰ।

(9)
ਜਾਣ ਮਾਰ ਉਡਾਰੀਆਂ ਨੇਕ ਰੂਹਾਂ,
ਆਏ ਪੌਣ ਜਹਾਨ ਤੇ ਫੇਰੀਆਂ ਨੂੰ।

(10)
'ਬਾਬੂ' ਪੇਸ਼ ਨਾ ਚਲਦੀ ਜ਼ੁਲਮ ਮੂਹਰੇ,
ਓਥੇ ਕੌਣ ਸੁਣਦਾ ਕੂਕਾਂ ਮੇਰੀਆਂ ਨੂੰ।

॥ ਦੋਹਿਰਾ ॥
ਇਸ ਧਰਤੀ ਪਰ ਗੁਜ਼ਰ ਗੇ, ਬੜੇ ਬਾਦਸ਼ਾਹ ਵੀਰ।
ਜ਼ੁਲਮ ਕਰਨ ਦੀ ਕੱਢ ਦਿੱਤੀ, ਖ਼ਾਨ ਬਜੀਦ ਲਕੀਰ।

ਮੁਕੰਦ ਛੰਦ-29

(1)
ਮਹਾਂ ਰਾਜੇ ਲੜਦੇ ਰਹਿਣ ਖਹਿ ਸੇ ਜੀ,
ਅੱਗੇ ਕਦੇ ਹੋਏ ਲਾ ਜ਼ੁਲਮ ਐਸੇ ਜੀ,
ਆਈ ਨਾ ਸ਼ਰਮ ਬੇਸ਼ਰਮ ਰੱਦ ਨੂੰ,
ਲੰਘ ਗਿਆ ਜ਼ੁਲਮ ਦੀ ਬਜੀਦ ਹੱਦ ਨੂੰ।

(2)
ਬੀਸ ਸਾਲ ਖਾ ਕੇ ਤੇ ਗੁਰਾਂ ਦਾ ਲੂਣ ਜੀ,
ਧਨ ਪਿੱਛੇ ਗੰਗੂ ਨੇ ਕਰਾ ਤੇ ਖ਼ੂਨ ਜੀ,
ਖੇੜੀ ਜਾ ਲਕੋ ਲਿਆ ਖਚਰੀ ਦੀ ਲੱਦ ਨੂੰ,
ਲੰਘ ਗਿਆ ਜ਼ੁਲਮ ਦੀ ਬਜੀਦ ਹੱਦ ਨੂੰ।

(3)
ਧਨ ਸੇ ਭਰੇ ਖਜ਼ਾਨੇ ਸਰਕਾਰ ਕੇ,
ਕੁੱਝ ਗੰਗੂ ਰੱਖ ਗਿਆ ਛਪੇ ਜੇ ਮਾਰ ਕੇ,
ਦਬ ਗਿਆ ਬਿਪਰ ਅੱਧ ਜਾਂ ਪਚੱਦ ਨੂੰ,
ਲੰਘ ਗਿਆ ਜ਼ੁਲਮ ਦੀ ਬਜੀਦ ਹੱਦ ਨੂੰ।

(4)
ਦੂਰ-ਦੂਰ ਤੀਕ ਰਾਜ ਸੀ ਸਰ੍ਹਿੰਦ ਦਾ,
ਅਜੇ ਤੀਕ ਭਰਿਆ ਨਾ ਬੱਬਰ ਰਿੰਦ ਦਾ,
ਸੀ ਵਧਾਇਆ ਚ੍ਹਾਂਵਦਾ ਅੱਗੇ ਤੋਂ ਵੱਧ ਨੂੰ,
ਲੰਘ ਗਿਆ ਜ਼ੁਲਮ ਦੀ ਬਜੀਦ ਹੱਦ ਨੂੰ।

(5)
ਚਾਰੇ ਦਾ ਸਰ੍ਹਿੰਦ ਦੇ ਅੰਧੇਰੀ ਘੁੱਲ ਜੇ,
ਮਿੱਟੀ ਵਿੱਚ ਦਬ ਦਾ ਗੁਰਾਂ ਦੇ ਫੁੱਲ ਜੇ।
ਮਾਰੇ ਕਾਰੀਗਰਾਂ ਨੂੰ ਖੜੋ ਕੇ ਸੱਦ ਨੂੰ,
ਲੰਘ ਗਿਆ ਜ਼ੁਲਮ ਦੀ ਬਜੀਦ ਹੱਦ ਨੂੰ।

(6)
ਭਰਿਆ 'ਵਿਆ ਹੰਕਾਰ ਦਾ ਗੱਦੀ ਤੇ ਹਿਣਕੇ,
ਮਾਰ ਤੇ ਦੁਲਾਰੇ ਦੋ ਕੰਧਾਂ 'ਚ ਚਿਣਕੇ,
ਕਹੇ ਫਾਹੇ ਲਾਹ ਦੰਗਾ ਗੁਰੂ ਦੀ ਦੱਦ ਨੂੰ,
ਲੰਘ ਗਿਆ ਜ਼ੁਲਮ ਦੀ ਬਜੀਦ ਹੱਦ ਨੂੰ।

(7)
ਖੱਟ ਗਿਆ ਨਲੈਕ ਬਦਨਾਮੀ ਜਗ ਤੇ,
ਹੋਜੂਗਾ ਹਸ਼ਰ ਨੂੰ ਵਛੌਣਾ ਅੱਗ ਤੇ,
'ਰਜਬਲੀ' ਲੁਆ ਗਿਆ ਕਲੰਕ ਜੱਦ ਨੂੰ,
ਲੰਘ ਗਿਆ ਜ਼ੁਲਮ ਦੀ ਬਜੀਦ ਹੱਦ ਨੂੰ।

(6)

ਸਾਡਾ ਕੀਦ੍ਹੇ ਨਾਲ ਵੱਟ, ਜਾਂ ਕਿਸੇ ਦੀ ਭਨੀ ਹੱਟ, ਜਾਂ ਕਿਸੇ ਦਾ ਸੀਸ ਕੱਟ,
ਖ਼ੂਨ ਕੀਤਾ ਕਿਹੜਾ ਜੀ, 'ਰਜਬਲੀ' ਡੋਬਦਾ ਵਿਚਾਲੇ ਬੇੜਾ ਜੀ,
ਖੱਟੇ ਦੁਨੀਆਂ ਦਾ ਮਿਹਣਾ, ਲਹੂਗਾ ਕਲੰਕ ਏ ਨਾ, ਸੱਚੀ ਦਰਗਾਹ 'ਚ ਦੇਣਾ।
ਪਉ ਹਸਾਬ ਸੂਬਿਆ, ਸਾਡਾ ਦੋਹਾਂ ਪਾਈਆਂ ਦਾ ਜਵਾਬ ਸੂਬਿਆ।

॥ ਦੋਹਿਰਾ ॥

ਕਰਨ ਸਲਾਹਾਂ ਬੈਠਕੇ, ਸੁੱਚਾ ਨੰਦ ਬਜੀਦ।
ਚਿਣਕੇ ਬੀਚ ਦੀਵਾਰ ਦੇ, ਕਰ ਦਿਓ ਬਾਲ ਸ਼ਹੀਦ।

ਮੁਕੰਦ ਛੰਦ-27

(1)

ਨੀਂਹ ਦੇ ਥੱਲੇ ਦੇ, ਦੀਏ ਸੁੱਚੇ ਨੇ ਕਹਿ ਦਿੱਤੀ,
ਏਸੇ ਤਰ੍ਹਾਂ ਜ਼ਾਲਮ ਗੰਗੂ ਨੇ ਰੈ ਦਿੱਤੀ।
ਜ਼ੋਰ ਲਾ ਸਰਹਿੰਦ 'ਚ ਬਹਾ ਲੈ ਸਿੱਕਿਆਂ ਨੂੰ,
ਨੀਂਹ ਦੇ ਥੱਲੇ ਦੇ ਦਿਓ ਗੁਰੂ ਦੇ ਲੜਕਿਆਂ ਨੂੰ।

(2)

ਤਿੰਨ ਦਿਨ ਹੋਗੇ ਗਿੱਟੀਆਂ ਕੀ ਗਿਣਦੇ,
ਗੁਰੂ ਦੇ ਦੁਲਾਰੇ ਕੰਧਾਂ ਵਿੱਚ ਚਿਣਦੇ,
ਬਾਕੀ ਸਿੰਘ ਫੜ ਲੈ ਬਣਾਕੇ ਫਿਕਿਆਂ ਨੂੰ,
ਨੀਂਹ ਦੇ ਥੱਲੇ ਦੇ ਦਿਓ ਗੁਰੂ ਦੇ ਲੜਕਿਆਂ ਨੂੰ।

(3)

ਵੇਖੀਂ ਉਡ ਜਾਣ ਨਾ ਫੜੇ 'ਵੇ ਬਾਜ ਜੀ,
ਬੜੇ ਹੋ ਕੇ ਖੋਣ ਮੁਗਲਾਂ ਤੋਂ ਰਾਜ ਜੀ,
ਦੇਣਾ ਨਾ ਰਹਿਣ ਮੁਗ਼ਲਾਂ ਸੇ ਮਿਕਿਆਂ ਨੂੰ,
ਨੀਂਹ ਦੇ ਥੱਲੇ ਦੇ ਦਿਓ ਗੁਰੂ ਦੇ ਲੜਕਿਆਂ ਨੂੰ।

(4)

ਪਾ ਤਾ ਤਰਥਲ ਅੰਦਰ ਪੁਆਦ ਦੇ,
ਨਵੇਂ ਹਕਦਾਰਾਂ ਨੂੰ ਗੱਦੀ ਦਾ ਸੁਆਦ ਦੇ,
ਚਿਣ ਦਿਓ ਦਵਾਰ ਚੂਨਾ ਲਾ ਕੇ ਭਿੱਕਿਆਂ ਨੂੰ,
ਨੀਂਹ ਦੇ ਥੱਲੇ ਦੇ ਦਿਓ ਗੁਰੂ ਦੇ ਲੜਕਿਆਂ ਨੂੰ।

(5)

ਕਰ ਦਿਓ ਖਤਮ ਖਾਤਮਾਂ ਛੋਟੇ ਵੱਡੇ ਕੌਰ ਦਾ,
ਸੁਣਕੇ ਤੇ ਲਕ ਟੁਟ ਜੂ ਦਲੌਰ ਦਾ,
ਵੇਖ ਲੇ ਦੋਬਾਰਾ ਨਾ ਸ਼ਕੀਨਾ ਨਿੱਕਿਆਂ ਨੂੰ,
ਨੀਂਹ ਦੇ ਥੱਲੇ ਦੇ ਦਿਓ ਗੁਰੂ ਦੇ ਲੜਕਿਆਂ ਨੂੰ।

(6)

ਏਵੇਂ ਬਾਕੀ ਦੋਹਾਂ ਨੂੰ ਫੜਾਦੂ ਗੰਗੂ ਜੀ,
ਦੇ ਦੀਂ ਏਦੂੰ ਦੂਣਾ ਜੇ ਅਨਾਮ ਮੰਗੂ ਜੀ,
ਹਟੂ ਨਿੱਤ ਕੱਢਣੋਂ ਨਵਿਆਂ ਜਿਹਾਂ ਟਿਕਿਆਂ ਨੂੰ,
ਨੀਂਹ ਦੇ ਥੱਲੇ ਦੇ ਦਿਓ ਗੁਰੂ ਦੇ ਲੜਕਿਆਂ ਨੂੰ।

(7)

ਬੜੇ ਬਣੇ ਫਿਰਦੇ ਗੁਰੂ ਦੇ ਵਾਹਰੂ ਜੀ,
ਕਰੋ ਤਲਵਾਰ ਸੇ ਸਿੰਘਾਂ ਦਾ ਦਾਰੂ ਜੀ,
'ਰਜਬਲੀ ਖ਼ਾਨ' ਕੱਢ ਲੈ ਅੜਿਕਿਆਂ ਨੂੰ,
ਨੀਂਹ ਦੇ ਥੱਲੇ ਦੇ ਦਿਓ ਗੁਰੂ ਦੇ ਲੜਕਿਆਂ ਨੂੰ।

ਬੈਂਤ

(1)

ਸੁੱਚਾ ਨੰਦ ਦੀਵਾਨ ਤਾਕੀਦ ਕਰਦਾ,
ਹੁਣ ਕਾਸਤੋਂ ਲਾਂਵਦੇ ਦੇਰੀਆਂ ਨੂੰ।

(2)

ਗੰਗਾ ਰਾਮ ਵੀ ਕਹੇ ਬਜੀਦ ਖ਼ਾਂ ਨੂੰ,
ਮਾਰ ਜਲਦ ਬਣਾ ਦਿਓ ਢੇਰੀਆਂ ਨੂੰ।

(3)

ਇੱਟਾਂ ਪੱਕੀਆਂ ਲੱਦ ਗਡੀਰਿਆਂ 'ਤੇ,
ਲੈਗੇ ਸ਼ਹਿਰ ਤੋਂ ਬਾਹਰ ਘਨੇਰੀਆਂ ਨੂੰ।

(4)

ਚੂਨਾ ਤੁਰਤ ਮੰਗਾ ਲਿਆ ਭੱਠਿਆਂ ਤੋਂ,
ਜਮਾ ਕਰਨ ਪਏ ਸੁਰਖ਼ੀਆਂ ਕੇਰੀਆਂ ਨੂੰ।

ਡੂਡਾ ਛੰਦ–25

(1)

ਕਰਦੇ ਨਾ ਦੀਨ ਮਨਜ਼ੂਰ ਕਾਕੇ ਜੀ, ਤੇ ਸਮਝੌਂਦੇ ਥੱਕ ਗੇ।
ਖ਼ਾਂ ਬਜੀਦ ਕੌੜ ਢਾਂਡੀ ਵਾਂਗੂ ਝਾਕੇ ਜੀ, ਬੜੇ ਦਵਾਨ ਅੱਕ ਗੇ।
ਟਾਂ-ਟਾਂ ਬੋਲੀ ਜਾਂਦੇ ਵੇਖਕੇ ਹੈਰਾਨ ਮੈਂ, ਜੀ ਵਿੱਚ ਦਰਬਾਰ ਦੇ।
ਕਲਮਾਂ ਪੜ੍ਹਾ ਕਰੂ ਮੁਸਲਮਾਨ ਮੈਂ, ਜੋ ਨਾਲ਼ ਤਲਵਾਰ ਦੇ।

(2)

ਦੀਨਾ ਵਿੱਚੋਂ ਜਿਹੜਾ ਅਸਲਾਮ ਦੀਨ ਜੀ, ਖ਼ੁਦਾ ਨੂੰ ਪਿਆਰਾ ਦੀਨਾਂ ਸੇ।
ਕਹੇ ਲੱਗ ਹੋ ਜਿਉਂ ਮੁਸਲਮੀਨ ਜੀ, ਕਹਿ ਕਲਮਾਂ ਯਕੀਨਾਂ ਸੇ।
ਸਖ਼ਤੀ ਨਾ ਕਰਾਂ ਜਾਣ ਕੇ ਨਦਾਨ ਮੈਂ, ਬੁਲਾਵਾਂ ਨਾਲ ਪਿਆਰ ਦੇ।
ਕਲਮਾਂ ਪੜ੍ਹਾ ਕਰੂ ਮੁਸਲਮਾਨ ਮੈਂ, ਜੋ ਨਾਲ਼ ਤਲਵਾਰ ਦੇ।

(3)

ਆਤੀ ਉਰਸੂਲ ਕਿਹਾ ਸੱਚ ਰੱਬ ਨੇ, ਜੀ ਵਿੱਚ ਫ਼ੁਕਰਾਨ ਦੇ।
ਪੈ ਕੇ ਟੇਢੀ ਡੰਡੀਏਂ ਚੜਨ ਲਭਨੇ, ਤੇ ਨਾ ਕਹਿਣ ਮਾਣ ਦੇ।
ਨਬੀ ਜੀ ਬੁਲਾਏ ਸੱਤਮੇ ਸਮਾਨ ਮੈਂ, ਜੋ ਵਾਸਤੇ ਦੀਦਾਰ ਦੇ।
ਕਲਮਾਂ ਪੜ੍ਹਾ ਕਰੂ ਮੁਸਲਮਾਨ ਮੈਂ, ਜੋ ਨਾਲ ਤਲਵਾਰ ਦੇ।

(4)

ਖ਼ਫ਼ਾ ਹੋ ਬਜੀਦ ਖ਼ਾਂ ਸਣੌਂਦਾ ਐਤ ਜੀ, ਉੱਚੀ-ਉੱਚੀ ਦਾਬੇ ਦੇ।
ਫਰਮਾਇਆ ਰੱਬ ਨੇ ਹਿਜ਼ੁਲ ਬੈਤ ਜੀ, ਜੀ ਹੱਜ ਕਰੋ ਕਾਬੇ ਦੇ।
ਹੁਕਮ ਵਖਾ ਦਿਆਂ ਖੋਲ੍ਹ ਕੇ ਕੁਰਾਨ ਮੈਂ, ਜੀ ਸੱਚੀ ਸਰਕਾਰ ਦੇ।
ਕਲਮਾਂ ਪੜ੍ਹਾ ਕਰੂ ਮੁਸਲਮਾਨ ਮੈਂ, ਜੋ ਨਾਲ਼ ਤਲਵਾਰ ਦੇ।

(5)

ਹੋਰ ਫ਼ਰਮਾਇਆ ਲਾ ਤਾਕੌਲੂ ਰਿਬਵਾ, ਚੁਹਾਰਮ ਸਪਾਰੇ 'ਚੈ।
ਲੈਦਾ ਨੀ ਬਿਆਜ ਸਾਡੀ ਜਾਵੇ ਨਿਬ ਵਾ, ਹੋਕਾ ਜਹਾਨ ਸਾਰੇ 'ਚੈ।
ਚਾਹੀਏ ਭਲਿਆਈ ਕਰਨੀ ਜਹਾਨ ਮੈਂ, ਭਰਾ ਦਾ ਕੰਮ ਸਾਰ ਦੇ।
ਕਲਮਾਂ ਪੜ੍ਹਾ ਕਰੂ ਮੁਸਲਮਾਨ ਮੈਂ, ਜੋ ਲਾਲ ਤਲਵਾਰ ਦੇ।

(6)

'ਰਜਬਲੀ' ਮੰਨੋ ਹੁਕਮ ਨਵਾਬ ਦੇ, ਚਰਨ ਫੜ੍ਹੋ ਆਣ ਕੇ।
ਬੋਲੋ ਕਾਕਾ ਨਾਲ ਅਦਬ-ਅਦਾਬ ਦੇ, ਤੇ ਚਿਹ ਚੜ੍ਹੌਂਦੇ ਜਾਣ ਕੇ।
ਨਿਊਂ ਕਰੋ ਸਲਾਮ ਜਾਤ ਦਾ ਪਠਾਣ ਮੈਂ, ਤੇ ਕਿਉਂ ਫਤਿਹ ਗੁਜ਼ਾਰਦੇ।
ਕਲਮਾਂ ਪੜ੍ਹਾ ਕਰੂ ਮੁਸਲਮਾਨ ਮੈਂ, ਜੋ ਨਾਲ਼ ਤਲਵਾਰ ਦੇ।

॥ ਦੋਹਿਰਾ ॥

ਕਹਿਣ ਧਰਮ ਦੇ ਪੂਤਲੇ, ਬਿਲਕੁਲ ਉਮਰਾਂ ਨਰਮ।
ਜਲਦੀ ਸੀਸ ਉਤਾਰ ਲੈ, ਨਾ ਹੋ ਐਨਾ ਗਰਮ।

ਮਨੋਹਰ ਭਵਾਨੀ ਛੰਦ–26

(1)

ਦੋਨੋਂ ਗੁਰੂ ਦੇ ਦੁਲਾਰੇ, ਮੌਤ ਨਦੀ ਦੇ ਕਿਨਾਰੇ, ਖੜੇ ਬੋਲਦੇ ਜੈਕਾਰੇ,
ਸਾਹਮਣੇ ਹਜ਼ਾਰਾਂ ਦੇ, ਸੁਣ ਦੰਦ ਜੁੜਗੇ ਅਹਿਲਕਾਰਾਂ ਦੇ।
ਕਹਿੰਦੇ ਸਿੱਖੀ ਤੇ ਯਕੀਨ, ਹੁੰਦੇ ਨਾ ਮੁਸਲਮੀਨ, ਭਾਵੇਂ; ਬੀੜ ਦੇ ਮਸ਼ੀਨ,
ਤੂੰ ਨਵਾਬ ਸੂਬਿਆ। ਸਾਡਾ ਦੋਹਾਂ ਭਾਈਆਂ ਜਵਾਬ ਸੂਬਿਆ।

(2)

ਸੁੱਚਾ ਖਤਰੀ ਮਲਾਪੀ, ਦੂਜਾ ਰਲਿਆ ਗੰਗੂ ਪਾਪੀ, ਦਗ਼ੇ ਦੀ ਬਿਮਾਰੀ ਬਿਆਪੀ,
ਜੀਦ੍ਹਾ ਕੋਈ ਵੈਦ ਨੀ, ਹੁਣ ਸਾਡੀ ਜ਼ਿੰਦਗਾਨੀ ਦੀ ਉਮੈਦ ਨੀ।
ਦੇ ਕੇ ਗੁਰੂ ਕਿਆਂ ਨੂੰ ਘੂਰਾਂ, ਭਾਲੇ ਸੁਰਗਾਂ 'ਚੋਂ ਹੂਰਾਂ, ਐਵੇਂ ਕਰੇ ਬੇਕਸੂਰਾਂ
ਨੂੰ ਖ਼ਰਾਬ ਸੂਬਿਆ, ਸਾਡਾ ਦੋਹਾਂ ਭਾਈਆਂ ਜਵਾਬ ਸੂਬਿਆ।

(3)

ਦੁੱਧ ਸ਼ੀਂਹਣੀਆਂ ਦੇ ਚੁੰਘੇ, ਦੇਣੇ ਵੈਰੀ ਨੂੰ ਕੀ ਭੁੰਗੇ, ਭਾਵੇਂ ਜਾਣ ਸੀਸ ਭੁੰਗੇ,
ਤੇ ਮੁਕਾ ਦੇ ਜਾਨ ਤੋਂ, ਫੇਰ ਵੀ ਨਾ ਕਹਿਣਾ ਕਲਮਾ ਜ਼ਬਾਨ ਤੋਂ।
ਸੁਣ ਬਾਂਗ ਦੀ ਆਵਾਜ਼, ਨਹੀਂ ਨੀਤਣੀ ਨਮਾਜ, ਥੋਡਾ ਖਾਣਾ ਨਾ ਅਨਾਜ,
ਤੇ ਕਬਾਬ ਸੂਬਿਆ, ਸਾਡਾ ਦੋਹਾਂ ਪਾਈਆਂ ਜਵਾਬ ਸੂਬਿਆ।

(4)

ਤੈਨੂੰ ਨਾ ਖ਼ਬਰ ਡੱਕਾ, ਮੌਲਵੀ ਸਦਾਵੇਂ ਪੱਕਾ, ਕਰੇਂ ਦੀਨ ਵਿੱਚ ਧੱਕਾ,
ਤੂੰ ਕਿਨ੍ਹਾਂ ਤੋਂ ਸਿੱਖਿਆ, ਕੇੜ੍ਹੀ ਐਤ ਮੇਂ ਕੁਰਾਨ ਵਿੱਚ ਲਿਖਿਆ।
ਕੰਡਿਆਂ ਤੋਂ ਦੀ ਨਾ ਘੜੀਸ, ਫੇਰ ਲਾਹ ਲੀਂ ਭਾਵੇਂ ਸੀਸ, ਵੇਖ ਖੋਲ੍ਹਕੇ ਹਦੀਸ,
ਦੀ ਕਿਤਾਬ ਸੂਬਿਆ, ਸਾਡਾ ਦੋਹਾਂ ਭਾਈਆਂ ਦਾ ਜਵਾਬ ਸੂਬਿਆ।

(5)

ਲਾਵੇਂ ਉਲਟੇ ਜੇ ਮੈਨੇ, ਰੋਜੇ ਰੱਖਣੇ ਕੀ ਤੈਨੇ, ਗੱਫੇ ਵਾਡੀਆਂ ਦੇ ਲੈਣੇ,
ਪਰੇ ਸਿੱਟ ਤਸਬੀ, ਤੂੰ ਬਜੀਦ ਖ਼ਾਂ ਕਸਾਈਆਂ ਤੋਂ ਵੀ ਕਸਬੀ।
ਤੇਰੀ ਆਦਤ ਨਕੰਮੀ, ਕੱਢੇ ਦੀਨ ਹੇਠੋਂ ਥੰਮੀ, ਕਿਉਂ ਵਧਾਈ ਦਾੜ੍ਹੀ ਲੰਮੀ,
ਪਾ ਮਰਹਾਬ ਸੂਬਿਆ, ਸਾਡਾ ਦੋਹਾਂ ਭਾਈਆਂ ਦਾ ਜਵਾਬ ਸੂਬਿਆ।

(12)
ਕਰੇਂ ਉਸਤਾਦੀ ਉਸਤਾਦਾ ਭਾਰੀਆਂ।
ਕਰੀਂ ਚੱਲ ਹੱਥ ਫੇਰੀਆਂ ਮਦਾਰੀਆਂ।

(13)
ਬੱਧਾ ਲੱਕ ਪਾਪ ਤੇ ਧਰਮ ਨੱਸ ਗਿਆ।
ਤੈਨੂੰ ਜੋ ਪੜ੍ਹੌਣ ਵਾਲ਼ਾ, ਸਾਨੂੰ ਦੱਸ ਗਿਆ।

(14)
ਬਚਦੇ ਨਾ ਦੀਦ੍ਹੇ ਜ਼ੁਲਮ ਤੂਫ਼ਾਨ ਤੋਂ।
ਫੈਸਲਾ ਕਰੌਣਾ ਸੱਚੇ ਭਗਵਾਨ ਤੋਂ।

(15)
ਉਤੋਂ ਮਾਰੇ ਮਿੱਠੀਆਂ ਦਿਲਾਂ ਤੋਂ ਖੋਟਿਆ।
ਚੰਦ ਰੋਜ਼ ਝੂਠੇ ਚਮਕਾਰੇ ਗੋਟਿਆ।

(16)
'ਰਜਬਲੀ' ਕਰਨੀ ਪਿਆਰੀ ਜਾਨ ਨਾ।
ਜ਼ੋਰ ਲਾ ਲੌ, ਬਣਨਾ ਮੁਸਲਮਾਨ ਨਾ।

॥ ਦੋਹਿਰਾ ॥
ਬੋਲਣ ਜੋਗਾ ਨਾ ਰਿਹਾ, ਸੁੱਚਾ ਨੰਦ ਦਿਵਾਨ।
ਜਾ ਕੇ ਕਹੇ ਬਜੀਦ ਨੂੰ, ਉਲਟੇ-ਉਲਟੇ ਬਿਆਨ।

ਮਕੰਦ ਛੰਦ–24

(1)
ਆਖਦਾ ਦਵਾਨ ਇਹਨੀਂ ਜ਼ਿੱਦ ਛੱਡ ਦੇ,
ਕੋਈ ਕਹਿ ਕੇ ਵੇਖ ਲੌ ਸਿੱਧੀ ਨੇ ਵੱਢਦੇ।
ਮਿੱਠੇ ਪੋਚੇ ਮਾਰੇਂ ਆਏ 'ਵੇ ਪਰ੍ਹੌਣੇ ਨ੍ਹੀਂ,
ਜ਼ਿੱਦ ਤੋਂ ਜਿੱਦ ਖ਼ੋਰ ਇਹ ਦੁਲਾਰੇ ਭੌਣੇ ਨਹੀਂ।

(2)
ਦੇਖਣੇ ਨੂੰ ਬਾਦਸ਼ਾਹ ਨਿਆਣੇ ਦਿਸਦੇ,
ਉਡਣੇ ਸਪੋਲੀਏ ਭਰੇ 'ਵੇ ਵਿਸ ਦੇ।
ਪੱਤਣਾਂ ਦੇ ਤਾਰੂ ਇਹ ਸੁਖਾਲੇ ਫੌਣੇ ਨ੍ਹੀ,
ਜ਼ਿੱਦ ਤੋਂ ਜ਼ਿੱਦ-ਖ਼ੋਰ ਜੇ ਦੁਲਾਰੇ ਭੌਣੇ ਨ੍ਹੀਂ।

(3)
ਨਾਲ਼ ਖ਼ਾਂਦੇ ਪੀਂਦੇ ਆਪਣੇ ਨਾ ਥਿੱਗੜੇ,
ਇਹ ਨਾਂ ਸੂਤ ਔਣੇ ਪੋਤੜਿਆਂ ਦੇ ਵਿਗੜੇ।
ਲਾ ਕਛਹਿਰੇ ਇਨ੍ਹਾਂ ਦੇ ਗਰਾਰੇ ਪੌਣੇ ਨ੍ਹੀ,
ਜ਼ਿੱਦ ਤੋਂ ਜ਼ਿੱਦ-ਖੋਰ ਜੇ ਦੁਲਾਰੇ ਭੌਣੇ ਨ੍ਹੀਂ।

(4)
ਜਿੰਨੇ ਉਤੇ ਓਨੇ ਧਰਤੀ ਦੇ ਵਿੱਚ ਜੀ,
ਜਾਣਦੇ ਔਰੰਗਜੇਬ ਨੂੰ ਵੀ ਟਿੱਚ ਜੀ।
ਉਸਰੇ ਵੇ ਸਿੱਖੀ ਦੇ ਮਹਿਲ ਢੌਣੇ ਨ੍ਹੀ,
ਜ਼ਿੱਦ ਤੋਂ ਜ਼ਿੱਦ-ਖ਼ੋਰ ਜੇ ਦੁਲਾਰੇ ਭੌਣੇ ਨ੍ਹੀਂ।

(5)
ਥੋੜ੍ਹੇ ਕਹੇ ਤੋਂ ਮੰਨਣ ਵਾਲ਼ੀ ਕੌਮ ਨ੍ਹੀਂ,
ਸਿੱਖੀ ਦੇ ਅਸੂਲ ਮੇਂ ਕੱਟੀ ਦੇ ਰੋਮ ਨ੍ਹੀਂ।
ਜ਼ੋਰ ਲਾ ਲੌ ਕੇਸ ਇਨ੍ਹਾਂ ਨੇ ਮਨੌਣੇ ਨ੍ਹੀਂ,
ਜ਼ਿੱਦ ਤੋਂ ਜ਼ਿੱਦ-ਖ਼ੋਰ ਜੇ ਦੁਲਾਰੇ ਭੌਣੇ ਨ੍ਹੀਂ।

(6)
ਕਦੇ ਸਿੰਘ ਹੱਥੋਂ ਨਾ ਉਤਾਰੇ ਕੜੇ ਨੂੰ,
ਭਵੇਂ ਨਾਲ ਤੋਪ ਦੇ ਉਡਾ ਦਿਓ ਖੜ੍ਹੇ ਨੂੰ।
ਸੀਸ ਦਿੱਤੇ ਬਿਨਾ ਕਿਰਪਾਨ ਲੌਣ੍ਹੇ ਨ੍ਹੀਂ,
ਜ਼ਿੱਦ ਤੋਂ ਜ਼ਿੱਦ-ਖ਼ੋਰ ਜੇ ਦੁਲਾਰੇ ਭੌਣੇ ਨ੍ਹੀਂ।

(7)
ਜਿਉਂ-ਜਿਉਂ ਦੁੱਖ ਮਿਲਣੇ ਪਿਉਂਦ ਚੜਨੀ।
'ਰਜਬਲੀ' ਏਨ੍ਹਾਂ ਨਾ ਨਮਾਜ ਪੜ੍ਹਨੀ।
ਕਦੇ ਸੂਤ ਬਿਨ ਤਲਵਾਰੋਂ ਔਣੇ ਨ੍ਹੀ,
ਜ਼ਿੱਦ ਤੋਂ ਜ਼ਿੱਦ-ਖ਼ੋਰ ਜੇ ਦੁਲਾਰੇ ਭੌਣੇ ਨ੍ਹੀਂ।

॥ ਦੋਹਰਾ ॥
ਕਹੇ ਬੁਲਾਕੇ ਖ਼ਾਨ ਜੀ, ਫੇਰ ਤੀਸਰੇ ਰੋਜ਼।
ਕਿਉਂ ਨਾ ਦੀਨ ਕਬੂਲਦੇ, ਪਿਆ ਕੁਫ਼ਰ ਦਾ ਬੋਝ।

ਰੱਬ ਸੱਚਾ ਪੱਟਦੇ ਸੁੱਚੇ ਦੀ ਮੋੜ੍ਹੀ ਨੂੰ, ਹੈ ਪੁੱਠੀ ਜੀ ਸਲਾਹ ਦਿੱਤੀ।
ਮੋੜਤਾ ਪਛਾੜੀ ਹੰਨਸਾਂ ਦੀ ਜੋੜੀ ਨੂੰ, ਤੇ ਤਰੀਕ ਪਾ ਦਿੱਤੀ।

(5)

ਨੀਵੀਂ ਪਾਗੇ ਸੀ ਪਠਾਣ ਸੂਬੇ ਝਾਕੇ ਤੋਂ, ਜੋ ਪੁੱਜੇ ਜ਼ੋਰਾਵਰ ਦੀ।
ਕਹਿੰਦਾ ਕੰਨੋਂ ਫੜ ਕੱਢ ਦੂ ਇਲਾਕੇ ਤੋਂ, ਜੋ ਸਿੰਘਾਂ ਦਾ ਦਰਦੀ।
ਵੱਸ ਚਲੇ ਗੁਰਾਂ ਦੀ ਵਕਾਦੂੰ ਗੋਹੜੀ ਨੂੰ, ਐਤਨੀ ਸੁਣਾ ਦਿੱਤੀ।
ਮੋੜਤਾ ਪਛਾੜੀ ਹੰਸਾਂ ਦੀ ਜੋੜੀ ਨੂੰ, ਤੇ ਤਰੀਕ ਪਾ ਦਿੱਤੀ।

(6)

ਨੇਤਰਾਂ 'ਚੋਂ ਡਿੱਗਣ ਚੰਗਿਆੜੇ ਝੜਕੇ, ਬਜੀਦ ਖ਼ਾਂ ਕਰੋਧੀ ਦੇ।
ਇਕ ਰਾਤ ਹੋਰ ਖੇਡ ਲੈਣ ਲੜਕੇ, ਵਿੱਚ ਮਾਂ ਦੀ ਗੋਦੀ ਦੇ।
'ਰਜਬਲੀ' ਕੱਲ੍ਹ ਕਢਾਂਗੇ ਮਰੋੜੀ ਨੂੰ, ਜੀ ਕਲਮ ਵਾਹ ਦਿੱਤੀ।
ਮੋੜਤਾ ਪਛਾੜੀ ਹੰਨਸਾਂ ਦੀ ਜੋੜੀ ਨੂੰ, ਤੇ ਤਰੀਕ ਪਾ ਦਿੱਤੀ।

॥ ਦੋਹਿਰਾ ॥

ਸੱਜਾ ਹੱਥ ਬਜੀਦ ਦਾ, ਸੁੱਚਾ ਨੰਦ ਦਵਾਨ।
ਮੋਮਨ ਬਣਿਆ ਮਹਾਜਨੋਂ, ਸੁਣੋ ਬਾਤ ਲਾ ਧਿਆਨ।

ਦੋ ਭਾਗ ਛੰਦ-23

(1)

ਸੁਣੋ ਅੱਗੇ ਹਾਲ ਸੁੱਚਾ ਨੰਦ ਦੁਆਨ ਦਾ
ਜਿਹੜਾ ਵਾਲ਼ ਮੁੱਛ ਦਾ ਬਜੀਦ ਖ਼ਾਨ ਦਾ।

(2)

ਕਹੇ 'ਤੇ ਬਜ਼ੀਦ ਦੇ ਵਟਾ ਲਿਆ ਦੀਨ ਸੀ।
ਖੱਤਰੀ ਤੋਂ ਹੋ ਗਿਆ ਮੁਸਲਮੀਨ ਸੀ।

(3)

ਉਹਨੀਂ ਦਿਨੀ ਤਾਂ ਵੀ ਉਸਦੀ ਸੀ ਪੁੱਗਦੀ।
ਤੋਲਿਓਂ ਸੇਰ, ਭਰੀ ਜੇ ਬਣਾ ਦੇ ਰੁੱਗਦੀ।

(4)

ਆਖਦਾ ਬਜੀਦ ਸਮਝਾ ਲੈ ਨਿੱਕਿਆਂ ਨੂੰ।
ਨਹੀਂ ਮਾਰ ਜਾਨ ਤੋਂ ਮੁਕਾਦੂ ਟਿੱਕਿਆਂ ਨੂੰ।

(5)

ਅੱਡੋ-ਅੱਡੀ ਸੁੱਚੇ ਨੇ ਨਿਆਣੇ ਤਾੜ ਲੇ।
ਆਪੇ ਮੰਨ ਜਾਣਗੇ ਬਿਆਨ ਪਾੜ ਲੇ।

(6)

ਕੌਰ ਕਹਿੰਦੇ ਮਾਰ ਨਾ ਵਡਿਆਈ ਸੱਖਣੀ।
ਅਸੀਂ ਦੋਹਾਂ ਵੀਰਾਂ ਨੇ ਸਿੱਖਾਂ ਦੀ ਰੱਖਣੀ।

(7)

ਸਾਡੇ ਕੰਮ ਤੁਸਾਂ ਦੇ ਵਿਆਹ ਤੇ ਰਾਜ ਨਾ।
ਪਿਤਾ ਦਸ਼ਮੇਸ਼ ਨੂੰ ਲਗੌਣੀ ਲਾਜ ਨਾ।

(8)

ਕੂੜ ਮਾਰੋਂ ਪੂਤਲਾ ਬਣਾ ਕੇ ਪਾਪ ਦਾ।
ਕੁੱਲ ਨੂੰ ਪਿਆਰਾ ਹੁੰਦਾ ਦੀਨ ਆਪ ਦਾ।

(9)

ਤੂੰ ਤਾਂ ਡੁੱਬ ਚੱਲਿਆਂ ਧਰਮ ਹਰਕੇ।
ਸਾਡਾ ਵੀ ਗੁਮਾਵੇਂ 'ਪੈਸੇ ਲੈਣੇ' ਕਰਕੇ।

(10)

ਅੱਗੇ ਗੰਗੂ ਬਿੱਪ ਕੀਤੀਆਂ ਬਥੇਰੀਆਂ।
ਤੂੰ ਵੀ ਜ਼ੋਰ ਲਾ ਲੈ ਜੇ ਪੁੱਜਣ ਤੇਰੀਆਂ।

(11)

ਲਾਰੇ ਨਾ ਲਗਾ ਕੀ ਫ਼ੈਦਾ ਵਿੰਗ ਟੇਢ ਦਾ।
ਸਾਫ ਗੱਲ ਕਰ ਕਿਉਂ ਚਲਾਕੀ ਖੇਡਦਾ।

ਸੰਬਰਿਆ ਜ਼ੁਲਮ ਲਾ ਧਰਮ ਮਾਂਜੇ ਨੂੰ,
ਕਰਦੇ ਗੁਰੂ ਜੀ ਪਰਚਾਰ ਸਾਂਝੇ ਨੂੰ।

(3)

ਮੈਂ ਸੁਣਾਵਾਂ ਸੁਣੇ ਰੱਬ ਦੀ ਕਚਹਿਰੀ ਜੀ,
ਮੋਮਨਾਂ ਸੇ ਪਿਆਰ ਨਾ ਹਿੰਦੂ ਦੇ ਵੈਰੀ ਜੀ।
ਦਬਦੇ ਜ਼ਮੀਨ ਨਾ ਕਿਸੇ ਦੇ ਥਾਂਜੇ ਨੂੰ,
ਕਰਦੇ ਗੁਰੂ ਜੀ ਪਰਚਾਰ ਸਾਂਝੇ ਨੂੰ।

(4)

ਜ਼ੋਰ ਲਾ ਲਿਆ ਚੜ੍ਹੇ ਨਾ ਅੜਿੱਕੇ ਲੋਭ ਦੇ,
ਡੁੱਬਦਿਆਂ ਨੂੰ ਤਾਰੇ ਨਾ ਤਰਿਆਂ ਨੂੰ ਡੋਬਦੇ।
ਦੇਣਗੇ ਵਗਣ ਨਾ ਹੰਕਾਰੇ ਝਾਂਜੇ ਨੂੰ,
ਕਰਦੇ ਗੁਰੂ ਜੀ ਪਰਚਾਰ ਸਾਂਝੇ ਨੂੰ।

(5)

ਝੂਠ ਢਹਿਗੇ ਰੱਬ ਨਾ ਸੱਚ ਨੂੰ ਢਹਿਣ ਤੇ,
ਦਸਮੇਸ਼ ਤੁਰੇ ਸਟਰੇਟ ਲੈਣ ਤੇ।
ਅਦਲੀ ਨੇ ਹੀਰ ਜਿਉਂ ਫੜਾਤੀ ਰਾਂਝੇ ਨੂੰ,
ਕਰਦੇ ਗੁਰੂ ਜੀ ਪਰਚਾਰ ਸਾਂਝੇ ਨੂੰ।

(6)

ਪਿਉਂਦੇ ਵਿੱਚ ਪਾਣੀ ਦੇ ਪਤਾਸੇ ਖੋਰ ਦੇ,
ਗੱਡੇ ਤਾਂ ਬਜੂਦ 'ਚ ਪਰੇ ਗਏ ਜ਼ੋਰ ਦੇ।
ਰੱਖਲੇ ਸੰਭਾਲ਼ ਕੱਕਿਆਂ ਦੇ ਪਾਂਜੇ ਨੂੰ,
ਕਰਦੇ ਗੁਰੂ ਜੀ ਪਰਚਾਰ ਸਾਂਝੇ ਨੂੰ।

(7)

ਸਿੰਘਾਂ ਵਿੱਚ ਜੋਸ਼ ਭਰੇ ਦਾ ਹਸਾਬ ਲਾ,
ਇੱਕ ਕਰੇ ਸਵਾ ਲੱਖ ਦਾ ਮੁਕਾਬਲਾ।
ਪਿੱਛੇ ਸਿੰਘ ਲਾਕੇ ਬਦਲੌਂਦੇ ਨਾ ਜ੍ਹੇ ਨੂੰ,
ਕਰਦੇ ਗੁਰੂ ਜੀ ਪਰਚਾਰ ਸਾਂਝੇ ਨੂੰ।

(8)

ਤੂ ਜੇ ਲਾਤੀ ਓਹਦਿਆਂ ਬੱਚਿਆਂ ਦੇ ਫੁੱਲ ਦੀ,
ਤੇਰੇ ਤੇ ਵਿਖਾ ਦੂੰਗਾ ਅੰਧੇਰੀ ਝੁੱਲਦੀ।
'ਬਾਬੂ' ਸਿੱਧਾ ਕਰ ਦੂ ਬਜੀਦ ਖ਼ਾਂ ਜ੍ਹੇ ਨੂੰ,
ਕਰਦੇ ਗੁਰੂ ਜੀ ਪਰਚਾਰ ਸਾਂਝੇ ਨੂੰ।

॥ ਦੋਹਿਰਾ ॥

ਬਿਆਨ ਲੈਂਦਿਆਂ-ਲੈਂਦਿਆਂ, ਵੱਜੇ ਸ਼ਾਮ ਦੇ ਛੀ ਕੁ।
ਕਲ੍ਹ ਨੂੰ ਹੋਣਾ ਫ਼ੈਸਲਾ, ਪਾਤੀ ਫੇਰ ਤਰੀਕ।

ਡੂਢਾ ਛੰਦ-22

(1)

ਸ਼ੇਰ ਖ਼ਾਨ ਹੋਰਾਂ ਨੂੰ ਮਿਲਣ ਝਿੜਕਾਂ, ਜੀ ਅੰਦਰ ਕਚਹਿਰੀ ਦੇ।
ਲੋਹੇ ਦੀ ਮਧਾਣੀ ਸੇ ਬਣਾ ਕੇ ਰਿੜਕਾਂ, ਬੱਚੇ ਥਿਆਗੇ ਵੈਰੀ ਦੇ।
ਬੋਲਦੇ ਪਠਾਣ ਮੂੰਹੋਂ ਬਾਤ ਥੋੜ੍ਹੀ ਨੂੰ, ਹੈ ਦਲੀਲ ਢਾ ਦਿੱਤੀ।
ਮੋੜਤਾ ਪਛਾੜੀ ਹੰਨਸਾਂ ਦੀ ਜੋੜੀ ਨੂੰ, ਤੇ ਤਰੀਕ ਪਾ ਦਿੱਤੀ।

(2)

ਖ਼ਾਨ ਸੀ ਮਲੇਰ ਕੋਟਲਿਓਂ ਬਰਾਬਰ ਦੇ, ਕਿਸੇ ਨਾ ਮੰਨੀ ਉਹਨਾਂ ਦੀ।
ਸਗੋਂ ਸੁਣ ਕੇ ਬਜੀਦ ਹੋਰੀਂ ਘਾਬਰਦੇ, ਸੀ ਖੁੰਬ ਠੱਪੀ ਦੋਨਾਂ ਦੀ।
ਦੁੱਧ ਦੇ ਗਲਾਸ ਪਿਉਂਦੇ ਗੰਗੂ ਕੋੜ੍ਹੀ ਨੂੰ, ਤੇ ਮਠਿਆਈ ਲਿਆ ਦਿੱਤੀ।
ਮੋੜਤਾ ਪਛਾੜੀ ਹੰਨਸਾਂ ਦੀ ਜੋੜੀ ਨੂੰ, ਤੇ ਤਰੀਕ ਪਾ ਦਿੱਤੀ।

(3)

ਥਾਪੀਆਂ ਮਿਲਣ ਬਿੱਪ ਦਗ਼ੇਬਾਜ਼ ਨੂੰ, ਫੜਾਤੇ ਸਿੰਘ ਕੈਕੂ ਤੂੰ।
ਬਾਦਸ਼ਾਹ ਨੂੰ ਕਹਿ ਦੁਆ ਦਿਆਂ ਅੱਧੇ ਰਾਜ ਨੂੰ, ਹੈ ਅਨਾਮ ਲੈਕ ਤੂੰ।
ਡੋਬਤਾ ਗੋਬਿੰਦ ਸਿਉਂ ਦੀ ਬੇੜੀ ਰੋੜ੍ਹੀ ਨੂੰ, ਆਸ ਜੀ ਪੁਜਾ ਦਿੱਤੀ।
ਮੋੜਤਾ ਪਛਾੜੀ ਹੰਨਸਾਂ ਦੀ ਜੋੜੀ ਨੂੰ, ਤੇ ਤਰੀਕ ਖਾ ਦਿੱਤੀ।

(4)

ਹਾਂ 'ਚ ਹਾਂ ਮਲੌਣ ਵਾਲਿਆਂ ਦੀ ਪੁੱਗਣੀ, ਜੋ ਖੁਸ਼ ਹੈ ਗੁਲਾਮੀ ਤੇ।
ਕਰਤੀ ਦਵਾਨ ਦੀ ਜਗੀਰ ਦੁੱਗਣੀ। ਜੋ ਏਸੇ ਨੇਕ ਨਾਮੀ ਤੇ।

ਮਾੜਾ-ਧੀੜਾ ਰੋਕ ਸਕੇ ਨਾ ਕਸਾਬਾਂ ਨੂੰ,
ਤਰਸ ਆ ਗਿਆ ਕੋਟਲੇ ਦਿਆਂ ਨਵਾਬਾਂ ਨੂੰ।

(2)

ਮੱਲਾਂ ਵਾਂਗੂ ਉੱਠਪੇ ਲੱਗਾਕੇ ਥਾਪੀ ਨੂੰ,
ਹਿੱਕ ਕੱਢ ਆਖਦੇ ਬਜੀਦ ਪਾਪੀ ਨੂੰ।
ਫ਼ੇਰ ਖ਼ਾਨ ਕਰੇ ਕਰੜਿਆਂ ਜਵਾਬਾਂ ਨੂੰ,
ਤਰਸ ਆ ਗਿਆ ਕੋਟਲੇ ਦਿਆਂ ਨਵਾਬਾਂ ਨੂੰ।

(3)

ਦੱਸ ਏਨ੍ਹਾਂ ਤੇਰਾ ਕੀ ਚੁਰਾਇਆ-ਚੱਕਿਆ,
ਕਰੇਂ ਕੀ ਹਕੂਮਤ ਨਸ਼ੇ ਦਾ ਡੱਕਿਆ।
ਲੱਗਗੇ ਪਟਣ ਫੁੱਟਦੀਆਂ ਦਾਬਾਂ ਨੂੰ,
ਤਰਸ ਆ ਗਿਆ ਕੋਟਲੇ ਦਿਆਂ ਨਵਾਬਾਂ ਨੂੰ।

(4)

ਪੈਰੀਂ ਪੈ ਜਾ ਮਾਤਾ ਦੇ ਅਸੀਸ ਤਾਰ ਦੇ,
ਛਾਤੀ ਨਾਲ ਲਾ ਕੇ ਬੱਚਿਆਂ ਨੂੰ ਪਿਆਰ ਦੇ।
ਪਿਛਾਂਹ ਮੋੜ ਦੇ ਕੇ ਹੂਰਿਆਂ ਖ਼ਿਤਾਬਾਂ ਨੂੰ,
ਤਰਸ ਆ ਗਿਆ ਕੋਟਲੇ ਦਿਆਂ ਨਵਾਬਾਂ ਨੂੰ।

(5)

ਸੁੱਚੇ ਖ਼ਾਨਦਾਨ ਦੇ ਬੁਲੰਦ ਸ਼ਾਨ ਦੇ,
ਖੁਸ਼ਬੂ ਜਹਾਨ ਵਿੱਚ ਖਿੰਡ ਜਾਣ ਦੇ।
ਅਜੇ ਤੋੜਨਾ ਕੀ ਟਹਿਕਦਿਆਂ ਗੁਲਾਬਾਂ ਨੂੰ,
ਤਰਸ ਆ ਗਿਆ ਕੋਟਲੇ ਦਿਆਂ ਨਵਾਬਾਂ ਨੂੰ।

(6)

ਸੋਹਣੇ ਮੱਥੇ ਨਾਲ ਨਾ ਕਿਸੇ ਦੇ ਰਲ ਦੇ,
ਕਮਰੇ 'ਚ ਜਾਣੀਂ ਦੋ ਚਰਾਗ ਜਲਦੇ।
ਲੱਗ ਜੂ ਗਰ੍ਹੈਣ ਚਮਕਦਿਆਂ ਮੜ੍ਹਾਬਾਂ ਨੂੰ,
ਤਰਸ ਆ ਗਿਆ ਕੋਟਲੇ ਦਿਆਂ ਨਵਾਂਬਾਂ ਨੂੰ।

(7)

ਬੱਚਿਆਂ ਨੂੰ ਮਾਰੇ ਸਰਕਾਰ ਕੋਈ ਨਾ,
ਪਾਪੀਆਂ ਨੂੰ ਮਿਲੇ ਦਰਗਾਹ 'ਚ ਢੋਈ ਨਾ।
ਪੜ੍ਹ ਵੇਖ ਲੈ ਹਦੀਸ ਦੀਆਂ ਕਤਾਬਾਂ ਨੂੰ,
ਤਰਸ ਆ ਗਿਆ ਕੋਟਲੇ ਦਿਆਂ ਨਵਾਬਾਂ ਨੂੰ।

(8)

ਸਵਾ ਨੇਜ਼ੇ ਉਤੇ ਸੂਰਜ ਖੜ੍ਹੋ ਜੁਗਾ,
ਫ਼ਰਸ਼ ਤੰਦੂਰ ਜਿਉਂ ਗਰਮ ਹੋ ਜੂਗਾ।
ਓਦੋਂ ਔਖਾ ਹੋਜੂ ਝੱਲਣਾਂ ਅਜ਼ਾਬਾਂ ਨੂੰ,
ਤਰਸ ਆ ਗਿਆ ਕੋਟਲੇ ਦਿਆਂ ਨਵਾਬਾਂ ਨੂੰ।

(9)

ਅੱਗ ਦੇ ਸੰਗਲ 'ਚ ਨਰੜ ਬੱਧੇ ਜਾਂ,
ਦੇਵੇਂਗਾ ਜਵਾਬ ਕੀ ਖ਼ੁਦਾ ਨੇ ਸੱਦੇ ਜਾਂ।
'ਰਜਬਲੀ' ਦੇਣਾ ਪੈ ਜੂਗਾ ਹਿਸਾਬਾਂ ਨੂੰ,
ਤਰਸ ਆ ਗਿਆ ਕੋਟਲੇ ਦਿਆਂ ਨਵਾਬਾਂ ਨੂੰ।

॥ ਦੋਹਿਰਾ ॥

ਹਿੰਦੂ ਦੇ ਦੁਸ਼ਮਣ ਨਹੀਂ, ਨਾ ਮੋਮਨ ਸੇ ਪਿਆਰ।
ਕੁੱਲ ਦੀ ਮੰਗਦੇ ਖ਼ੈਰ ਜੀ, ਸਾਂਝਾ ਕਰ ਪਰਚਾਰ।

ਮੁਕੰਦ ਛੰਦ-21

(1)

ਸ਼ੇਰ ਖ਼ਾਨ ਸੂਬੇ ਨੂੰ ਸਣੋਂਦਾ ਸਿੱਧੀਆਂ,
ਪਾਕ ਰੂਹਾਂ ਜਾਣ ਨਾ ਕਿਸੇ ਤੋਂ ਮਿੱਧੀਆਂ।
ਜਪ ਨਾਮ ਜਗ ਦੇ ਮਕਾਤਾ ਲਾਂਝੇ ਨੂੰ,
ਕਰਦੇ ਗੁਰੂ ਜੀ ਪਰਚਾਰ ਸਾਂਝੇ ਨੂੰ।

(2)

ਦਿਲਾਂ ਉਤੋਂ ਚੱਕ ਤੇ ਵਛੌਣੇ ਦੂਜ ਦੇ,
ਇੱਕ ਨੂੰ ਮੰਨਣ, ਨਾ ਪੱਥਰ ਪੂਜਦੇ।

ਰਾਲ਼ ਦਾ ਭਵਨ ਸੜ ਜੂ ਤਲੰਗਿਓ,
ਕਿੱਥੋਂ ਅੱਗ ਲੌਣੀ ਸਿੱਖਲੀ ਪਤੰਗਿਓ।

(7)

ਘੜੀ ਵਿੱਚ ਬਣ ਗਿਆ ਪਹਾੜ ਹਾਸੇ ਦਾ,
ਯਾਦਵੋਂ ਸਰਾਫ਼ ਮਾਰੇ ਦਰਵਾਸੇ ਦਾ।
ਗਾਲਣ ਕੁਠਾਲੀ ਬਦਦੁਆਈਂ ਸੰਗਿਓ,
ਕਿੱਥੋਂ ਅੱਗ ਲੌਣੀ ਸਿੱਖਲੀ ਪਤੰਗਿਓ।

(8)

'ਬਾਬੂ ਜੀ' ਚੁਫੇਰਿਓਂ ਅਗਨ ਵਰ੍ਹਦੀ,
ਇੱਕ ਤੂ ਸੈਂ ਏਧਰ ਹਮਾਰਾ ਦਰਦੀ।
ਰੀਤ ਨਾ ਡੰਗਣ ਦੀ ਭੁਲੌਂਦੇ ਸੰਗਿਓ,
ਕਿੱਥੋਂ ਅੱਗ ਲੌਣੀ ਸਿੱਖਲੀ ਪਤੰਗਿਓ।

॥ ਦੋਹਿਰਾ ॥

ਹੋਇਆ ਖਫ਼ਾ ਬਜੀਦ ਖ਼ਾਂ, ਹੋਗੇ ਚੁੱਪ ਨਦਾਨ।
ਜਿਤਨੇ ਅਫ਼ਸਰ ਹੇਠਲੇ, ਦੂਰੋਂ ਵੱਢ-ਵੱਢ ਖ਼ਾਨ।

ਮਨੋਹਰ ਭਵਾਨੀ ਛੰਦ-19

(1)

ਦਾੜ੍ਹੀ ਮੌਲਵੀ ਦੀ ਬੱਗੀ, ਵਸਮਾਂ ਤੇ ਮਹਿੰਦੀ ਲੱਗੀ, ਕਾਲ਼ਾ ਮੂੰਹ ਸਬਜ਼ ਝੱਗੀ।
ਜਿਉਂ ਲੰਗੂਰ ਬਣ ਕਾ, ਤਸਬੀ ਦਾ ਮਾਰੇ ਮਣਕੇ ਤੇ ਮਣਕਾ।
ਜੇਬ ਲੋਕਾਂ ਦੀ ਕਤਰ, ਬਣਿਆ ਬੈਠਾ ਸੀ ਚਤਰ, ਬੋਲੇ ਲਤਰ-ਲਤਰ
ਜੀਭ ਲੁੱਚੇ ਕਾਜ਼ੀ ਦੀ, ਸੂਬੇ ਨੂੰ ਲਿਹਾਜ਼ ਮਾਰੇ ਗੰਗੂ ਪਾਜ਼ੀ ਦੀ।

(2)

ਸੀ ਬਜੀਦ ਪਾਪੀ ਤੇਜ਼, ਉਹਨੂੰ ਕੀਦ੍ਹੇ ਨਾਲ ਹੇਜ, ਲੱਗੇ ਕੁਰਸੀ ਤੇ ਮੇਜ਼,
ਮੂੜ੍ਹਾ ਡਾਹਿਆ ਚੰਗਾ ਜਿਆ। ਤਿੜਿਆ ਬੈਠਾ ਬਾਮ੍ਹਣ ਟਟੀਰੀ ਟੰਗਾ ਜਿਆ।
ਸੌ-ਸੌ ਕਰੇ ਨੌਕ, ਝੌਕ, ਕੀਤਾ ਪੈਸਿਆਂ ਨੂੰ ਓਕ, ਪਵੇ ਡਰਦੇ ਦੀ ਮੌਕ,
ਸੁੱਚਾ ਨੰਦ ਸਾਜ਼ੀ ਦੀ। ਸੂਬੇ ਨੂੰ ਲਿਹਾਜ਼ ਮਾਰੇ ਗੰਗੂ ਪਾਜ਼ੀ ਦੀ।

(3)

ਨਾਜ਼ਮਾਂ ਨੂੰ ਰਹਿਮ ਕੀ ਸੀ, ਚੜ੍ਹਿਆ 'ਵਿਆ ਦਮਾਗ਼ ਟੀਸੀ, ਲਿਆਏ ਕੌਰਾਂ ਨੂੰ ਘਸੀਸੀ,
ਸੌਲਜ਼ਰ ਡੁੱਬੇ ਜ੍ਹੇ। ਹੌਰੂ ਬੌਲਣ ਅਰਜ਼ੀ, ਨਵੀਸ ਕੂਬੇ ਜ੍ਹੇ।
ਬੂਥੀ ਡਿਪਟੀ ਦੀ ਸੁਜੀ, ਚਪੜਾਸੀ ਹੁਜੋ-ਹੁਜੀ, ਗਲ ਕਾਨੂੰਗੋ ਵੀ ਗੁੱਝੀ,
ਕਰਦਾ ਨਰਾਜ਼ੀ ਦੀ। ਸੂਬੇ ਨੂੰ ਲਿਹਾਜ਼ ਮਾਰੇ ਗੰਗੂ ਪਾਜ਼ੀ ਦੀ।

(4)

ਕਰੇ ਸ਼ਿਸਨ ਫਰੇਬ, ਥਿਆਗੇ ਲੂੰਬੜੀ ਨੂੰ ਸੇਬ, ਬੀਂਬੜ ਮਿਸਲ ਖ਼ਾਂ ਦੀ ਜੇਬ੍ਹ,
ਭਾਨ ਨਾਲ ਬੁੱਕੀ 'ਵੀ, ਬੈਠਾ ਪੀਵੇ ਗੁਰੜ-ਗੁਰੜ ਹੁੱਕੀ ਵੀ।
ਪੂਰਾ ਨੈਬ ਕੋਰਟ ਕੱਬਾ, ਕੋਲੇ ਕਾਗਜਾਂ ਦਾ ਥੱਬਾ, ਝੱਲੀ ਜਾਂਵਦੀ ਨਾ ਤੱਬਾ,
ਮੁਣਸ਼ੀ ਬਲਾ ਜ੍ਹੀ ਦੀ, ਸੂਬੇ ਨੂੰ ਲਿਹਾਜ਼ ਮਾਰੇ ਗੰਗੂ ਪਾਜ਼ੀ ਦੀ।

(5)

ਖੜ੍ਹਾ ਚੌਂਕੀਦਾਰ ਭੌਂਕੇ, ਵੇਖੇ ਸੁਪਰਡੈਂਟ ਮੌਕੇ, ਐਵੇਂ ਛਾਵੇਂ ਖੜਾ ਹੌਂਕੇ,
ਠਾਣੇਦਾਰ ਢਿੱਡਲ ਜਿਆ, ਅੱਖਾਂ ਮੀਚੀ ਬੈਠਾ ਸੀ ਕੰਪੋਡਰ ਗਿੱਡਲ ਜਿਆ।
ਤਿੰਨ ਚਿੱਬੇ ਜੇ ਮਸੱਦੀ, ਦੇਣ ਮਾਰਨੇ ਦੀ ਤੱਦੀ, ਗਲ ਕਿਸੇ ਨਾ ਓਲੱਦੀ,
ਹਾਰ ਆਗੀ ਬਾਜ਼ੀ ਦੀ, ਸੂਬੇ ਨੂੰ ਲਿਹਾਜ ਮਾਰੇ ਗੰਗੂ ਪਾਜ਼ੀ ਦੀ।

(6)

ਹੌ ਗਿਆ ਮਾਲਕ ਨਰਾਜ, ਹੈ ਨਾ ਘਟੀ ਦਾ ਅਲਾਜ,
ਡੋਲੇ ਗੁਰੂ ਕਾ ਜਹਾਜ਼, ਦਿਨ ਮਾੜੇ ਆਏ ਵੇ, ਹਰਨ ਫੜਣ ਨੂੰ ਕੜੱਕੇ ਲਾਏ ਵੇ।
'ਬਾਬੂ' ਕੌਟਲੇ ਦੇ ਖ਼ਾਨ, ਹਾਂਅ ਦਾ ਨਾਰ੍ਹਾ ਮਾਰ ਜਾਣ,
ਕਿਵੇਂ ਉਚਰੇ ਜ਼ਬਾਨ, ਸ਼ੇਰ ਖ਼ਾਨ ਗਾਜ਼ੀ ਦੀ, ਸੂਬੇ ਨੂੰ ਲਿਹਾਜ਼ ਮਾਰੇ ਗੰਗੂ ਪਾਜ਼ੀ ਦੀ।

॥ ਦੋਹਿਰਾ ॥

ਕਰਦੇ ਹਰਖ ਮਲੇਰੀਏ, ਮੁਸ਼ਕਲ ਹੌ ਗਿਆ ਬੈਹਣ।
ਅਜੇ ਜਗਤ ਵਿਚ ਵਿਰਲੀਆਂ, ਧਰਮ ਮੂਰਤਾਂ ਹੈਣ।
ਖ਼ਾਨ ਬਹਾਦਰ ਕੌਟਲਿਓਂ, ਕਰਦੇ ਮਿੰਨਤ-ਮਸਾਜ।
ਕਿਉਂ ਬੰਨ੍ਹ ਲਿਆ ਲੱਕ ਪਾਪ ਤੇ, ਬੁਰਾ ਜ਼ੁਮਲ ਦਾ ਰਾਜ।

ਮੁਕੰਦ ਛੰਦ-20

(1)

ਸੂਬੇ ਦੀ ਸਰ੍ਹਿੰਦ 'ਚ ਕਚਹਿਰੀ ਲੱਗੀ 'ਵੀ,
ਜ਼ੁਲਮਾਂ ਦੀ ਅੱਗ ਸੀ ਚੁਫੇਰੇ ਮੱਘੀ ਵੀ।

(2)

ਨਿੱਤ ਕਰਦੇ ਮਸ਼ਵਰੇ ਏਹੋ, ਗੁਰਾਂ ਅਖ਼ਬਾਰ ਕੱਢਿਆ।
ਪਾਪੀ ਰਾਜ ਦੀ ਹਲਾ ਜੜ ਦੇਹੋ, ਦੇਸ਼ ਨੂੰ ਵਗਾੜ ਛੱਡਿਆ।
ਮੈਂ ਸਾਂ ਫਿਰਦਾ ਕਦੇ ਦਾ ਦਾਅ ਤੇ, ਰਾਮ ਨੇ ਪੁਜਾਤਾ ਆਸ ਨੂੰ।
ਪੁੱਤ ਗੁਰੂ ਦੇ ਹਜ਼ੂਰ ਫੜਾ ਤੇ, ਚਾਹੀਦਾ ਅਨਾਮ ਦਾਸ ਨੂੰ।

(3)

ਥੋਡੇ ਹਿੱਲੀਆਂ ਤਖ਼ਤ ਦੀਆਂ ਚੂਲ਼ਾਂ, ਅਜੇ ਮਜ਼ਬੂਤ ਕਰ ਲੋ।
ਹੋਣ ਤਿੱਖੀਆਂ ਜੰਮਦੀਆਂ ਸ਼ੂਲਾਂ, ਜਿਉਂਦੇ ਨਿਉਂ ਦੇ ਹੇਠ ਧਰ ਲੋ।
ਦੂਰੋਂ ਲਿਆਣ ਕੇ ਤੁਸਾਂ ਦੇ ਵੱਸ ਪਾਤੇ, ਸੁੱਕੇ ਜਾਣ ਦੇਣੇ ਕਾਸ ਨੂੰ।
ਪੁੱਤ ਗੁਰੂ ਦੇ ਹਜ਼ੂਰ ਫੜਾ ਤੇ, ਚਾਹੀਦਾ ਅਨਾਮ ਦਾਸ ਨੂੰ।

(4)

ਬੱਚੇ ਸੱਪਾਂ ਦੇ ਮਿੱਤਰ ਨਾ ਬਣਦੇ, ਦੁੱਧ ਪੀ ਡੰਗਣ ਮੁ਼ਗ਼ਲੋ।
ਬੜੇ ਹੋ ਕੇ ਸ਼ੀਂਹ ਗੱਜਣ ਵਿੱਚ ਰਣ ਦੇ, ਹੁਣੇ ਛੋਟੇ-ਛੋਟੇ ਚੁਗਲੋ।
ਮੇਰਾ ਭੁੱਲੋ ਨਾ ਉਮਰ ਗੁਣ ਗਾਤੇ, ਮਾਰਕੇ ਖਪਾ ਦਿਓ ਲਾਸ਼ ਨੂੰ।
ਪੁੱਤ ਗੁਰੂ ਦੇ ਹਜ਼ੂਰ ਫੜਾ ਤੇ, ਚਾਹੀਦਾ ਅਨਾਮ ਦਾਸ ਨੂੰ।

(5)

ਨਿੱਤ ਵੈਰੀ ਤੇ ਗਾਹਕ ਨਾ ਮਿਲਦੇ, ਜਿਹੜਾ ਮੌਕਾ ਉੱਕ ਜੇ ਝੁਰੂ।
ਸਾਰੇ ਕੱਢਣੇ ਪੈਣਗੇ ਕਿੱਲ 'ਜ੍ਹੇ, ਚਾਰੇ ਪੁੱਤ ਪੰਜਮਾਂ ਗੁਰੂ।
ਰੰਗ ਲੱਗ ਜੂ ਸੀਸ ਜ੍ਹੇ ਲਾਹ ਤੇ, ਰੱਤ ਪੀ ਬੁਝਾ ਲੋ ਪਿਆਸ ਨੂੰ।
ਪੁੱਤ ਗੁਰੂ ਦੇ ਹਜ਼ੂਰ ਫੜਾ ਤੇ, ਚਾਹੀਦਾ ਅਨਾਮ ਦਾਸ ਨੂੰ।

(6)

'ਰਜਬਲੀ ਖ਼ਾਂ' ਸੂਤ ਨਾ ਔਣੇ, ਪੁੱਠੀਆਂ ਪੜ੍ਹਾਈਆਂ ਪਾੜ੍ਹਤਾਂ।
ਪੇਚ ਜਾਣਦੇ ਤੁਸਾਂ ਤੋਂ ਚੌਣੇ, ਬੋਲੀ ਜਾਂਣਾ ਕਾੜ-ਕਾੜ ਤਾਂ।
ਦੰਦ ਪੀਸਦੇ। ਦਿੱਲੀ ਦੇ ਸ਼ਾਹ ਤੇ, ਵੱਢ ਵੱਢ ਖਾ ਜੋ ਮਾਸ ਨੂੰ।
ਪੁੱਤ ਗੁਰੂ ਦੇ ਹਜ਼ੂਰ ਫੜਾ ਤੇ, ਚਾਹੀਦਾ ਅਨਾਮ ਦਾਸ ਨੂੰ।

॥ ਦੋਹਿਰਾ ॥

ਬੜੇ ਕਠਣ ਦਿਲ ਆਪਕੇ, ਕਾਕੇ ਦੇਣ ਨਜ਼ੀਰ।
ਉਠੇ ਪਾਪ ਦੀ ਲਹਿਰ ਜਾਂ, ਨਾ ਕੋਈ ਗੁਰ ਨਾ ਪੀਰ।

ਮਕੰਦ ਛੰਦ-18

(1)

ਕਾਕੇ ਜੀ ਕਹਿਣ ਤੈਂ ਧਰਮ ਹਰਤਾ,
ਖਾ ਕੇ ਲੂਣ ਗੁਰਾਂ ਦਾ ਹਰਾਮ ਕਰਤਾ।
ਵਿੱਚੋਂ ਖੋਟੇ ਆਪਦੀ ਜ਼ਬਾਨੋਂ ਚੰਗਿਓਂ,
ਕਿੱਥੋਂ ਅੱਗ ਲੌਣੀ ਸਿੱਖਲੀ ਪਤੰਗਿਓ।

(2)

ਲਿਉਣ ਘਰ ਰਥ ਤੇ ਝੜ੍ਹਾ ਕੇ ਜਿਸ ਨੂੰ,
ਲੱਤ ਮਾਰ ਡੇਗਤਾ ਜ਼ਿਮੀਂ ਤੇ ਬਿਸ਼ਨੂੰ।
ਲਛਮੀ ਦੀ ਦੂਰਸੀਸ ਤੋਂ ਨਾ ਸੰਗਿਓ,
ਕਿੱਥੋਂ ਅੱਗ ਲੌਣੀ ਸਿੱਖਲੀ ਪਤੰਗਿਓ।

(3)

ਲੈ ਗਿਆ ਲੱਖ ਮਣ ਦਾ ਕੁਹਾੜਾ ਘਰ ਸੇ,
ਛਤਰੀ ਬੰਸ ਨੂੰ ਮੁਕਾਤਾ ਪਰਸੇ।
ਬੜੀ ਲਹੂ ਨਾਲ ਨਾ ਜ਼ਮੀਨ ਰੰਗਿਓ,
ਕਿਥੋਂ ਅੱਗ ਲੌਣੀ ਸਿੱਖਲੀ ਪਤੰਗਿਓ।

(4)

ਲੰਕਾ ਤਾਂ ਸ਼ਿਵਾਂ ਤੋਂ ਦੰਦਾਂ ਦੀ ਘਸਾਈ ਲੈ,
ਰੌਣ ਤੋਂਕੇ ਰਘੁਬੀਰ ਦੀ ਲੁਗਾਈ ਲੈ।
ਕੁਟੀਆ ਤੋਂ ਪਰ੍ਹੇ ਹੋ ਪਰ੍ਹੇ ਦੀ ਲੰਘਿਓ,
ਕਿੱਥੋਂ ਅੱਗ ਲੌਣੀ ਸਿੱਖਲੀ ਪਤੰਗਿਓ।

(5)

ਕੀਤਾ ਹਰੀ ਚੰਦ ਤੇ ਜ਼ੁਲਮ ਭਾਰਾ ਸੀ,
ਕੰਜਰਾਂ ਦੇ ਵਿਕੀ ਪਟਰਾਣੀ ਤਾਰਾਂ ਸੀ।
ਸੱਪ ਬਣ ਕੇ ਰੌਹਤਾਸ ਨੂੰ ਨਾ ਡੰਗਿਓ,
ਕਿੱਥੋਂ ਅੱਗ ਲੌਣੀ ਸਿੱਖਲੀ ਪਤੰਗਿਓ।

(6)

ਤੁਸੀਂ ਪੁੱਠੀ ਜਾਣਦੇ ਬੁਣਨ ਬੁਣਤੀ,
ਪਾਂਡਮਾਂ ਸਮੇਤ ਸੀ ਮਚਾਤੀ ਕੁਣਤੀ।

॥ ਦੋਹਿਰਾ ॥
ਕਰਦੇ ਵਿਰਦ ਕੁਰਾਨ ਦਾ, ਪੜ੍ਹੇ ਨਮਾਜ਼ਾਂ ਰੋਜ਼।
ਆਲਮ ਅਮਲ ਬਗ਼ੈਰ ਜੀ, ਜਿਵੇਂ ਗਧੇ ਪਰ ਬੋਝ।

ਮੁਕੰਦ ਛੰਦ-16

(1)
ਕਲਮਾਂ ਪੜ੍ਹੇ ਬੀਜਦ ਖ਼ਾਂ ਸੁਣਾ ਦਿੱਤਾ,
ਅੱਗੋਂ ਨੌਂ-ਨਿਹਾਲਾਂ ਨੇ ਜਵਾਬ ਆਹ ਦਿੱਤਾ।
ਸਾਫ਼ ਗੱਲ ਕਰੀਂ ਮੰਨਣੀ ਘਰੋੜ ਨਹੀਂ,
ਅਮਲਾਂ ਦੀ ਲੋੜ, ਝਗੜੇ ਦੀ ਲੋੜ ਨਹੀਂ।

(2)
ਤੁਸੀਂ ਮਨੋਂ ਉਤਲੇ ਨਮਾਜ਼ ਪੜ੍ਹਦੇ,
ਤਾਂਹੀਂ ਜਾਂਦੇ ਦਿਲਾਂ ਤੇ ਜੰਗਾਲ ਚੜ੍ਹਦੇ।
ਬੀਜਦਾ ਕਿਕਰੀਆਂ ਉੱਗਣੇ ਬੋਹੜ ਨਹੀਂ,
ਅਮਲਾਂ ਦੀ ਲੋੜ, ਝਗੜੇ ਦੀ ਲੋੜ ਨਹੀਂ।

(3)
ਲਾਲਚਾਂ 'ਚ ਸੁਤਾ ਖੁੱਭੀ 'ਵੀ ਜਨਾਬ ਕੀ,
ਦਸ ਐਸੇ ਰੋਜ਼ੇ ਰੱਖੇ ਦਾ ਸਵਾਬ ਕੀ।
ਗਹਿਰ ਦੇ ਅੰਦਰ ਤੋਂ ਦਵੈਤ ਕੋਹੜ ਨਹੀਂ,
ਅਮਲਾਂ ਦੀ ਲੋੜ, ਝਗੜੇ ਦੀ ਲੋੜ ਨਹੀਂ।

(4)
ਮੋਮਨ ਖ਼ਰੈਤ ਦੇ ਜੁਕਾਤ ਅੱਡ ਦੀ,
ਸਿੱਖ ਕੌਮ ਦਸਮਾਂ ਦਸੌਂਧ ਕਢਦੀ।
ਨੀਤ ਵੇਖੇ ਰੱਬ ਨੂੰ ਧਨਾਂ ਦੀ ਥੋੜ ਨਹੀਂ,
ਅਮਲਾਂ ਦੀ ਲੋੜ ਝਗੜੇ ਦੀ ਲੋੜ ਨਈਂ।

(5)
ਜ਼ੋਰ ਸੇ ਬਸ਼ੱਕ ਦੀਨ ਬਦਲਾ ਦੇ ਤੂ,
ਆਹਾ ਲਿਖਿਆ 'ਵਿਆ ਕੁਰਾਨ 'ਚ ਵਿਖਾ ਦੇ ਤੂ।

ਐਵੇਂ ਬੇਗੁਨਾਹ ਦੀ ਰੱਤ ਨੂੰ ਨਚੋੜ ਨਹੀਂ,
ਅਮਲਾਂ ਦੀ ਲੋੜ, ਝਗੜੇ ਦੀ ਲੋੜ ਨਹੀਂ।

(6)
ਸਾਡੇ ਬੇਰੀ ਠੱਗੀਆਂ ਗੰਗੂ ਨੂੰ ਮੁਆਫ਼ ਹੈ,
ਰੱਬ ਤੇਰੇ ਨਿਆਵਾਂ ਦੇ ਬਰਖ਼ਲਾਫ਼ ਹੈ।
ਕਿਸ਼ਤੀ ਜ਼ੁਲਮ ਦੀ ਚੜ੍ਹੂਗੀ ਤੋੜ ਨਹੀਂ,
ਅਮਲਾਂ ਦੀ ਲੋੜ, ਝਗੜੇ ਦੀ ਲੋੜ ਨਹੀਂ।

(7)
ਸਾਨੂੰ ਡਰ ਦਿੰਦੇ ਦੋਜਖ਼ਾਂ ਦੀ ਅੱਗ ਦੇ,
ਤੁਸੀਂ ਕਿਹੜਾ ਰੱਬ ਦੇ ਭਤੀਜੇ ਲੱਗਦੇ।
ਸਿੱਖਾਂ ਨਾਲ ਵੈਰ ਮੋਮਨਾਂ ਸੇ ਜੋੜ ਨਹੀਂ,
ਅਮਲਾਂ ਦੀ ਲੋੜ, ਝਗੜੇ ਦੀ ਲੋੜ ਨਹੀਂ।

(8)
ਓਹੋ 'ਬਾਬੂ' ਗੰਦੀ-ਮੰਦੀ ਥਾਂ ਤੇ ਵਰ੍ਹਦਾ,
ਤੁਸੀਂ ਰੱਬ ਆਪ ਦੇ ਬਣਾ ਲਿਆ ਘਰ ਦਾ।
ਤੇਰੇ ਪਾਸ ਸਾਡੀਆਂ ਗੱਲਾਂ ਦਾ ਮੋੜ ਨਹੀਂ,
ਅਮਲਾਂ ਦੀ ਲੋੜ, ਝਗੜੇ ਦੀ ਲੋੜ ਨਹੀਂ।

॥ ਦੋਹਰਾ ॥
ਗੰਗੂ ਖ਼ਾਨ ਬਜੀਦ ਨੂੰ, ਵਧ-ਵਧ ਕਰੇ ਸਲਾਮ।
ਲਿਆ ਤੇ ਪੁੱਤ ਦਸ਼ਮੇਸ਼ ਦੇ, ਮੈਨੂੰ ਮਿਲੇ ਅਨਾਮ।

ਤਰਜ਼-17

(1)
ਪਾਵੇਂ ਟੁੱਟਗੇ ਧਰਮ ਦੇ ਚਾਰੇ, ਆ ਗਿਆ ਘੋਰ ਕਲਜੁਗ ਤਾਂ।
ਗੰਗੂ ਸਭਾ 'ਚ ਵਡਿਆਈਆਂ ਮਾਰੇ, ਕਲ੍ਹ ਮੈਂ ਚਲਾਈਆਂ ਜੁਗਤਾਂ।
ਦੁਸ਼ਮਣ ਦੋ ਪਕੜ ਕੇ ਲਿਆ ਤੇ, ਜਿਨ੍ਹਾਂ ਦੀ ਕਰੋਂ ਤਲਾਸ਼ ਨੂੰ।
ਪੁੱਤ ਗੁਰੂ ਦੇ ਹਜ਼ੂਰ ਫੜਾ ਤੇ, ਚਾਹੀਦਾ ਅਨਾਮ ਦਾਸ ਨੂੰ।

(5)
ਸੂਬਾ ਸਦ ਦੇ ਗਿਆ ਦੋਹਾਂ ਨੂੰ ਝਿੜਕਾਂ,
ਭੰਨ ਦੂੰਗਾ ਪੇਂਦੂ ਬੇਰਾਂ ਦੀਆਂ ਗਿੜਕਾਂ।
ਕੰਧਾਂ 'ਚ ਚਣਾ ਦੂੰਗਾ ਜਗ੍ਹਾ ਜ੍ਹੀ ਨਾਪੀ ਦੀ,
ਸੁਭਾ ਸਾਰ ਮਘਗੀ ਕਚਹਿਰੀ ਪਾਪੀ ਦੀ।

(6)
ਊਂ ਤਾਂ ਸਾਕਾ ਰਚਤਾ ਬਥੇਰਿਆਂ ਕਵੀਆਂ,
'ਬਾਬੂ ਜੀ' ਨੇ ਤਰਜ਼ਾਂ ਬਣਾਈਆਂ ਨਵੀਆਂ।
ਲੈਗੀ ਜਾਨ ਕੱਢ ਕੇ ਮਠਾਸ ਕਾਪੀ ਦੀ,
ਸੁਭਾ ਸਾਰ ਮਘਗੀ ਕਚਹਿਰੀ ਪਾਪੀ ਦੀ।

(7)
ਅਸਲੀ ਪ੍ਰੇਮ ਕੱਚਰ ਸਹੇਲ ਨਾ,
ਜਦੋਂ ਤੀਕ ਫਰਮਾਵੇ ਜਗਮੇਲ ਨਾ।
'ਰਜਬਲੀ ਖ਼ਾਨ' ਨਾ ਕਿਤਾਬ ਛਾਪੀ ਦੀ,
ਸੁਭਾ ਸਾਰ ਮਘਗੀ ਕਚਹਿਰੀ ਪਾਪੀ ਦੀ।

॥ ਦੋਹਰਾ ॥
ਲਗੇ ਦੀਵਾਨ ਬਜੀਦ ਦੇ, ਸਜਗੇ ਵਾਂਗ ਲੰਕੇਸ਼।
ਮੋਮਨ ਕਰਿਆ ਲੋੜਦਾ, ਕਰੇ ਲਿਜਾ ਕਰ ਪੇਸ਼।

ਮੁਕੰਦ ਛੰਦ-15

(1)
ਲਿਆ ਕੇ ਪੇਸ਼ ਕਰਤਾ ਕਚਹਿਰੀ ਉਹਨਾਂ ਨੂੰ,
ਜ਼ੋਰ ਨਾਲ ਕਲਮਾਂ ਪੜ੍ਹਾਵੇ ਦੋਨਾਂ ਨੂੰ।
ਪੱਕਾ ਦੀਨ ਕੁੱਲ ਤੋਂ ਮੁਸਲਮੀਨ ਦਾ,
ਪੜ੍ਹੋ ਕਾਕਾ ਕਲਮਾਂ ਅਲਾਹੀ ਦੀਨ ਦਾ।

(2)
ਵਜੂ ਸਾਜ ਪੜ੍ਹਨ ਨਮਾਜ ਗਿਜਦਾ,
ਪੰਜ ਵੇਲੇ ਕਰੀ ਦਾ ਖੁਦਾ ਨੂੰ ਸਿਜਦਾ।

ਸੁਣ ਲੋ ਆਵਾਜ਼ ਮਿੱਠਾ ਬਾਂਗ ਬੀਨ ਦਾ,
ਪੜ੍ਹੋ ਕਾਕਾ ਕਲਮਾਂ ਅਲਾਹੀ ਦੀਨ ਦਾ।

(3)
ਰੋਜ਼ੇ ਪੈਂਦੇ ਸਾਲ 'ਚ ਮਹੀਨਾ ਰੱਖਣੇ,
ਦਿਨੇ ਪਾਣੀ ਪੀਣਾ ਨਾ ਅਨਾਜ ਚਖਣੇ।
ਚਕ ਦਿਓ ਵਛੌਣਾ ਕੁਫ਼ਰ ਮਲੀਨ ਦਾ,
ਪੜ੍ਹੋ ਕਾਕਾ ਕਲਮਾਂ ਅਲਾਹੀ ਦੀਨ ਦਾ।

(4)
ਹੱਕ ਦੀ ਕਮਾਈ 'ਚੋਂ ਜ਼ੁਕਾਤ ਕੱਢਣੀ,
ਪੈਜੂ ਬਿਆਜ ਲੈਣ ਦੀ ਰਸਮ ਛੱਡਣੀ।
ਦੱਬਿਆ ਕਰੋ ਟੋਆ ਪਟਕੇ ਜ਼ਮੀਨ ਦਾ,
ਪੜ੍ਹੋ ਕਾਕਾ ਕਲਮਾਂ ਅਲਾਹੀ ਦੀਨ ਦਾ।

(5)
ਮਾਲਦਾਰ ਜਿਨ੍ਹਾਂ ਦੇ ਘਰਾਂ 'ਚ ਰੱਜ ਹੈ,
ਓਹਨਾਂ ਉੱਤੇ ਕਾਅਬੇ ਦਾ ਫ਼ਰਜ਼ ਹੱਜ ਹੈ।
ਮਾਲਦਾਰ ਜਾਵੇ ਕੰਮ ਕੀ ਕਮੀਣ ਦਾ,
ਪੜ੍ਹੋ ਕਾਕਾ ਕਲਮਾਂ ਅਲਾਹੀ ਦੀਨ ਦਾ।

(6)
ਕੋਈ ਊਚਨੀਚ ਤੇ ਕੋਈ ਅਛੂਤ ਨਾ,
ਦਿਲ ਵਿੱਚੋਂ ਕੱਢ ਦਿਓ ਭਰਮ ਭੂਤਨਾ।
'ਕੱਠੇ ਬਹਿ ਹਰਜ਼ ਕੀ ਐ ਖਾਣ-ਪੀਣ ਦਾ,
ਪੜ੍ਹੋ ਕਾਕਾ ਕਲਮਾਂ ਅਲਾਹੀ ਦੀਨ ਦਾ।

(7)
ਦਿਨ ਨੂੰ ਕੁਰਾਨ ਤੇ ਨਫ਼ਲ ਸ਼ਬ ਨੂੰ,
'ਰਜਬਲੀ' ਦਿਨਾਂ 'ਚ ਮਿਲਾਦੂ ਰੱਬ ਨੂੰ।
ਕਰਦੇ ਵਿਰਦ ਸੂਰਤ ਯਾਸੀਨ ਦਾ,
ਪੜ੍ਹੋ ਕਾਕਾ ਕਲਮਾਂ ਅਲਾਹੀ ਦੀਨਾ ਦਾ।

ਭੁਜੰਗ ਛੰਦ-13

(1)

ਮੁਗ਼ਲ ਪਠਾਣ ਜਮ੍ਹਾਂ ਹੋਗੀ ਤੁਰਕੀ, ਤੇ ਦਰਬਾਰ ਸੱਜਦਾ।
ਭੱਜ-ਭੱਜ ਪਵੇ ਲੈ ਬਜੀਦ ਘੁਰਕੀ, ਬੱਦਲ ਵਾਂਗ ਗੱਜਦਾ।
ਦੇਸ਼ ਵਿੱਚ ਨਵੀਆਂ ਬਣੌਂਦੇ ਲੀਹਾਂ ਨੂੰ, ਸੁਭਾ ਕੇਹੋ ਜਿਹੇ ਕੋਰਿਆਂ ਦੇ।
ਲਿਆਊਂਗਾ ਗੋਬਿੰਦ ਸਿੰਘ ਦਿਆਂ ਸ਼ੀਹਾਂ ਨੂੰ, ਬੁੱਕਣ ਵਿੱਚ ਘੋਰਿਆ ਦੇ।

(2)

ਤੀਆ ਪੰਥ ਸਾਜ ਕੇ ਗੋਬਿੰਦ ਸਿੰਘ ਨੇ, ਬਣਾ ਤੇ ਬਾਜ਼ ਘੁੱਗੀਓਂ।
ਕਰਤੀ ਤਿਆਰ ਫ਼ੌਜ 'ਕੱਲੀ ਟਿੰਗ ਨੇ, ਨਵੀਂ ਪਨੀਰੀ ਉੱਗੀਓਂ।
ਅਮਰਤ ਪਿਓਂਦੇ ਖੰਡੇ ਦਾ ਪਪੀਹਾਂ ਨੂੰ, ਬਣਾ ਪਤਾਸਿਆਂ ਖੋਰਿਆਂ ਦੇ।
ਲਿਆਊਂਗਾ ਗੋਬਿੰਦ ਸਿੰਘ ਦਿਆਂ ਸ਼ੀਹਾਂ ਨੂੰ, ਬੁੱਕਣ ਵਿੱਚ ਘੋਰਿਆਂ ਦੇ।

(3)

ਸਿੰਘ ਪੰਜਾਂ ਕੱਕਿਆਂ ਦੀ ਕਰਨ ਰਖਸ਼ਾ, ਕਰਨ ਜੁੱਧ ਉਸਤਕਾਂ।
ਗੁਰੂ ਤੋਂ ਗੁਨਾਹਾਂ ਪੈਹਲਿਆਂ ਨੂੰ ਬਖਸ਼ਾ, ਪੜ੍ਹਣ ਹੋਰ ਪੁਸਤਕਾਂ।
ਇੱਕ ਇੱਕ ਗੱਭਰੂ ਦੱਵਲੇ ਭੀਹਾਂ ਨੂੰ, ਜੋ ਨਾਲ ਤਾਂ ਡੰਗੋਰਿਆਂ ਦੇ।
ਲਿਆਊਂਗਾ ਗੋਬਿੰਦ ਸਿੰਘ ਦਿਆਂ ਸ਼ੀਹਾਂ ਨੂੰ, ਬੁੱਕਣ ਵਿੱਚ ਘੋਰਿਆਂ ਦੇ।

(4)

ਸਵਾ ਲੱਖ ਖਾਲਸਾ ਦੱਸਣ ਇੱਕ ਨੂੰ, ਅਣਖ ਐਨੀ ਭਰਤੀ।
ਤੀਰਾਂ ਨਾਲ ਛਾਣਨੀ ਬਣਾ ਦਿਓ ਹਿੱਕ ਨੂੰ, ਲੜਾਈ ਉਹਨਾਂ ਕਰਤੀ।
ਕਰੋ ਪੇਸ਼ ਗੋਲ਼ਿਆਂ ਦੇ ਵਸਾ ਕੇ ਮੀਂਹਾਂ ਨੂੰ, ਅੰਦਰ ਬੰਦ ਭੋਰਿਆਂ ਦੇ।
ਲਿਆਊਂਗਾ ਗੋਬਿੰਦ ਸਿੰਘ ਦਿਆਂ ਸ਼ੀਹਾਂ ਨੂੰ, ਬੁੱਕਣ ਵਿੱਚ ਘੋਰਿਆਂ ਦੇ।

(5)

ਹੁਣੇ ਦੁੱਧ ਛਟੀ ਦਾ ਕਰਾਦਿਆਂ ਯਾਦ ਮੈਂ, ਮੰਨਣ ਦੀਨ ਨਾ ਕਿਮੇਂ।
ਵਿੰਗਿਆਂ ਦੇ ਵਿੰਗ ਕੱਢੇ ਉਸਤਾਦ ਮੈਂ, ਬਣਾ ਦੂ ਦੋਹਾਂ ਦੇ ਸਿਮੇਂ।
ਭੰਨ-ਭੰਨ ਸੀਸ ਕਰਦੂ ਕਰੀਹਾਂ ਨੂੰ, ਖਲਾਰਾਂ ਵਿੱਚ ਓਰਿਆਂ ਦੇ।
ਲਿਆਊਂਗਾ ਗੋਬਿੰਦ ਸਿੰਘ ਦਿਆਂ ਸ਼ੀਹਾਂ ਨੂੰ, ਬੁੱਕਣ ਵਿੱਚ ਘੋਰਿਆਂ ਦੇ।

(6)

ਭਰਿਆ 'ਵਿਆ ਹੰਕਾਰ ਦਾ ਗੱਦੀ ਤੇ ਹਿਣਕੇ, ਚਿਊਂਦੀ ਨੈਣੋਂ ਰੱਤ ਜੀ।
'ਰਜਬਲੀ' ਮਾਰ ਦਿਆਂ ਕੰਧਾਂ 'ਚ ਚਿਣਕੇ, ਗੁਰੂ ਨੂੰ ਆਜੂ ਮੱਤ ਜੀ।

ਨਿਉਂਦੇ ਦੇ ਥੱਲੇ ਦੇ ਦਿਆਂਗੇ ਬਣਾ ਕੇ ਠੀਹਾਂ ਨੂੰ, ਉਤਾਰ ਸੀਸ ਸ਼ੇਰਿਆਂ ਦੇ।
ਲਿਆਊਂਗਾ ਗੋਬਿੰਦ ਸਿੰਘ ਦਿਆਂ ਸ਼ੀਹਾਂ ਨੂੰ, ਬੁੱਕਣ ਵਿੱਚ ਘੋਰਿਆਂ ਦੇ।

॥ ਦੋਹਿਰਾ ॥

ਮਘਗੇ ਜ਼ੁਲਮੀ ਰਾਜ ਦੇ, ਸੱਤ-ਅੱਠ ਵਜੇ ਦਵਾਨ।
ਆ ਟਮਟਮ ਤੋਂ ਉਤਰਿਆ, ਗੰਗਾ ਰਾਮ ਸ਼ਤਾਨ।

ਮੁਕੰਦ ਛੰਦ-14

(1)

ਪਹਿਲਾਂ ਟਮਟਮ ਤੋਂ ਬਿੱਪਰ ਉੱਤਰੇ,
ਕਹਿ ਕੇ ਤੇ ਦੁਲਾਰਿਆਂ ਦੇ ਬਨੌਣੇ ਕੁਤਰੇ।
ਆਗੀ ਬੱਘੀ ਗੰਗਾ ਰਾਮ ਦੇ ਮਲਾਪੀ ਦੀ,
ਸੁਬ੍ਹਾ ਸਾਰ ਮਘਗੀ ਕਚਹਿਰੀ ਪਾਪੀ ਦੀ।

(2)

ਆ ਵੜੇ ਸਰਹੰਦ ਬਾਮ੍ਹਣਾਂ ਦੇ ਗੈਹਰੇ ਜੀ,
ਉੱਤੇ ਪਹਿਰੇ ਲਾ ਤੇ ਤਾੜਕੇ ਦੁਪਹਿਰੇ ਜੀ।
ਲਾਤੀ ਜਿਵੇਂ ਬੋਹਲ ਨੂੰ ਨਸ਼ਾਨੀ ਠਾਪੀ ਦੀ,
ਸੁਭਾ ਸਾਰ ਮਘਗੀ ਕਚਹਿਰੀ ਪਾਪੀ ਦੀ।

(3)

ਅਹਿਲਕਾਰ ਥਰਨ-ਥਰਨ ਕੰਬਦੇ,
ਉੱਚੀ ਹਾਕ ਮਾਰ ਚਪੜਾਸੀ ਰੰਭ ਦੇ।
ਓਹੋ ਕੱਲ੍ਹ ਵਾਲੀ ਰਾਗਣੀ ਅਲਾਪੀ ਦੀ,
ਸੁਭਾ ਸਾਰ ਮਘਗੀ ਕਚਹਿਰੀ ਪਾਪੀ ਦੀ।

(4)

ਕੁਰਸੀ ਤੇ ਬੈਠਕੇ ਵਜਾਤੀ ਵਿਸਲ ਖ਼ਾਂ,
ਬਾਗੀਆਂ ਦਾ ਕੇਸ ਲਿਆ ਫੜਾਓ ਮਿਸਲ ਖ਼ਾਂ।
ਮੌਤ ਆ ਕੇ ਦੋਹਾਂ ਦੇ ਕੰਡਾਂ ਤੇ ਥਾਪੀ ਦੀ,
ਸੁਭਾ ਸਾਰ ਮਘਗੀ ਕਚਹਿਰੀ ਪਾਪੀ ਦੀ।

ਰੱਤੀ ਘਟਦੀ ਅਤੇ ਤਿਲ ਵਧਦੀ ਨਾ।
ਲਾਟ ਨਿਕਲੇ ਲਗੀ ਅੱਗ ਝਲ ਨੂੰ, ਖ਼ਾਨ ਪੁਜਿਆ ਵਖਾਵੇ ਬਲ ਨੂੰ,
ਲਹੂ ਡੋਲ ਧਰਮ ਦੀ ਵਲ ਨੂੰ, ਤੇਗਾਂ ਚਿਲਕਣ ਸੂਬੇ ਔਤ ਦੀਆਂ,
ਆਈਆਂ ਚਿੱਠੀਆਂ ਬਹਾਦਰੋ ਮੌਤ ਦੀਆਂ।

(5)

ਜਾ ਗੁਡੀਆਂ ਉਡਾ ਦਿਓ ਧਰਕੇ, ਪੁੱਤ ਅੱਖ ਨਾ ਝਮਕਣੀ ਡਰਕੇ,
ਦੋਵੇਂ ਉਠ ਪੋ ਹੌਂਸਲਾ ਕਰਕੇ, ਜਾ ਭੇਟ ਚੜ੍ਹਾ ਦਿਓ ਸੀਸਾਂ ਨੂੰ,
ਕਰੋ ਪਿਤਾ ਦੇ ਪਿਤਾ ਦੀਆਂ ਰੀਸਾਂ ਨੂੰ।
ਦੇਹੀ ਸਮਝ ਚਰ੍ਹੀ ਦੀ ਪੂਲੀ, ਥਾਪੀ ਮਾਰ ਕੇ ਚੜ੍ਹ ਜਿਓ ਸੂਲੀ।
ਸੂਬਾ ਕਿਹੜੇ ਬਾਗ਼ ਦੀ ਮੂਲੀ, ਗਲਾਂ ਕਰਦਾ ਫਿਰੇ ਅਦੌਤ ਦੀਆਂ।
ਆਈਆਂ ਚਿੱਠੀਆਂ ਬਹਾਦਰੋ ਮੌਤ ਦੀਆਂ।

(6)

'ਬਾਬੂ' ਵਜੇ ਨਾ ਨਿਕਲਣੇ ਕਰਚੇ, ਹਰ ਘਰ 'ਚ ਤੁਸਾਂ ਦੇ ਚਰਚੇ,
ਚੰਗੇ ਲਿਖਣੇ ਅਖੀਰੀ ਪਰਚੇ, ਅਜ ਸਖ਼ਤ ਐਗਜ਼ਾਮੀਨੇਸ਼ਣ ਐ,
ਵੜੋ ਜਿੰਦ ਦੇ ਸੁਰਗ ਸਟੇਸ਼ਣ ਐ।
ਦੇਵੇ ਚੰਗੀਆਂ ਨਹੈਤ ਸਲਾਹਾਂ, ਪੁਤ ਅਹੇ ਜੀ ਦਲੇਰੀ ਚਾਹਾਂ,
ਜਾਵੇ ਕਰੀ ਨਾ ਕਿਸੇ ਤੋਂ ਗਾਹਾਂ, ਗਲਾਂ ਜੁੜ ਜੁੜਨ ਮਸ਼ਹੂਰ ਕਹੌਤ ਦੀਆਂ,
ਆਈਆਂ ਚਿੱਠੀਆਂ ਬਹਾਦਰੋ ਮੌਤ ਦੀਆਂ।

॥ ਦੋਹਿਰਾ ॥
ਦੇਣ ਸੁਨੇਹੇ ਪੋਤਰੇ, ਸੁਣੀ ਬਾਤ ਕਰ ਗ਼ੌਰ।
ਕਹੀਂ ਪਿਤਾ ਦਸਮੇਸ਼ ਨੂੰ, ਧਰਮ ਬਚਾਗੇ ਕੌਰ।

ਛੁਡਾ ਛੰਦ-12

(1)

ਨਰਮ ਦੁਲਾਰੇ ਪਿਤਾ ਦਸ਼ਮੇਸ਼ ਨੂੰ, ਖੜ੍ਹੇ ਸੁਨੇਹੇ ਦੇ ਰਹੇ।
ਜਿੰਦ ਦੇਣੀ ਮੁਗ਼ਲ ਹੰਕਾਰੇ ਏਸ ਨੂੰ, ਤੁਮ੍ਹਾਰੀ ਲਾਜ ਜੇ ਰਹੇ।
ਪੱਟਿਆ ਵੇਲ ਪਾਲਦਾ ਸਿੱਖੀ ਦੀ ਜੇਹੜੀ ਨੂੰ, ਚੁਗੱਤਿਆਂ ਦੇ ਢੱਚਿਆਂ ਨੇ।
ਕਹੀਂ ਮਾਤਾ ਡੁਬਦੀ ਸਿੱਖੀ ਦੀ ਬੇੜੀ ਨੂੰ, ਬਚਾ ਲਿਆ ਤੇਰਿਆਂ ਬੱਚਿਆਂ ਨੇ।

(2)

ਤੁਸੀਂ ਸਣ੍ਹੇ ਫ਼ੌਜ ਦੇ ਨਦੀ 'ਚ ਠਿੱਲ੍ਹਗੇ, ਕਿਨਾਰੇ ਲੱਗੇ ਪਾਰ ਦੇ।
ਦੋ ਮਾਸੂਮ ਮਾਤਾ ਗੰਗੂ ਨਾਲ ਮਿਲਗੇ, ਬਣਾਂ 'ਚ ਝੱਖ ਮਾਰਦੇ।
ਲੈ ਗਿਆ ਪੋਚੇ ਮਾਰ ਕੇ ਨਗਰ ਖੇੜੀ ਨੂੰ, ਦਗ਼ਾ ਕਮਾਇਆ ਹੱਚਿਆ ਨੇ।
ਕਹੀਂ ਮਾਤਾ ਡੁਬਦੀ ਸਿੱਖੀ ਦੀ ਬੇੜੀ ਨੂੰ, ਬਚਾ ਲਿਆ ਤੇਰਿਆਂ ਬੱਚਿਆਂ ਨੇ।

(3)

ਕਰਤੀ ਸ਼ਕੈਤ ਜਾ ਮੁਰੰਡੇ ਠੱਗ ਨੇ, ਧਨ ਤੁਮਾਰਾ ਸਾਂਭੂ ਜੀ।
ਘੇਰ ਲੇ ਚੁਫੇਰਿਉਂ ਜ਼ੁਲਮਾਂ ਦੀ ਅੱਗ ਨੇ, ਪਿਤਾ ਜੀ ਲਾਤੇ ਲਾਂਬੂ ਜੀ।
ਝੱਲ ਲੇ ਗੰਡਾਸੇ ਦੱਸਾਂ ਬਾਤ ਕਿਹੜੀ ਨੂੰ, ਨਰਮ ਗੌਭਿਆਂ ਕੱਚਿਆਂ ਨੇ।
ਕਹੀਂ ਮਾਤਾ ਡੁਬਦੀ ਸਿੱਖੀ ਦੀ ਬੇੜੀ ਨੂੰ, ਬਚਾ ਲਿਆ ਤੇਰਿਆਂ ਬੱਚਿਆਂ ਨੇ।

(4)

ਸਾਡੀ ਇਕ ਦਿਨ ਦੀ ਪਰੌਣੀ ਜਾਨ ਜੀ, ਕੀ ਕਿਸੇ ਨੂੰ ਦੋਸ਼ ਦੇ।
ਸੂਬਾ ਜੋ ਸਰਹਿੰਦ ਦਾ ਬਜੀਦ ਖ਼ਾਨ ਜੀ, ਕਰਾਤੇ ਪੇਸ਼ ਓਸ ਦੇ।
ਪਲ ਵਿੱਚ ਕਰਨਾ ਭਸਮ ਜੇਡੀ ਨੂੰ, ਬੜੇ ਅੰਗਾਰਿਆਂ ਮੱਚਿਆਂ ਨੇ।
ਕਹੀਂ ਮਾਤਾ ਡੁੱਬਦੀ ਸਿੱਖੀ ਦੀ ਬੇੜੀ ਨੂੰ, ਬਚਾ ਲਿਆ ਤੇਰਿਆਂ ਬੱਚਿਆਂ ਨੇ।

(5)

ਕੰਧਾਂ 'ਚ ਚਿਣਨ ਦੀ ਦਲੀਲ ਕਰਦੇ, ਚੜ੍ਹੇ ਹੰਕਾਰ ਘੋੜੇ ਤੇ।
ਛੁੱਟਣ ਕਮਾਣੋਂ ਤੀਰ ਜ਼ੋਰਾਵਰ ਦੇ, ਦੋ ਹਨਸਾਂ ਦੇ ਜੋੜੇ ਤੇ।
ਘੜੀ 'ਚ ਰਜਾ ਦੇਣਾ ਪਠਾਣਾਂ ਹੇੜੀ ਨੂੰ, ਜੀ ਰੱਤ ਦਿਆਂ ਚਵੱਚਿਆਂ ਨੇ।
ਕਹੀਂ ਮਾਤਾ ਡੁੱਬਦੀ ਸਿੱਖੀ ਦੀ ਬੇੜੀ ਨੂੰ, ਬਚਾ ਲਿਆ ਤੇਰਿਆਂ ਬੱਚਿਆਂ ਨੇ।

(6)

ਤੇਰੀ ਜੋੜੀ ਲਾਲਾਂ ਦੀ ਸੰਭਾਲੀ ਚਿਰਦੀ, ਕਰਨ ਸਿੰਘ ਰਾਖੀਆਂ।
ਪੰਜਾਂ ਚਾਰਾਂ ਦਿਨਾਂ ਦੀ ਮਸੌਸੀ ਫਿਰਦੀ, ਸੁਣਾਂਦੀ ਕੁਲ ਸਾਖੀਆਂ।
'ਰਜਬਲੀ' ਤੇਰੀ ਚਾਦਰ ਅਲੇੜੀ ਨੂੰ, ਬਖਾ ਕਰੌਣਾ ਸੱਚਿਆਂ ਨੇ।
ਕਹੀਂ ਮਾਤਾ ਡੁੱਬਦੀ ਸਿਖੀ ਦੀ ਬੇੜੀ ਨੂੰ, ਬਚਾ ਲਿਆ ਤੇਰਿਆਂ ਬੱਚਿਆਂ ਨੇ।

॥ ਦੋਹਿਰਾ ॥
ਹੋ ਗਿਆ ਸੂਬਾ ਕਹਿਰਵਾਂ, ਵਾਂਗ ਕਸਾਈਆਂ ਤੌਰ।
ਮਾਰੇ ਮੁੱਕੀਆਂ ਮੇਜ ਤੇ, ਜਲਦ ਲਿਊਣੇ ਕੌਰ।

(2)
ਆਫ਼ਰੀਨ ਦੁੱਧ ਦੀ ਲਿਆਂਦੀ ਗੜਵੀ,
ਤੇਰੀ ਮੋਤੀ ਲੱਗ ਜੇ ਪਤਾਲ ਜੜ ਵੀ।
ਹੋਂਗੇ ਅੱਜ ਰਾਤ ਨੂੰ ਪਰੌਹਣੇ ਤੇਰੇ ਵੇ,
ਤੇਰੇ ਮੋਤੀ ਮਹਿਰਿਆ ਸੁਰਗਾਂ 'ਚ ਡੇਰੇ ਵੇ।

(3)
ਬਿਪਤਾ 'ਚ ਗੁਰੂ ਦੇ ਬੱਚਿਆਂ ਨੂੰ ਦੁੱਧ ਪਿਆ,
ਵਹਿ ਗੀਆਂ ਜ਼ਬਾਨੋਂ ਭਿਸਤਾਂ 'ਚ ਕੁੱਦ ਪਿਆ।
ਦੁਨੀਆਂ 'ਚ ਜਸ ਖਿੰਡ ਜੂ ਚੁਫੇਰੇ ਵੇ,
ਤੇਰੇ ਮੋਤੀ ਮਹਿਰਿਆ ਸੁਰਗਾਂ 'ਚ ਡੇਰੇ ਵੇ।

(4)
ਹੁਣ ਗੰਗੂ ਚੰਦਰਿਆ ਜੇਹਿਆ ਦੇ ਪਹਿਰੇ ਐ,
ਅੱਧਾ ਦੇਸ਼ ਪਾਈ ਫਿਰਦਾ ਕਛਿਹਰੇ ਐ।
ਕਾਲੇ ਸਾਫੇ ਬੰਨ੍ਹੀ ਫਿਰਦੇ ਬਥੇਰੇ ਵੇ,
ਤੇਰੇ ਮੋਤੀ ਮਹਿਰਿਆ ਸੁਰਗਾਂ 'ਚ ਡੇਰੇ ਵੇ।

(5)
ਤੂ ਵੀ ਸਿੰਘ ਗੁਰੂ ਦਾ ਗੰਗੂ ਵੀ ਸਿੰਘ ਸੀ,
ਬੀਸ ਸਾਲ ਘਰੇ ਰੱਖਿਆ ਕੀ ਵਿੰਗ ਸੀ।
ਵੈਰੀਆਂ ਨੂੰ ਪੋਤਰੇ ਫੜਾ ਤੇ ਮੇਰੇ ਵੇ,
ਤੇਰੇ ਮੋਤੀ ਮਹਿਰਿਆ ਸੁਰਗਾਂ 'ਚ ਡੇਰੇ ਵੇ।

(6)
ਦੇ ਤੀ ਪਾਪੀ ਸੂਬੇ ਨੇ ਤਰੀਕ ਕੱਲ ਦੀ,
ਸੁੱਚਾ ਗੰਗੂ ਬਾਹਮਣ ਮਰਾ ਦੂ ਜਲਦੀ।
ਕੰਧਾਂ ਵਿੱਚ ਚਿਣੇ ਜਾਣਗੇ ਸਵੇਰੇ ਵੇ,
ਤੇਰੇ ਮੋਤੀ ਮਹਿਰਿਆ ਸੁਰਗਾਂ 'ਚ ਡੇਰੇ ਵੇ।

(7)
'ਰਜਬਲੀ' ਮੋਤੀ ਮਰੇ ਸਾਡੀ ਮਰਨੀ,
ਸੇਵਾ ਰੱਬ ਸੱਚਿਆਂ ਕਬੂਲ ਕਰਨੀ।

ਏਸ ਨੇ ਕਟਾ ਤੇ ਵਖਤ ਉਖੇਰੇ ਵੇ,
ਤੇਰੇ ਮੋਤੀ ਮਹਿਰਿਆ ਸੁਰਗਾਂ 'ਚ ਡੇਰੇ ਵੇ।

॥ ਦੋਹਿਰਾ ॥
ਔਣ ਸਿਪਾਹੀ ਦੂਸਰੇ, ਰੋਜ਼ ਜੇਲ੍ਹ ਦੇ ਬੀਚ।
ਮਾਤਾ ਕਹੇ ਜ਼ਬਾਨ ਤੋਂ, ਜੋ ਕੁਝ ਆਵੇ ਜੀਅ 'ਚ।

ਤਰਜ਼–11

(1)
ਮਾਤਾ ਬਿਰਧ ਨਰਮ ਦੋ ਲੜਕੇ, ਹੋਂਗੇ ਮਘਨ ਸ਼ਬਦ ਜਾਂ ਪੜ੍ਹਕੇ।
ਸੁਣੇ ਖੜ੍ਹਕੇ ਬਾਰ ਵਿੱਚ ਖੜਕੇ, ਖ਼ਾਨ ਔਣ ਮਚੋਂਦੇ ਰੌਲ਼ੇ ਜੇ। ਪੈਣ ਤਲਵਾਰਾਂ ਦੇ ਝੌਲੇ ਜੇ।
ਦਿੱਤੇ ਬਹੁਤ ਵਰਾਗ ਉਛਾਲੇ, ਫੜ ਢਾਲ ਸਬਰ ਦੀ ਟਾਲੇ,
ਚੁੰਮ ਸੀਸ ਪਲੋਸ ਬਹਾਲੇ, ਗੱਲਾਂ ਦਸਦੀ ਸੀ ਸਮਝੌਂਤ ਦੀਆਂ।
ਆਈਆਂ ਚਿੱਠੀਆਂ ਬਹਾਦਰੋਂ ਮੌਤ ਦੀਆਂ।

(2)
ਔਣ ਗਜਦੇ ਬੁਰਿਆਰ ਸਿਪਾਹੀ, ਨਾ ਕਿਸਮਤ ਦੇਵੇ ਡਾਹੀ।
ਨਾ ਮੁੜਦਾ ਹੁਕਮ ਅਲਾਹੀ, ਕਦੇ ਭਾਣਾ ਸਿਰ ਤੋਂ ਟਲਣਾ ਨਾ।
ਜਿਊਂਦੇ ਨਾਲ ਪਿਤਾ ਦੇ ਰਲਣਾ ਨਾ।
ਦੂਰੋਂ ਭਾਂਬੜ ਔਂਦੇ ਮਚਦੇ, ਮੈਨੂੰ ਲਾਲ ਕਦੇ ਨਾ ਪਚਦੇ।
ਜਮ ਔਂਦੇ ਸੜਕ ਵਿੱਚ ਨਚਦੇ, ਤਲਵਾਰਾਂ ਚਮਕਣ ਬਹੌਂਤ ਦੀਆਂ।
ਆਈਆਂ ਚਿੱਠੀਆਂ ਬਹਾਦਰੋਂ ਮੌਤ ਦੀਆਂ।

(3)
ਦਿਲ ਕਰੋ ਬਹਾਦਰੋਂ ਤਕੜੇ, ਔਂਦੇ ਦਿਸਦੇ ਕਾਲ ਦੇ ਛਕੜੇ।
ਥੋਨੂੰ ਪੁਲਸ ਖ਼ਾਨ ਦੀ ਪਕੜੇ, ਵਿੱਚ ਫੜ ਲੈਜਾਣ ਕਚਹਿਰੀ ਦੇ।
ਸਿੱਧੇ ਹਿੱਕ ਵਿੱਚ ਵੱਜਣਾ ਵੈਰੀ ਦੇ।
ਹੋ ਕੇ ਗੁਰੂ ਕੀ ਫੌਜ ਵਿੱਚ ਭਰਤੀ, ਗੱਜ-ਗੱਜ ਕੇ ਹਲਾ ਦਿਓ ਧਰਤੀ।
ਡਰੇ ਮਸਤ ਫੀਲ ਨਾ ਛਰਤੀ, ਸਿਰ ਆਂਕਸਾਂ ਵਜਣ ਮਹੌਂਤ ਦੀਆਂ।
ਆਈਆਂ ਚਿੱਠੀਆਂ ਬਹਾਦਰੋਂ ਮੌਤ ਦੀਆਂ।

(4)
ਕੀ ਮਾਣ ਬਗਾਨੀ ਥੱਲ ਦਾ, ਬਿਨ ਹੁਕਮੋਂ ਪਤਾ ਨਾ ਹੱਲਦਾ,
ਰੈਣ ਕੱਟ ਕੇ ਮੁਸਾਫ਼ਰ ਚਲਦਾ, ਮੌਤ ਘਟੀ ਤੋਂ ਬਗੈਰਾਂ ਸਦਦੀ ਨਾ,

ਮੱਥਾ ਫਾਲੇ ਵਾਂਗੂੰ ਦਗਦਾ ਹੈ।
ਪਏ ਝੜਨ ਚੰਗਿਆੜੇ ਅੱਖੀਆਂ 'ਚੋਂ,

(1)
ਸੂਬਾ ਹੱਬ-ਹੱਬ ਕਰਦਾ ਸੱਦ ਕੇ ਬੀਚ ਕਹਿਚਰੀ ਦੇ,
ਗ਼ਦਰ ਮਚਾਤਾ ਸਾਰੇ ਕੀ ਗੁਰ ਜੀ ਤੋਂ ਸਰਿਆ।

(2)
ਨਰਮ ਦੁਲਾਰੇ ਫੜ ਕੇ ਸਿਟ੍ਹਤੇ ਹੈ ਵਿੱਚ ਜੇਲ੍ਹ ਦੇ,
ਦੁੱਖ ਨਾ ਜਾਂਦਾ ਮਾਤਾ ਤੋਂ ਬੱਚਿਆਂ ਦਾ ਜਰਿਆ।

(3)
ਬਾਹਰ ਪਹਿਰੇ ਲਾ ਤੇ ਜੀ ਨੰਗੀਆਂ ਤਲਵਾਰਾਂ ਦੇ,
ਕਹਿਰ ਅਲਾਹੀ ਕੋਲੋਂ ਉਹ ਭੋਰਾ ਨਾ ਡਰਿਆ।

(4)
ਲਾਟਾ ਨਿਕਲਣ ਹੇਠੋਂ ਧਰਤੀ ਬਲ-ਬਲ ਉਠਦੀ ਹੈ,
ਠਾਠਾਂ ਮਾਰੇ ਚੜ੍ਹਿਆ ਸੀ ਜ਼ੁਲਮ ਦਾ ਦਰਿਆ।

(5)
ਮੋਤੀ ਮਹਿਰਾ ਓਥੇ ਸੀ ਸੇਵਕ ਦਸ਼ਮੇਸ਼ ਦਾ,
ਰੋਂਦਾ ਅੱਧਾ ਹੋ ਗਿਆ ਸੀ ਫ਼ਿਕਰਾਂ ਦਾ ਚਰਿਆ।

(6)
ਸੇਵਾ ਕਰਨੀ ਚਾਹੀਏ ਜੀ ਤਰਲੇ ਪਿਆ ਕਰਦਾ ਹੈ,
ਆਦਰ ਕਰਦੂ ਜਿਤਨਾ ਕੁ ਮੈਹਰੇ ਤੋਂ ਸਰਿਆ।

(7)
ਅੱਧੀ ਰਾਤ ਜਦੋਂ ਤੇ ਖਲਕਤ ਸੌਂ ਗੀ ਸ਼ਹਿਰ ਦੀ,
ਹੱਥ ਤੇ ਗੜਵਾ ਧਰ ਲਿਆ ਕੱਚੇ ਦੁੱਧ ਦਾ ਭਰਿਆ।

(8)
ਜੇਲ੍ਹ ਪਿੱਛੇ ਬੋਹੜ ਖੈਂਹਦਾ ਨਾਲ ਦੀਵਾਰ ਦੇ,
ਚੜ੍ਹਕੇ ਉੱਤਰ ਜਾਂਦਾ ਸੀ ਕੌਲ਼ਾ ਇਕ ਖਰਿਆ।

(9)
ਹੱਥ ਤਾਂ ਬੰਨ੍ਹ ਕੇ ਮੋਤੀ ਹਾਜ਼ਰ ਹੋ ਗਿਆ ਖਿਦਮਤ ਮੇਂ,
ਸੀਸ ਨੀਵਾਂ ਹੋ ਕੇ ਸੀ ਚਰਨਾਂ ਵਿੱਚ ਧਰਿਆ।

(10)
ਪਾਣੀ ਮਿਲ ਗਿਆ ਜਾਣੀ ਦੀ ਪੁਸ਼ਮਾਂ ਕੁਮਲਾਇਆਂ ਨੂੰ,
ਬੱਦਲ ਰਹਿਮਤ ਵਾਲਾ ਜਾ ਔੜਾਂ ਵਿੱਚ ਵਰ੍ਹਿਆ।

(11)
ਗਟ-ਗਟ ਕਰਕੇ ਲਗਗੇ ਪੀਣ ਸ਼ਹਿਜ਼ਾਦੇ ਅਮਰਤ ਨੂੰ।
ਜੋੜਾ ਹੰਨਸਾ ਦਾ ਸੀ ਪਿਆ ਧਿਆਇਆ ਮਰਿਆ।

(12)
ਕੰਡ ਤੇ ਮਾਤਾ ਗੁਜਰੀ ਥਾਪੀ ਦੇਣ ਲਗਗੀ ਹੈ,
ਦੋਂਹਦਾ ਮਚਦਾ ਕਾਲਜਾ ਸੀਗਾ ਜਾਂਦਾ ਠਰਿਆ।

(13)
ਮਹਿਰਾ ਸੇਵਕ ਗੁਰ ਦਾ ਤੇ ਪੰਡਤ ਵੀ ਸੇਵਕ ਸੀ,
ਗੰਗੂ ਡੁੱਬ ਗਿਆ ਬੇੜਾ ਜੀ ਮੋਤੀ ਦਾ ਤਰਿਆ।

(14)
ਸਤਿਆ ਰੱਖ ਤਾਰ ਜੂ,
ਮੇਰੀ ਹੂ ਕਚਹਿਰੀਏ ਵਸਦੀ ਰਹਿ ਤੂੰ।

॥ ਦੋਹਿਰਾ ॥
ਮੋਤੀ ਨੇ ਦੁੱਧ ਲਿਆਣ ਕੇ, ਦੀਆ ਕਾਲਜਾ ਠਾਰ।
ਅਸੀਸਾਂ ਦੇ ਕੇ ਮਾਤ ਜੀ, ਕਰਤਾ ਬੇੜਾ ਪਾਰ।

ਮੁਕੰਦ ਛੰਦ-10

(1)
ਮੋਤੀ ਮਹਿਰਾ ਡਿੱਗ ਕਦਮਾਂ ਤੇ ਰੋ ਪਿਆ,
ਮਾਤਾ ਦੇ ਵੀ ਨੈਣੋਂ ਨੀਰ ਜਾਰੀ ਹੋ ਪਿਆ।
ਮਹਿਲੀਂ ਰਹਿਣ ਵਾਲੇ ਰੁਲਣ ਅੰਧੇਰੇ ਵੇ,
ਤੇਰੇ ਮੋਤੀ ਮਹਿਰਿਆ ਸੁਰਗਾਂ 'ਚ ਡੇਰੇ ਵੇ।

ਮਾਈਆਂ ਸੀਸਾਂ ਦੇਣ, ਹਮੇਸ਼ਾ ਜਿਊਣ ਜੋੜੀਆਂ।
ਭੀੜਾਂ ਹੋਈਆਂ ਸ਼ਹਿਰ ਵਿਚਾਲੇ, ਘੂਰਾਂ ਦੇਣ ਪਠਾਣ ਮੁਕਾਲੇ,
ਖੜ੍ਹਕੇ ਰੋਣ ਦੁਕਾਨਾਂ ਵਾਲੇ, ਜੀ ਬਜ਼ਾਰ ਕੋਲ਼ ਦੇ।
ਜਾਣ ਦਲੌਰ ਦੁਲਾਰੇ ਦੌ, ਜੈਕਾਰੇ ਬੋਲਦੇ।

(3)

ਤਿੱਖੀਆਂ ਤੇਗ਼ਾਂ ਤੁਰਕੀ ਵਰਦੀ, ਦੁਨੀਆਂ ਥਰ-ਥਰ ਕੰਬਦੀ ਡਰਦੀ।
ਦੌਲਤ ਲੁੱਟ ਕੇ ਗੁਰ ਦੇ ਘਰਦੀ, ਪੱਟਣ ਬੁਨਿਆਦਾਂ ਨੀਂਦੀਆਂ।
ਅਜੇ ਵੀ ਉਮੀਦਾਂ ਜ਼ਾਲਮ, ਰੱਖਦੇ ਮੀਂਹ ਦੀਆਂ।
ਚੜ੍ਹਿਆ ਚੰਦਰਾ ਜਿਹਾ ਦਿਨ ਅੱਜ ਦਾ, ਉੱਚੀ ਜ਼ੋਰਾਵਰ ਸਿੰਘ ਗਜਦਾ,
ਮਿੱਠੀ ਹੇਕ ਫਤਿਹ ਸਿਉਂ ਸਜਦਾ, ਮੂੰਹ ਪਿਆਰੇ ਸੋਹਲ ਦੇ।
ਜਾਣ ਦਲੌਰ ਦੁਲਾਰੇ ਦੌ, ਜੈਕਾਰੇ ਬੋਲ ਦੇ।

(4)

ਪਿਆਦੇ ਨਫ਼ਰ ਫਿਰਨ ਕੁਲ ਦੌੜੇ, ਤੁਰਦੇ ਮੜਕਾਂ ਨਾਲ ਭਗੌੜੇ,
ਨੇਤਰ ਲਗੜਾਂ ਵਾਂਗੂ ਕੌੜੇ, ਤੇ ਦੰਦ ਜਾਂਦੇ ਪੀਸਦੇ।
ਪੈਰ-ਪੈਰ ਤੇ ਪਹਿਰੇ ਲਗੇ ਵੇ, ਪੁਲੀਸ ਦੇ,
ਮੂੰਹ ਤੇ ਕਹਿੰਦੇ ਜਾਂਦੇ ਖਰੀਆਂ, ਤੈਥੋਂ ਦੱਸ ਕੀ ਪੰਡਤਾਂ ਸਰੀਆਂ,
ਕੱਢ ਕੇ ਹੱਥ ਤੇ ਜਾਨਾ ਧਰੀਆਂ, ਨਾ ਸ਼ਹਿਜ਼ਾਦੇ ਡੋਲਦੇ।
ਜਾਣ ਦਲੌਰ ਦੁਲਾਰੇ, ਦੌ ਜੈਕਾਰੇ ਬੋਲਦੇ।

(5)

ਦੌਵੇਂ ਵੀਰਨ ਸੂਰੇ ਸ਼ਰਤੀ, ਜਿਨ੍ਹਾਂ ਸਿੱਖੀ ਉੱਘੀ ਕਰਤੀ,
ਗੁਰ ਨੇ ਅਣਖ ਸ਼ਰਮ ਵਿੱਚ ਭਰਤੀ, ਬਹੁਤ ਕੁਟ ਕੁਟ ਕੇ।
ਚੂਰ ਘੜੀ ਵਿੱਚ ਹੋਣੇ, ਦੌ ਬਲੌਰ ਫੁੱਟ ਕੇ।
ਪੈਣੀ ਮੁਗ਼ਲਾਂ ਦੀ ਨਾ ਪੂਰੀ, ਪਾੜਣ ਦੌ ਤਸਵੀਰਾਂ ਨੂਰੀ,
ਪੱਟਣ ਗੁਰ ਦੀ ਸਬਜ਼ ਅੰਗੂਰੀ, ਜੜ੍ਹਾਂ ਨੂੰ ਫਰੋਲਦੇ।
ਜਾਣ ਦਲੌਰ ਦੁਲਾਰੇ, ਦੌ ਜੈਕਾਰੇ ਬੋਲਦੇ।

(6)

ਐਨੇ ਆਗੀ ਲਾਗ ਕਚਹਿਰੀ, ਜੈਸੇ ਵਿਹੁ ਘੋਲੇ ਸੱਪ ਜ਼ਹਿਰੀ,
ਬੈਠਾ ਖਾਨ ਬਜੀਦਾ ਵੈਰੀ, ਮੁਕੀ ਮਾਰੇ ਮੇਜ ਤੇ।
ਬਾਗੀ ਕਤਲ ਕਰਾ ਕੇ, ਵਾਹਣ ਕਰ ਰੇਜ ਤੇ।

‘ਬਾਬੂ’ ਮੋਮਨ ਬਣੋ ਨਦਾਨੋਂ, ਨਹੀਂ ਤਾਂ ਮਾਰ ਮੁਕਾ ਦੂੰ ਜਾਨੋਂ,
ਲੱਖ-ਲੱਖ ਸੂਬਾ ਕਹੇ ਜ਼ਬਾਨੋਂ, ਬਚਨ ਕਲੋਲ ਦੇ।
ਜਾਣ ਦਲੌਰ ਦੁਲਾਰੇ, ਦੌ ਜੈਕਾਰੇ ਬੋਲਦੇ।

॥ ਦੋਹਿਰਾ ॥

ਭਜ-ਭਜ ਪਵੇ ਬਜ਼ੀਦ ਖ਼ਾਂ, ਕਰਦਾ ਬਹੁਤ ਤਰਾਟ।
ਕਲਮਾਂ ਪੜਨ ਨਦਾਨ ਨਾ, ਰਿਹਾ ਬਥੇਰਾ ਡਾਟ।

ਤਰਜ਼ ਗੱਡੀ-8

ਸੂਬਾ ਜ਼ੋਰ ਸੇ ਪੜ੍ਹਾਵੇ ਕਲਮੇ, ਅੰਦਰ ਕਚਿਹਰੀ ਦੇ।
ਕਹਿੰਦੇ ਪੰਥ ਪਿਆਰਾ ਤੀਜਾ, ਦੀਨ ਮਨਜ਼ੂਰ ਨਹੀਂ।
ਰਾਖੀ ਕਰਨ ਧਰਮ ਦੀ ਜਰਮੇ, ਸੂਰਮੇ ਗੋਬਿੰਦ ਸਿੰਘ ਦੇ।
ਕੁੱਟ-ਕੁੱਟ ਕੇ ਅਣਖ ਵਿੱਚ ਭਰਤੀ, ਗੁਰੂ ਜੀ ਦੇ ਅੰਮ੍ਰਿਤ ਨੇ।
ਦੇ ਕੇ ਝਿੜਕਾਂ ਜੇਲ੍ਹ ਨੂੰ ਤੋਰੇ, ਲਾਡਲੇ ਦੁਲਾਰੇ ਗੁਰ ਦੇ।
ਵਿੱਚ ਲਾਲ ਦੌ ਗੁਰੂ ਦੇ ਤਾੜੇ, ਖੋਲ੍ਹ ਕੇ ਅੰਧੇਰੀ ਕੋਠੜੀ।
ਪਾਪੀ ਫੜ੍ਹ ਕੇ ਕਟਾਰਾਂ ਨੰਗੀਆਂ, ਖੜੇ ਦਰਵਾਜ਼ੇ ਤੇ।
ਅੱਜ ਹਿੱਲਗੇ ਅਰਸ਼ ਦੇ ਕਿੰਗਰੇ, ਜ਼ੁਲਮ ਅੰਧੇਰੀ ਵਗ ਪੀ।
ਡਿੱਗੇ ਦਿਲ ਨੂੰ ਬਨ੍ਹੌਂਦੇ ਧੀਰਾਂ, ਮਾਲਾ ਜਪ ਪ੍ਰਭੂ ਦੀ।
ਰੰਗ ਚੜ੍ਹਜੂ ਅਲਾਹੀ ਗੂੜ੍ਹਾ, ਪੜ੍ਹ ਕੇ ਤੇ ਸ਼ਬਦਾਂ ਨੂੰ।
ਸੁਖ ਦੁਖ ਦੌ ਜਿਸਮ ਦੇ ਕੱਪੜੇ, ਕੁੱਲ ਨੂੰ ਹੰਢੌਣੇ ਪੈਣਗੇ।
ਭੇਜੇ ਮੌਤ ਨਮਾਣੀ ਚਿੱਠੀਆਂ, ਇਕ ਦਿਨ ਮਿਲਣਗੀਆਂ।
ਬੈਠੇ ਵੇਖ ਲੈ ਘੜੀ ਦੌ ਘੜੀਆਂ, ਫਿਲਮ ਤਮਾਸ਼ੇ ਦੀ।
ਕੂਚ ਕਰਗੇ ਮੁਸਾਫ਼ਰ ਡੇਰੇ, ਛੱਡ ਕੇ ਸਰਾਵਾਂ ਨੂੰ।
ਮੇਵੇ ਟੁੱਕ ਲੈ ਬਥੇਰੇ ਤੋਤਿਆਂ, ਸੁੰਦਰ ਬਗੀਚੇ ’ਚੋਂ।
ਫੁੱਲ ਖਿੜਗੇ ਸਲਾਨੀ ਭੌਰਾ, ਕੌਈ ਦਿਨ ਲੈ ਲੈ ਵਾਸ਼ਨਾ।
ਬੰਦਿਆਂ ਕਮਲਿਆ ਮਿੱਟੀ ਤੇ ਸੌਣਾ, ਪੱਕੀਆਂ ਬਣਾਵੇਂ ਬੈਠਕਾਂ।
ਮੋਤੀ ਸਰਾਂ ਦੇ ਚੁਗਣਿਆਂ ਹੰਸਾਂ, ਜੱਗ ’ਚੋਂ ਉਡਾਰੀ ਮਾਰ ਜਾ।
ਬਾਬੂ ਫਿਰ ਲੈ ਬੱਘੀ ਤੇ ਚੜ੍ਹ ਕੇ, ਠੰਡੀਆਂ ਸੜਕਾਂ ਤੇ।
ਹੱਸ ਕੇ-ਹੱਸ ਕੇ, ਦਰਦ ਕਹਾਣੀ ਨੂੰ, ਹਟੂ ਦਸ ਕੇ।

ਕਲੀ ਤਰਜ-9

ਸੂਬਾ ਹੱਬ-ਦੱਬ ਕਰਦਾ ਸੱਦ ਕੇ ਬੀਚ ਕਚਿਹਰੀ ਦੇ।
ਪਿਆ ਭਰਿਆ ਹਰਖ ਗੁਮਾਨ ਦਾ।

ਲੂਣ ਖਾ ਕੇ ਗੱਡਣ ਦਗ਼ੇ ਦੇ ਝੰਡੇ ਗਿਆ, ਜੀ ਪਾ ਦਿਓ ਨਸ਼ਾਨੀ ਨੂੰ।
ਨਿਮਕ-ਹਰਾਮ ਬਿੱਪਰ ਮੁਰਿੰਡੇ ਗਿਆ, ਝੜਾ ਲਿਆ ਜਾਨੀ-ਮਾਨੀ ਨੂੰ।

(5)

ਗੰਗਾ ਰਾਮ ਨਾਮ ਤੇ ਬਿੱਪਰ ਜਾਤ ਜੀ, ਜਰਮ ਖੇੜੀ ਵਾਸ ਦਾ।
ਚਾਲ ਨਾਲ ਘੇਰ ਕੇ ਲਿਆਂਤੇ ਰਾਤ ਜੀ, ਮੰਨੋ ਯਕੀਨ ਦਾਸ ਦਾ।
ਲੈ ਜੂਗਾ ਚੰਡਾਲ ਨਾਲ ਗਾਲ ਗੰਢ ਗਿਆ, ਨਾ ਮਾਨਣ ਜਵਾਨੀ ਨੂੰ।
ਨਿਮਕ-ਹਰਾਮ ਬਿੱਪਰ ਮੁਰਿੰਡੇ ਗਿਆ, ਝੜਾ ਲਿਆ ਜਾਨੀ-ਮਾਨੀ ਨੂੰ।

(6)

ਚੜ੍ਹ ਜਾਂਦੇ ਪਾ ਕੇ ਘੋੜਿਆਂ ਤੇ ਕਾਠੀਆਂ, ਜਾ ਮਕਾਨ ਘੇਰਦੇ।
ਤੁਰੇ ਜਾਂਦੇ ਹੱਥਾਂ 'ਚ ਬੰਦੂਕਾਂ ਲਾਠੀਆਂ, ਅੰਦਰ ਬੱਚੇ ਸ਼ੇਰ ਦੇ।
'ਬਾਬੂ ਜੀ' ਪਹੁੰਚ ਥਾਣਾ ਠੰਡੇ ਠੰਡੇ ਗਿਆ, ਲੈ ਪੰਡਿਤ ਤੂਫ਼ਾਨੀ ਨੂੰ।
ਨਿਮਕ-ਹਰਾਮ ਬਿੱਪਰ ਮੁਰਿਡ ਗਿਆ, ਝੜਾ ਲਿਆ ਜਾਨੀ-ਮਾਨੀ ਨੂੰ।

॥ ਦੋਹਿਰਾ ॥

ਜਾਣ ਬਜ਼ਾਰ ਵਿਚਾਲ਼ ਦੀ, ਪੁਛਦੇ ਸੇਠ ਵਜ਼ੀਰ।
ਏਕ ਸਿਆਣਾ ਆਦਮੀ, ਦੇਵੇ ਖੜ੍ਹਾ ਨਜ਼ੀਰ।

ਸ਼ਬਦ ਤਰਜ਼-6

(1)

ਦੋਵੇਂ ਸਰਸਾ ਨਦੀ ਤੋਂ ਨਿੱਖੜੇ, ਛੋਟੇ ਪੁੱਤ ਦਸਮੇਸ਼ ਦੇ।
ਆਗੇ ਲੱਗ ਕੇ ਰਾਸਤੇ ਬਿੱਖੜੇ, ਬਾਮ੍ਹਣ ਪਖੰਡੀ ਏਸ ਦੇ।
ਕਿਲਾ ਵੇਖਿਆ ਵੈਰੀਆਂ ਖ਼ਾਲੀ, ਪਿੱਛੇ ਲੱਗੇ ਫ਼ੌਜ ਨੱਸੀ ਦੇ।
ਗੁਰੂ ਦਸਮੇਂ ਪੰਥ ਦੇ ਵਾਲੀ, ਓਸ ਦੇ ਦੁਲਾਰੇ ਦੱਸੀ ਦੇ।

(2)

ਅੱਠਾਂ ਦਸਾਂ ਕੁ ਵਰ੍ਹਿਆਂ ਦੇ ਹੋਣੇ, ਦੋਵੇਂ ਤਸਵੀਰਾਂ ਸੋਹਣੀਆਂ।
ਚੰਗੂ ਖਿੜ੍ਹੇ ਨਾ ਅਜੇ ਫੁੱਟ ਸੋਹਣੇ, ਅੱਗੇ ਚੁਣ ਲੈਦ ਚੋਣੀਆਂ।
ਅੱਖ ਭਰੀ 'ਵੀ ਸ਼ਹਿਦ ਦੀ ਪਿਆਲੀ, ਰੰਗ ਜਾਣੀਂ ਕੱਚੀ ਲੱਸੀ ਦੇ।
ਗੁਰੂ ਦਸਮੇਂ ਪੰਥ ਦੇ ਵਾਲੀ,ਓਸ ਦੇ ਦੁਲਾਰੇ ਦੱਸੀ ਦੇ।

(3)

ਚਿੱਟੇ ਦੰਦ 'ਜ੍ਹੇ ਸੁਰਖ਼ ਹਨ ਬੁੱਲ੍ਹ ਜ੍ਹੇ, ਲਾਡਲੇ ਗੋਬਿੰਦ ਸਿੰਘ ਦੇ।
ਜਦੋਂ ਹੱਸਦੇ ਕਿਰਨ ਮੂੰਹੋਂ ਫੁੱਲ੍ਹ ਜੇ, ਪੇਸ਼ ਕਰ ਦੇਣੇ ਕਿੰਗ ਦੇ।
ਲਾਲ ਵਾਂਗੂੰ ਮੱਥਿਆਂ ਤੇ ਲਾਲੀ, ਰਾਹਾਂ ਵਿੱਚ ਜਾਣ ਧੱਸੀ ਦੇ।
ਗੁਰੂ ਦਸਮੇਂ ਪੰਥ ਦੇ ਵਾਲੀ, ਉਸ ਦੇ ਦੁਲਾਰੇ ਦੱਸੀ ਦੇ

(4)

ਕੂਲ਼ੇ ਚਰਨ ਲਹੂ ਸਿਮ ਜਾਵੇ, ਚੜ੍ਹਨ ਵਾਲ਼ੇ ਬੱਘੀਆਂ ਤੇ।
ਆਹਾ ਚੰਦਰੀ ਧੂੜ ਜੰਮ ਜਾਵੇ, ਰੇਸ਼ਮਾਂ ਦੀ ਝੱਗੀਆਂ ਤੇ।
ਅੱਜ ਹੋਗੀ ਹੈ ਮੁਰੰਡਿਓਂ ਚਾਲੀ, ਸਿਰਾਂ 'ਚ ਮੱਖਣ ਝੱਸੀ ਦੇ।
ਗੁਰੂ ਦਸਮੇਂ ਪੰਥ ਦੇ ਵਾਲੀ, ਓਸ ਦੇ ਦੁਲਾਰੇ ਦੱਸੀ ਦੇ।

(5)

ਡੰਗ ਮਾਰ ਜੂ, ਹਰਖਿਆ ਨੂੰਹਾਂ, ਉਤੇ ਲਿਟੀ ਜਾਵੇ ਅੱਗ ਤੇ।
'ਰਜਬਲੀ ਖ਼ਾਂ' ਛਿਪਣੀਆਂ ਰੂਹਾਂ, ਔਣੀਆਂ ਨਾ ਫੇਰ ਜਗ ਤੇ।
ਦੇਹੀ ਜਾਊਗੀ ਮੱਖਣ ਜੇਹੀ ਗਾਲ਼ੀ, ਅੰਦਰ ਸਰ੍ਹੰਦ ਬੱਸੀ ਦੇ।
ਗੁਰੂ ਦਸਮੇਂ ਪੰਥ ਦੇ ਵਾਲ਼ੀ, ਓਸ ਦੇ ਦੁਲਾਰੇ ਦੱਸੀ ਦੇ।

॥ ਦੋਹਿਰਾ ॥

ਪਕੜੇ ਪੁਲਸ ਝੜਾਏ ਕੇ, ਸੀ ਜ਼ਾਮਲ ਸਰਕਾਰ।
ਔਣ ਕਚਹਿਰੀ ਤਰਫ਼ ਨੂੰ, ਵੇਖਣ ਗਿਆ ਬਾਜ਼ਾਰ।

ਤਰਜ਼-7

(1)

ਪਕੜੇ ਪੁਲਸ ਝੜਾ ਕੇ ਸਾਰੀ, ਮਗਰੇ ਫ਼ੌਜ ਰਸਾਲਾ ਭਾਰੀ।
ਲੱਗ ਗੇ ਸ਼ੇਰਾਂ ਮਗਰ ਸ਼ਿਕਾਰੀ ਹੱਥ 'ਚ ਕਟਾਰਾਂ ਤਿੱਖੀਆਂ।
ਸਿਰ ਦੀ ਭੇਟ ਸ਼ਹਿਜ਼ਾਦੇ ਦੇ, ਰੱਖਣ ਸਿੱਖੀਆਂ।
ਖਰ੍ਹਵੇ ਮੁਗ਼ਲ ਪਠਾਣ ਅਰਾਨੀ, ਸਿੱਖੀ ਘਰ ਦੇ ਦੁਸ਼ਮਨ ਜਾਨੀ।
ਲੜਕੇ ਪੜਦੇ ਸ਼ਬਦ ਜਬਾਨੀ, ਜੀ ਜ਼ੁਬਾਨ ਖੋਲਦੇ।
ਜਾਣ ਦਲੌਰ ਦੁਲਾਰੇ ਦੋ, ਜੈਕਾਰੇ ਬੋਲਦੇ।

(2)

ਲੱਗੀਆਂ ਖ਼ਬਰਾਂ ਇਸ ਰਾਹ ਔਣੇ, ਲੋਕੀ ਹੋਗੀ ਭੱਜ-ਭੱਜ ਲੌਣੇ,
ਛੇਤੀ ਸੱਦ ਲੇ ਮੌਤ ਪਰੌਹਣੇ, ਉਮਰਾਂ ਲਿਖੀਆਂ ਥੋੜ੍ਹੀਆਂ।

ਬੋਹੁੜੀ ਘਰ ਲਿਆ ਕੇ ਲੁੱਟ ਲੇ, ਲਾ ਕੇ ਤੈਂ ਘਾਤਾਂ ਵੇ।
ਰਾਹ ਦੇ ਵਿੱਚ ਮਾਰਦਾ ਸੈਂ ਚੌਪੜੀਆਂ ਬਾਤਾਂ ਵੇ।
ਸੂੜ੍ਹੇ ਦੀਆਂ ਮੰਨੀਆਂ ਦਿੱਤੀਆਂ, ਦੱਸਦਾ ਸੈਂ ਜ਼ਰਦਾ ਵੇ।
ਤੇਰ੍ਹਵੀਂ ਤੇਰੇ ਵਰਗੀ, ਕੋਈ ਨਾ ਕਰਦਾ ਵੇ।

(3)

ਬੇੜੀ ਵਿੱਚ ਵੱਟੇ ਪਾ ਦਿਓਂ, ਜੀਦ੍ਹੇ ਤੇ ਰੀਝੇਂ ਵੇ।
ਉਹਨੂੰ ਨਾ ਡੰਗਣੋਂ ਸੰਗਦੇ, ਚੁਲ੍ਹੀਏਂ ਦੁੱਧ ਪੀਜੇਂ ਵੇ।
ਥੋਥੇਂ ਗੱਲ ਮਾੜੀ ਸਰਦੀ, ਭਲੀਆਂ ਨਾ ਬੀਜੇਂ ਵੇ।
ਗੁਰਾਂ ਦੀ ਘਰ ਵਿੱਚ ਲਿਆ ਕੇ, ਦਬਲੀ ਅਮਾਨਤ ਵੇ।
ਕਿਆਮਤ ਤੱਕ ਮਿਲਣੀ ਤੈਨੂੰ, ਗੰਗੂਆ ਫਿੱਟਲਾਣਤ ਵੇ।
0 ਭਿਰਗੂ ਲਤ ਮਾਰੀ ਖਿੱਚਕੇ, ਬਿਸ਼ਨੂੰ ਨੂੰ ਤੰਗੀਆਂ ਦੇ।
ਹਰੀ ਚੰਦ ਮਾਰਿਆ ਥੋਡਾ, ਵਿਕ ਗਿਆ ਘਰ ਭੰਗੀਆਂ ਦੇ।
ਰਾਵਣ ਨੇ ਸੀਤਾ ਚੱਕ ਲੀ, ਹੱਥ ਦੇ ਵਿੱਚ ਸੰਘੀਆਂ ਦੇ।
ਰਿਸ਼ੀਆਂ ਦੀ ਬਨਸੇ ਥੋਥੇਂ, ਮਾੜਾ ਕੰਮ ਸਰਦਾ ਵੇ।
ਤੇਰ੍ਹਵੀਂ ਤੇਰੇ ਵਰਗੀ, ਕੋਈ ਨਾ ਕਰਦਾ ਵੇ।

(4)

ਪਾ ਦੇ ਰਾਹ ਨੇਹਰੇ-ਨੇਹਰੇ ਸਾਨੂੰ ਚਮਕੌਰ ਦੇ,
ਸਾਨੂੰ ਕੋਈ ਜਾਣਦੇ ਨਾ, ਮੁਗ਼ਲ ਲਾਹੌਰ ਦੇ।
ਧੋਖੇ ਕਰ ਧੋਖੇਬਾਜ਼ਾ, ਐਨਾ ਕੰਮ ਸੌਰ ਦੇ।
ਮੋੜ ਧਨ ਅੰਦਰ ਠਰਜੇ, ਹਿੱਕ ਜੀ ਨਾ ਮੱਚਣ ਦੇ।
ਤੇਰੀ ਛਾਂ ਛੱਡੀ ਸਾਨੂੰ, ਕੁੱਤਿਆਂ ਤੋਂ ਬੱਚਣ ਦੇ।
0 ਵਿਛੜੀਆਂ ਲੈਕ ਨੌਹਾਂ, ਲੈ ਕੇ ਦਿਨ ਮੌਜ ਦੇ।
ਮੈਂ ਤੇ ਦੋ ਨਰਮ ਪੋਤਰੇ, ਫਿਰਦੇ ਹਾਂ ਖੌਹਜ ਦੇ।
ਬਾਕੀ ਦੇ ਜੀਤ ਜੁਝਾਰਾ, ਰਲ਼ ਗੇ ਨਾਲ ਫ਼ੌਜ ਦੇ।
ਗੁਰ ਜੀ ਹਿੰਦਵੈਣ ਪਿੱਛੇ, ਫਿਰਦਾ ਦੁਖ ਭਰਦਾ ਵੇ।
ਤੇਰ੍ਹਵੀਂ ਤੇਰੇ ਵਰਗੀ ਕੋਈ ਨਾ ਕਰਦਾ ਵੇ।

(5)

ਬਹਿ ਕੇ ਵਿੱਚ ਵੀਰ ਮਨਾਈਏ, ਬੇੜੀ ਦੀਆਂ ਖ਼ੈਰਾਂ ਨੂੰ।
ਵੱਢੀਏ ਨਾ ਬਿਰਛ ਛਾਵੇਂ, ਲੈ ਕੇ ਤੇ ਲਹਿਰਾਂ ਨੂੰ,
ਜੀਹਦਾ ਪੁੱਤ ਲੂਣ ਖਾਈਏ, ਵਾਹੀਏ ਨਾ ਪੈਰਾਂ ਨੂੰ।

ਪੀਜੀਏ ਸ਼ਰਬਤ ਵਾਂਗੂ, ਝਿੜਕੇ ਉਸਤਾਦ ਜੇ।
ਔਂਦੀ ਕੰਮ ਉਮਰ ਸਾਰੀ, ਰੱਖੀਏ ਗੱਲ ਯਾਦ ਜੇ।
0 ਸਾਡੇ ਘਰ ਮੌਜ ਲੈ ਕੇ, ਪੰਦਰਾਂ ਵੀਹ ਸਾਲ ਵੇ।
ਸਿਰੋਂ ਨਾ ਲਹਿਣ ਕਲੰਕਾਂ, ਨਿਕਲ ਜੂ ਕਾਲ ਵੇ।
ਕੱਢ ਜਾ ਲਕੀਰਾਂ ਅਗੋਂ ਨੱਕ ਦੇ ਤਾਂ ਨਾਲ ਵੇ।
'ਬਾਬੂ ਜੀ' ਥੋੜ੍ਹਾ ਬਹੁਤਾ, ਰੱਬ ਤੋਂ ਕੁਲ ਡਰਦਾ ਵੇ।
ਤੇਰ੍ਹਵੀਂ ਤੇਰੇ ਵਰਗੀ, ਕੋਈ ਨਾ ਕਰਦਾ ਵੇ।

॥ ਦੋਹਿਰਾ ॥

ਮਾਤਾ ਗੁਜਰੀ ਵਰਜਦੀ, ਸਮਝਿਆ ਨਹੀਂ ਪਲੀਤ।
ਠਾਣੇ ਦੇ ਵਿੱਚ ਜਾਣਦੀ, ਕਰੀ ਰਸੋਈਏ ਨੀਤ।

ਡੂਢਾ ਛੰਦ-5

(1)

ਗੰਗਾ ਰਾਮ ਜਾਗ ਦੋ ਘੜੀ ਦੇ ਤੜਕੇ, ਘਰੋਂ ਨਿਕਲ ਬਾਹਰ ਗਿਆ।
ਕਿਹੜਾ ਵੇਖੇ ਮਾਤਾ ਦੇ ਅੰਦਰ ਵੜ ਕੇ, ਬੜਾ ਕੁਫ਼ਲ ਮਾਰ ਗਿਆ।
ਗੁਰੂ ਕਿਆਂ ਦੀ ਬੀਜਣ ਡੰਡੀ ਮੋਂ ਕੰਡੇ ਗਿਆ, ਤੇ ਜਾ ਕੇ ਮਾਰੇ ਭਾਨੀ ਨੂੰ।
ਨਿਮਕ-ਹਰਾਮ ਬਿੱਪਰ ਮੁਰਿੰਡੇ ਗਿਆ, ਝੜਾ ਲਿਆ ਜਾਨੀ-ਮਾਨੀ ਨੂੰ।

(2)

ਧਨ ਪਿੱਛੇ ਨੀਤ ਫਿੱਟਗੀ ਪਲੀਤ ਦੀ, ਕਿਤੇ ਨਾ ਪੈਰ ਲੱਗੇ ਗਿਆ।
ਬਾਂਗ ਮਿਲੀ ਨਾ ਮੁਰਿੰਡੇ ਦੀ ਮਸੀਤ ਦੀ, ਮੁਰਿੰਡੇ ਪਹੁੰਚ ਅੱਗੇ ਗਿਆ।
ਭੁੱਖੇ ਖ਼ਰ ਵਾਂਗੂੰ ਮਾਰਦਾ ਪਛੰਡੇ ਗਿਆ, ਤੇ ਕਰਦਾ ਸ਼ਤਾਨੀ ਨੂੰ।
ਨਿਮਕ-ਹਰਾਮ ਬਿੱਪਰ ਮੁਰਿੰਡੇ ਗਿਆ, ਝੜਾ ਲਿਆ ਜਾਨੀ-ਮਾਨੀ ਨੂੰ।

(3)

ਜਾਨੀ ਮਾਨੀ ਖ਼ਾਨ ਦੇ ਖੜ੍ਹੋਤਾ ਕੋਲ਼ੇ ਜੀ, ਕਰੇ ਸਲਾਮਾਂ ਦੂਹਰੀਆਂ।
ਦੋਵੇਂ ਠਾਣੇਦਾਰ ਅੱਗ ਦੇ ਬਰੋਲੇ ਜੀ, ਤੇ ਬੈਠੇ ਲੈਂਣੇ ਲੂਰ੍ਹੀਆਂ,
ਰਲ ਕੇ ਪੁਲਸ ਨਾਲ ਪੌਣ ਵੰਡੇ ਗਿਆ, ਮਾਇਆ ਦੱਬੇ ਬਗਾਨੀ ਨੂੰ।
ਨਿਮਕ-ਹਰਾਮ ਬਿੱਪਰ ਮੁਰਿੰਡੇ ਗਿਆ, ਝੜਾ ਲਿਆ ਜਾਨੀ-ਮਾਨੀ ਨੂੰ।

(4)

ਜਿਸਨੇ ਮਚਾਇਆ ਦੇਸ਼ ਤੇ ਗ਼ਦਰ ਜੀ, ਦੋ ਦੁਲਾਰੇ ਗੁਰ ਦੇ।
ਸਾਨੂੰ ਮੁਗ਼ਲਾਂ ਦੇ ਰਾਜ ਦੀ ਕਰਦ ਜੀ, ਹੈਂ ਬਥੇਰੇ ਝੁਰ ਦੇ।

॥ ਦੋਹਿਰਾ ॥
ਗੰਗੂ ਮੋਹਰਾਂ ਚੱਕ ਲੀਆਂ, ਭਾਂ-ਭਾਂ ਕਰੇ ਸਬਾਤ।
ਸੋਭੀ ਮਾਤਾ ਵਰਜਦੀ, ਨਾ ਕਰ ਵਧਵੀਂ ਬਾਤ।

ਮੁਕੰਦ ਛੰਦ-3

(1)

ਰਾਤੀਂ ਮਾਲ ਗੁਰਾਂ ਦਾ ਗੰਗੂ ਠੱਗ ਗਿਆ।
ਸੋਭੀ ਮਾਂ ਦਾ ਕਾਲਜਾ ਮੱਚਣ ਲੱਗ ਗਿਆ।
ਹੈ ਵੇ ਤੇਰੇ ਪੈਣ ਅੰਗਿਆਰੇ ਮੁੱਖ 'ਚੈ।
ਮੈਂ ਕਿਉਂ ਸੱਪ ਰੱਖਿਆ ਨੌਂ ਮਹੀਨੇ ਕੁੱਖ 'ਚੈ।

(2)

ਬੁੱਢਾ ਹੋ ਗਿਆ ਨਿਮਕ ਗੁਰਾਂ ਦਾ ਖਾਂਦਾ ਤੂੰ।
ਐਦੂ ਚੰਗਾ ਜ਼ਿਮੀਂ 'ਚ ਨਿੱਘਰ ਜਾਂਦਾ ਤੂੰ।
ਤੈਨੂੰ ਦੁੱਧ ਚੁਲ੍ਹੀਏਂ ਛਕਾਇਆ ਭੁੱਖ 'ਚੈ।
ਮੈਂ ਕਿਉਂ ਸੱਪ ਰੱਖਿਆ ਨੌਂ ਮਹੀਨੇ ਕੁੱਖ 'ਚੈ?

(3)

ਲੈ ਕੇ ਅੱਧਾ ਤੋਲ਼ਾ ਸੰਖੀਆ ਦੁਕਾਨ ਤੋਂ।
ਤੈਨੂੰ ਟੁੱਟ-ਪੈਣਿਆਂ ਮਕੌਂਦੀ ਜਾਨ ਤੋਂ।
ਮੌਜ ਮਾਣੀ ਉਮਰ ਗੁਜ਼ਾਰੀ ਸੁੱਖ 'ਚੈ। ਮੈਂ ਕਿਉਂ
ਸੱਪ ਰੱਖਿਆ ਨੌਂ ਮਹੀਨੇ ਕੁੱਖ 'ਚੈ।

(4)

ਕਰਤੂਤ ਆਪਣੀ ਵਖਾਤੀ ਸੱਪਾ ਤੂ।
ਪਾੜ ਮੇਰਾ ਕਾਲਜਾ ਬਣਾਤਾ ਖੱਪਾ ਤੂੰ।
ਛਾਵੇਂ ਬਹਿ ਕੇ ਅਗਨੀ ਲਗਾਤੀ ਰੁੱਖ 'ਚੈ।
ਮੈਂ ਕਿਉਂ ਸੱਪ ਰੱਖਿਆ ਨੌਂ ਮਹੀਨੇ ਕੁੱਖ 'ਚੈ?

(5)

ਚੜ੍ਹਿਆ ਜਿਹੜੀ ਬੇੜੀ 'ਚ ਡਬੋਂਦਾ ਓਸੇ ਨੂੰ।
ਵੱਟ ਗੋਲਾ ਫ਼ੀਮ ਦਾ ਛਕੋਂਦੀ ਦੋਸ਼ੇ ਨੂੰ।

ਪਾਪੀਆਂ ਪਰਾਨ ਦੇ ਦੂ ਏਸੇ ਦੁੱਖ 'ਚੈ।
ਮੈਂ ਕਿਉਂ ਸੱਪ ਰੱਖਿਆ ਨੌਂ ਮਹੀਨੇ ਕੁੱਖ 'ਚੈ।

(6)

'ਬਾਬੂ ਜੀ' ਜਾਂ ਵੇਖੀਆਂ ਭਰਿਡ-ਰੰਗੀਆਂ। ਆਹ ਨਾ
ਗੱਲਾਂ ਗੰਗੂ ਨੂੰ ਲੱਗਣ ਚੰਗੀਆਂ।
ਜ਼ਹਿਰ ਭਰਿਆ ਪਿਆ ਜ਼ਾਲਮ ਮਨੁੱਖ 'ਚੈ। ਮੈਂ ਕਿਉਂ
ਸੱਪ ਰੱਖਿਆ ਨੌਂ ਮਹੀਨੇ ਕੁੱਖ 'ਚੈ।

॥ ਦੋਹਿਰਾ ॥
ਗੰਗੂ ਚੱਕੀਆਂ ਬੋਰੀਆਂ, ਲਾ ਲਿਆ ਕੁੱਲ ਨੂੰ ਦਾਗ।
ਬੋਲੇ ਮੂੰਹੋਂ ਮਾਤ ਜੀ, ਆਗੀ ਸੀ ਫਿਰ ਜਾਗ।

ਝੋਕ-4

(1)

ਚਿੰਤਾ ਵਿੱਚ ਅੱਖ ਨਾ ਲਗਦੀ, ਬਿਬਤਾ ਪਈ ਭਾਰੀ ਐ।
ਵੇਖੇ ਜਬ ਥੈਲੇ ਖ਼ਾਲੀ, ਉੱਚੀ ਭੁੱਬ ਮਾਰੀ ਐ।
ਮਾਤਾ ਦੇ ਨੈਣੋਂ ਜਲ ਦੀ, ਹੋਗੀ ਨੈਂ, ਜਾਰੀ ਐ।
ਮੋਹਰਾਂ ਦੇ ਊਗੀ ਵਾਂਗੂੰ, ਘੁਕਦਾ ਸੈਂ ਲਾਹਮੀ ਵੇ।
ਦੁਨੀਆਂ ਵਿੱਚ ਉੱਤਮ ਕੁਲ ਦੀ, ਹੋਜੂ ਬਦਨਾਮੀ ਵੇ।
0 ਦੇ ਦੇ ਜੇ ਚੱਕ ਕੇ ਲੈ ਗਿਆ, ਬੋਰੇ ਜੇ ਮੋਹਰਾਂ ਦੇ,
ਅਜੇ ਤੱਕ ਨਜ਼ਰ ਚੜ੍ਹੇ ਨਾ, ਬਾਹਰਲਿਆਂ ਚੋਰਾਂ ਦੇ।
ਤੇਰੇ ਦਿਲ ਬੇਈਮਾਨੀ, ਲੋਂਦਾ ਸਿਰ ਹੋਰਾਂ ਦੇ,
ਓਪਰਿਆਂ ਵਾਂਗੂੰ ਕਰਦਾ, ਬਹੁਤਿਆ ਹਮਦਰਦਾ ਵੇ।
ਤੇਰ੍ਹਵੀਂ ਤੇਰੇ ਵਰਗੀ, ਕੋਈ ਨਾ ਕਰਦਾ ਵੇ।

(2)

ਵਖਤਾਂ ਦੀ ਰੈਣ ਕੱਟਣ ਨੂੰ, ਆਗੇ ਘਰ ਤੇਰੇ ਵੇ।
ਫੁੱਲ 'ਜ੍ਹੇ ਕੁਮਲਾਗੇ ਦੋਵੇਂ, ਤਾੜਤੇ ਨੇਹਰੇ ਵੇ।
ਮੇਰੇ ਹਰਨੌਟੇ ਹੇੜੀਆ, ਟਾਲ਼ਾ ਲਾ ਘੇਰੇ ਵੇ।
ਤੇਰੀਆਂ ਬੇਈਮਾਨਾਂ, ਸਾਰੀਆਂ ਇੱਲਤਾਂ ਵੇ।
ਐਰਾ ਨਾ ਹੇਠ ਵਛਾਇਆ, ਵਜਦੀਆਂ ਸ਼ਿਲਤਾਂ ਵੇ।
0 ਮੁੱਕਣ ਵਿੱਚ ਔਂਦੀਆਂ ਨਾ, ਕਹਿਰ ਦੀਆਂ ਰਾਤਾਂ ਵੇ।

(15)

ਗੰਗੂ ਕਹਿੰਦਾ ਮਾਤਾ ਤਕਲੀਫ਼ ਪਲ ਦੀ।
ਲਾਦੂ ਸੱਚਾ ਵਾਹਗੁਰੂ ਟਕਾਣੇ ਜਲਦੀ।

(16)

ਲਾਰੇ ਲਾ ਕੇ ਲੈ ਗਿਆ ਬਰੋਲਾ ਪਾਪ ਦਾ।
ਹਰ ਜਗ੍ਹਾ ਮਾਤਾ ਪਰਤਾਪ ਆਪ ਦਾ।

(17)

ਸੇਵਾ ਕਰੂ ਰਖੂੰ ਜ਼ਰਾ ਨਾ ਫ਼ਰਕ ਤਾਂ।
ਮੇਹਰਬਾਨੋਂ ਥੋਡੀਆਂ ਤਮਾਮ ਬਰਕਤਾਂ।

(18)

ਜ਼ਰਦੇ ਛਕਾਦੂੰ ਮਕਰ ਖਲਾਰੀ ਗਿਆ।
ਮਿੱਠੇ ਪੋਚੇ 'ਬਾਬੂ ਜੀ' ਬਿੱਪਰ ਮਾਰੀ ਗਿਆ।

॥ ਦੋਹਿਰਾ ॥

ਗੰਗੂ ਕਰਦਾ ਖੇਖਨੇ, ਰੋ-ਰੋ ਕਹੇ ਪੁਕਾਰ।
ਚੱਲੋ ਖੇੜੀ ਗਾਮ ਮੇਂ, ਜੇ ਦਿਨ ਕਟਣੇ ਚਾਰ।

ਤਰਜ਼-2

(1)

ਦਰਿਆ ਚੜ੍ਹੇ ਸਗਾਹੀਂ ਵਗਦੇ, ਬੂੰਬੇ ਉਠਦੇ ਔਂਦੇ ਝੱਗ ਦੇ।
ਦੂਰੋਂ ਵੇਖੇ ਤੌਂ ਡਰ ਲਗਦੇ, ਸਰਸਾ ਠਾਠਾਂ ਮਾਰਦੀ।
ਹੌਸ਼ ਨਾ ਸੰਭਲਣ ਦੇਵੇ ਘੋੜੇ ਤੇ ਅਸਵਾਰ ਦੀ।
ਮਾਤਾ ਬਾਲਕ ਗੰਗੂ ਕਿਰਗੇ, ਠਿੰਬਰ ਖੜ੍ਹੇ ਇਰਾਦੇ ਫਿਰਗੇ।
ਜੋ ਸਿੰਘ ਵੜੇ ਵਿਚਾਲੇ ਘਿਰਗੇ। ਪਾਣੀ ਲੈ ਗਿਆ ਤਾਰਕੇ।
ਦਿਲ ਦਾ ਖੋਟਾ ਬਾਹਮਣ, ਲੈ ਗਿਆ ਮਿੱਠੀਆਂ ਮਾਰਕੇ।

(2)

ਵਾਗਾਂ ਮੋੜ ਕਹਾਣੀ ਛੇੜੀ, ਮੇਰੀ ਅਸਲੀ ਨਗਰੀ ਜੇਹੜੀ।
ਐਥੋਂ ਪੰਜ ਛੀ ਕੋਹ ਤੇ ਖੇੜੀ, ਝੱਲ ਟੱਪ ਦਿਸਦੀ ਨੇੜੇ ਐ।
ਮਾਤਾ ਕਦ-ਕਦ ਔਣਾ ਵਜੇ ਸਬੱਬੀਂ ਗੇੜੇ ਐ।
ਖੇੜੀ ਚੱਲ ਕੇ ਲਾਲੋ ਡੇਰੇ, ਪਾਵੋ ਚਰਨ ਪਵਿੱਤਰ ਮੇਰੇ।

ਮੈਂ 'ਮਾਂ ਸੋਭੀ' ਨੌਕਰ ਤੇਰੇ, ਰਾਜ਼ੀ ਜਾਨਾਂ ਵਾਰਕੇ।
ਦਿਲ ਦਾ ਖੋਟਾ ਬਾਹਮਣ, ਲੈ ਗਿਆ ਮਿੱਠੀਆਂ ਮਾਰਕੇ।

(3)

ਮੇਰੀ ਰਾਮ ਪੁਜਾਤੀ ਆਸਾ, ਮਾਤਾ ਫ਼ਿਕਰ ਕਰੋ ਨਾ ਮਾਸਾ,
ਆਹਾ ਨਿੱਬੜ ਗਿਆ ਜਦ ਰਾਸਾ, ਤੁਰਕੇ ਪਹੁੰਚਿਓ ਪਟਣੇ ਜੀ।
ਪਾਂਡਮ ਵਾਂਗੂ ਲੁਕ ਕੇ ਤੇ ਦਿਨ ਪੈਗੇ ਕੱਟਣੇ ਜੀ
ਥੋਨੂੰ ਰਖੂੰ ਘਰੇ ਲਕੋਈ, ਭੁੰਨ ਕੇ ਸਬਜ਼ੀ ਪੂਰੀ ਪੋਈ।
ਜੀਮ੍ਹੀਓ ਅੰਦਰ ਬੈਠ ਰਸੋਈ, ਚੰਗੂ ਠਾਰ-ਠਾਰ ਕੇ।
ਦਿਲ ਦਾ ਖੋਟਾ ਬਾਹਮਣ, ਲੈ ਗਿਆ ਮਿੱਠੀਆਂ ਮਾਰਕੇ।

(4)

ਜੋ ਕੁਛ ਮੂੰਹੋਂ ਕਹਿਣ ਦੁਲਾਰੇ, ਮਿਸਰੀ ਦਾਖ ਬਦਾਮ ਛੁਹਾਰੇ,
ਹਲਵੇ ਜ਼ਰਦੇ ਫਿਰਨੀ ਸਾਰੇ, ਜੀ ਘਰ ਮਿਲਦੀ ਢਾਂਡੀ ਐ।
ਮੁਸਲਮਾਨ ਨਾ ਨੇੜੇ ਪੰਡਤ ਵਸਦੇ ਗੁਆਂਢੀ ਐ।
ਗੱਚਕਕੰਦ, ਜਲੇਬੀ ਜਿਹੜੇ, ਬਾਲੂ-ਸ਼ਾਹੀ, ਜਾਮਣ, ਪੇੜੇ,
ਬਰਫ਼ੀ ਲਿਅਦੂੰ ਜਾ ਹਰ ਗੇੜੇ, ਵਿਕਦੀ ਬੀਚ ਬਜ਼ਾਰ ਕੇ।
ਦਿਲ ਦਾ ਖੋਟਾ ਬਾਹਮਣ, ਲੈ ਗਿਆ ਮਿੱਠੀਆਂ ਮਾਰਕੇ।

(5)

ਬਾਗਾਂ ਵਾਲੇ ਮੇਵੇ ਤਾਜ਼ੇ, ਏਥੋਂ ਖਾਣ ਮੰਗਾ ਕੇ ਰਾਜੇ,
ਲੈਣ ਖ਼ਰੀਦ ਸੁਦਾਗਰ ਬਾਜ਼ੇ, ਏਥੋਂ ਹਰ ਸ਼ੈ ਥਿਉਂਦੀ ਐ।
ਸੇਬ, ਅੰਗੂਰ, ਅਲੂਚੇ ਤੇ, ਅੰਬ ਲਗਦੇ ਪਿਊਂਦੀ ਐ।
ਤੋਰੀ, ਵੈਂਗਣ, ਸ਼ਲਗਮ, ਟਿੰਡੇ ਤੇ ਫੁੱਲ ਗੋਭੀ, ਮਟਰ, ਚਚਿੰਡੇ,
ਆਲੂ ਵਿਕਣੇ ਜਾਣ ਬਠਿੰਡੇ, ਜਦੋਂ ਲਿਜਾਂਦੇ ਸੁਆਰਕੇ।
ਦਿਲ ਦਾ ਖੋਟਾ ਬਾਹਮਣ, ਲੈ ਗਿਆ ਮਿੱਠੀਆਂ ਮਾਰਕੇ।

(6)

ਅੱਖੀਆਂ ਮਲ੍ਹਦਾ ਫੁਸਕੇ ਗੰਗੂ, ਲੜ ਰਤ ਨਾਲ ਜ਼ਮੀਨਾਂ ਰੰਗੂ,
ਗੁਰ ਜੀ ਸਰਸਾ ਨੈ 'ਚੋਂ ਲੰਘੂ, ਰਾਤ ਬਰਾਤੇ ਠਿੱਲ੍ਹਣਗੇ।
ਤੁਰਗੇ ਜਬ ਚਮਕੌਰੋਂ, ਮਾਤਾ ਔਖੇ ਮਿਲਣਗੇ।
ਕਿਸ ਦਿਨ ਗ਼ਦਰ ਮਚਾਏ ਹਟਣੇ, ਫੜ-ਫੜ ਦੁਸ਼ਮਣ ਦੇ ਗਲ ਕਟਣੇ,
ਪਹੁੰਚਣ ਗੁਰੂ ਗੋਬਿੰਦ ਸਿੰਘ ਪਟਣੇ, ਤੁਰ ਜਿਓ ਵਖਤ ਗੁਜ਼ਾਰ ਕੇ।
ਦਿਲ ਦਾ ਖੋਟਾ ਬਾਹਮਣ, ਲੈ ਗਿਆ ਮਿੱਠੀਆਂ ਮਾਰਕੇ।

ਪ੍ਰਸੰਗ
ਸਾਕਾ ਸਰਹਿੰਦ

॥ ਦੋਹਿਰਾ ॥
ਕਰਨ ਹਕੂਮਤ ਹਿੰਦ ਤੇ, ਬੜੇ ਚੁਗੱਤੇ ਜਬਰ।
ਯੁੱਧ ਹੋਇਆ ਦਸ਼ਮੇਸ਼ ਸੇ, ਦੇਣ ਕਿਤਬਾਂ ਖ਼ਬਰ।

ਦੋ-ਭਾਗ ਛੰਦ-1

(1)
ਸੁਣੇ ਜਦੋਂ ਉਠਣ ਭਮੂਕੇ ਅੱਗ ਦੇ।
ਗੁਰੂ ਦਸ਼ਮੇਸ਼ ਸੇ ਚੁਗੱਤੇ ਲੱਗਦੇ।

(2)
ਢੋਲ ਦਲ ਦਿੱਲੀਓਂ ਵਜਾ ਕੇ ਤੁਰਦਾ।
ਕਰ ਲਿਆ ਮੁਹਾਸਰਾ ਅਨੰਦਪੁਰ ਦਾ।

(3)
ਖ਼ਾਲਸੇ ਬਹਾਦਰ ਤਿਆਰ ਜੰਗ ਤੇ।
ਸ਼ਬਖ਼ੂਨ ਮਾਰਕੇ ਪਹਾੜ ਰੰਗ ਤੇ।

(4)
ਹਨੇਰੀ ਰਾਤ ਸਿਆਲ਼ ਦੀ ਬਦਲ ਘੋਰ ਦੇ।
ਚੜ੍ਹੀ ਨਦੀ ਸਰਸਾ ਸਗਾਹੀਂ ਜ਼ੋਰ ਦੇ।

(5)
ਸੂਰਮੇ ਨਿਹੰਗਾਂ ਦੇ ਉੱਖੜ ਪੈਰ ਗਏ।
ਟੱਪ ਸ਼ਾਹਸਵਾਰ ਚਮਕੌਰ ਠਹਿਰ ਗਏ।

(6)
ਲੰਘਗੇ ਅਜੀਤ ਸਿਉਂ ਜੁਝਾਰ ਓਵੇਂ ਜੀ।
ਪਿੱਛੇ ਰਹਿਗੀ ਮਾਤਾ ਨੌਂ ਨਿਹਾਲ ਦੋਵੇਂ ਜੀ।

(7)
ਚੌਥਾ ਰਹਿ ਗਿਆ ਗੁਰਾਂ ਦਾ ਪਰੋਹਤ ਗੰਗਾ ਲੈ।
ਉਤੋਂ ਮਿੱਠਾ ਵਿੱਚੋਂ ਅੱਗ ਦਾ ਪਤੰਗਾ ਲੈ।

(8)
ਖੁਰਜੀ ਨਿੱਗਰ ਜੀ ਸਤਾਰਾਂ ਮਣ ਦੀ।
ਲੱਦਲੀ ਖੱਚਰ ਤੇ ਭਰੀ 'ਵੀ ਧਨ ਦੀ।

(9)
ਗੰਗੂ ਮਾਤਾ ਗੁਜਰੀ ਝੜਾਲੀ ਪੌਣ ਤੇ।
ਚੱਕ ਲੇ ਦੁਲਾਰੇ ਨਾ ਉਦਾਸ ਹੌਣ ਤੇ।

(10)
ਕਾਲੀ ਘਟਾ ਵਰ੍ਹੇ ਵਗਣ ਝਖੇੜੇ 'ਜ੍ਹੇ।
ਵੈਰੀ ਦੇ ਵੱਜਣ ਲਲਕਾਰੇ ਨੇੜੇ 'ਜ੍ਹੇ।

(11)
ਉਹਦੀਆਂ ਕੁਦਰਤਾਂ ਦੇ ਬਲਿਹਾਰੇ ਜਾਂ।
ਓਦੋਂ ਦੀਂਦ੍ਹਾ, ਬਿਜਲੀ ਲਸ਼ਕ ਮਾਰੇ ਜਾਂ।

(12)
ਚਿਤਰੇ ਬਘੇਰੇ ਬੁੱਕਣ ਉਜਾੜਾਂ 'ਚੈ।
ਰਾਹ ਨਾ ਮਿਲੇ ਜਾਂਮਦੇ ਉਲਝ ਝਾੜਾਂ 'ਚੈ।

(13)
ਕਦੇ ਦਲਦਲ 'ਚ ਖ਼ੱਚਰ ਧਸ ਜੇ।
ਸੁਕਦੂ 'ਜ੍ਹੇ ਬਿੱਪਰ ਨੂੰ ਧਰੂ ਕੇ ਨੱਸ ਜੇ।

(14)
ਕੂਲੇ ਪਿੰਡੇ ਪਟਤੋਂ ਬਬੂਲਾਂ ਪੱਛਤੇ।
ਜ਼ੋਰਾਵਰ ਜਾ ਪਿਆ ਮਗਰਮੱਛ 'ਤੇ।

(2)

ਲੋਥਾਂ ਪਰ ਮੱਖੀਆਂ ਭਿਣਕਣ, ਬੂਹੇ ਪਰ ਘੋੜੇ ਰਿਣਕਣ,
ਇਕਨਾਂ ਦੀ ਆਗੀ ਹੋਣੀ, ਇਕਨਾਂ ਜੰਗ ਜਿੱਤਲੀ ਸੋਹਣੀ,
ਕੋਲੇ ਆ ਕੇ ਕੱਠ ਮਾਰਦੇ ਜੀ, ਘੋੜਿਉਂ ਹੇਠ ਰਸਾਲਾ ਉੱਤੇ,
ਕੰਧਾਂ ਦੇ ਨੇੜੇ, ਸਿੰਘਾਂ ਫੜ੍ਹਕੇ ਕੰਧਾਰੀ ਕੁਤਰੇ, ਕੰਧਾਂ ਦੇ ਨੇੜੇ।
0 ਲੈਂਦੇ ਜਿੱਤ ਜੰਗ ਜੇ ਛਿੜਦੇ, ਮਾਰਨ ਵਡਿਆਈਆਂ ਤਿੜਦੇ,
ਬਾਹਰਲੀ ਡਿਊਢੀ ਢਹਿਗੀ, ਪਲਟਣ ਵਿੱਚ ਭਾਜੜ ਪੈਗੀ,
ਪੁੱਜਿਆ ਪਠਾਣਾਂ ਆਣਕੇ ਜੀ, ਦਰ ਖੋਲ੍ਹ ਤੋੜਤੇ ਤਾਲੇ, ਅੜੀ
ਦੇ ਵਿੱਚੋਂ,ਸੂਬਾ ਹੀਰਾ ਦਮਕਦਾ ਭਾਲੇ, ਗੜ੍ਹੀ ਦੇ ਵਿੱਚੋਂ।

(3)

ਹੋਗੇ ਗੁਰ ਆਸੇ ਪਾਸੇ, ਕਿੱਕਰਾਂ ਤੇ ਪੈਣ ਗੰਡਾਸੇ,
ਉਹਲੇ ਹੋ ਵਣ ਦੇ ਮੁੱਢ ਦੇ, ਵੜ੍ਹਕੇ ਵਿੱਚ ਬਹਿ ਗਿਆ ਖੁੱਡ ਦੇ,
ਸਾਰੇ ਪਾਸੇ ਵਿਹਲ ਪਹੀ ਜੀ, ਕਿਤੇ ਕਰਕੇ ਛੱਤਣ ਵਿੱਚ ਮੋਰਾ,
ਰਿਹਾ ਨਾ ਏਥੇ, ਲਿਆ ਭਾਲ ਸ਼ੇਰ ਨੇ ਘੋਰਾ, ਰਿਹਾ ਨਾ ਏਥੇ,
0 ਚਾਨਣ ਕਰ ਬਿੰਦੇ-ਬਿੰਦੇ, ਹੱਥੀਂ ਹੱਥ-ਗੋਲਾ ਦਿੰਦੇ,
ਸੁੰਨਾ ਪਿਆ ਮੰਦਰ ਗੂੰਜੇ, ਭਾਲਦੇ ਚਾਰੇ ਖੂੰਜੇ,
ਅੱਖ ਨੂੰ ਬਚਾਕੇ ਵੱਜਗੀ ਜੀ, ਕਿਤੇ ਨਿੱਕਲ ਗਿਆ ਖਾਲੇ ਖਾਲੇ,
ਝੜੀ ਦੇ ਵਿੱਚੋਂ, ਸੂਬਾ ਹੀਰਾ ਦਮਕਦਾ ਭਾਲੇ, ਗੜ੍ਹੀ ਦੇ ਵਿੱਚੋਂ।

(4)

ਬਾਣਾਂ ਦੀ ਆਉਂਦੀ ਵਾਛੜ, ਵੇਖ ਦਰਿਆ ਦੀ ਕਾਛੜ,
ਵੜਗੀਆਂ ਛਿੰਬ ਦੀਆਂ ਛਿੰਬਾਂ, ਲਤੜਦੇ ਪਿਲਛੀ ਦਿੰਬਾਂ।
ਖੜ ਪੜਚੋਲ ਕਰੋ ਤੇ,ਸਰ ਕਾਨੇ ਸਰਕੜਾ ਦੇਖੋ, ਨਿੱਘਰ ਜਾਣਿਉਂ।
ਫਿਰੋਂ ਕੰਬਦੇ ਹੱਟੀ ਦਿਓ ਸੇਖੋ, ਨਿੱਘਰ ਜਾਣਿਉਂ।
0 ਨੇਰ੍ਹੇ ਦੇ ਵਿੱਚ ਨਾ ਦੀਂਹਦਾ, ਸੱਚਾ ਰਖਵਾਲਾ ਜੀਹਦਾ,
ਸੀਸ ਪਰ ਸੋਂਹਦੀ ਕਲਗੀ, ਰੂਪ ਦੀ ਲਾਟ ਬਲਗੀ,
ਜਲ ਵਿੱਚ ਉੱਤਰ ਗਿਆ, ਤੇ ਲੰਘ ਸਰਸਾ ਕਰ ਗਿਆ ਟਾਲੇ,
ਚੜ੍ਹੀ ਦੇ ਵਿੱਚੋਂ, ਸੂਬਾ ਹੀਰਾ ਦਮਕਦਾ ਭਾਲੇ, ਗੜ੍ਹੀ ਦੇ ਵਿੱਚੋਂ।

(5)

ਗੱਭਰੂ ਕੁੱਲ ਮੋਟੇ ਮੋਟੇ, ਕਰਤੇ ਵੱਢ ਟੋਟੇ ਟੋਟੇ,
ਰੇਜ ਕਰ ਕਿਆਰੇ ਅੱਪੜ, ਰੱਤ ਦੇ ਨਾਲ ਭਰ ਤੇ ਛੱਪੜ,

ਫੱਟੜਾਂ ਦਾ ਅੰਤ ਨਹੀਂ ਤੇ, ਏਥੇ ਗੜਾ ਜਿਆ ਕਹਿਰ ਦਾ ਵੱਸ ਗਿਆ,
ਮੈਦਾਨ ਵਿੱਚ,ਲਾ ਕੇ ਢੇਰ ਢੇਰੀਆਂ ਨੱਸ ਗਿਆ, ਮੈਦਾਨ ਵਿੱਚ।
0 ਖੜ੍ਹਕੇ ਤੇ ਕਰਨ ਸਲਾਹਾਂ, ਲੱਗ ਗਿਆ ਸੀ ਛਾਂਗਣ ਬਾਹਾਂ,
ਰਾਜਿਆਂ ਦੇ ਕਰ ਗਿਆ ਡੱਕਰੇ, ਲੱਭਦਿਆਂ ਨੂੰ ਗੁਰ ਨਾ ਟੱਕਰੇ,
ਉਹਨੇ ਹੱਥ ਆਂਵਣਾ ਨਹੀਂ ਤੇ, ਗਿਆ ਲੜਕੇ ਫੌਜ ਦੇ ਨਾਲੇ, ਗੜ੍ਹੀ ਦੇ
ਵਿੱਚੋਂ, ਸੂਬਾ ਹੀਰਾ ਦਮਕਦਾ ਭਾਲੇ, ਗੜ੍ਹੀ ਦੇ ਵਿੱਚੋਂ।

(6)

ਭੱਜਦੇ ਸੀ ਹੁੜੀਆਂ ਲੈ ਕੇ, ਬੁਛਕਰਦੇ ਟਿੱਡੀਆਂ ਬਹਿਕੇ,
ਮੀਟਿੰਗਾਂ ਕਰਦੇ ਜੁੜ ਜੁੜ, ਸੂਬਾ ਪਛਤਾਵੇ ਮੁੜ ਮੁੜ,
ਮੁਗਲਾਂ ਦਾ ਕੱਖ ਨਾ ਰਿਹਾ, ਤੇ ਬਾਜ਼ ਛੁੱਟ ਗਿਆ ਕਦੇ ਨਾ ਹੱਥ ਔਣਾ,
ਅਲੋਪ ਹੋਜੂ, ਔਖਾ ਹੋ ਗਿਆ ਬਹਾਦਰ ਢਾਉਣਾ, ਅਲੋਪ ਹੋਜੂ।
0 'ਬਾਬੂ' ਜੀ ਕਰਲੋ ਸਾਕੇ, ਚਾਰੇ ਦਾਅ ਮੱਲਲੋ ਨਾਕੇ,
ਚਾਰੇ ਦਾਅ ਤਣਲੋ ਤਾਣਾ, ਸਤਗੁਰ ਨਾ ਪਕੜਿਆ ਜਾਣਾ,
ਲੈ ਗਿਆ ਕੋਈ ਬੱਤ ਮਾਰਕੇ ਤੇ, ਕੱਢਿਆ ਗੁੰਦਿਆ ਵਿਆ ਲਾਲ
ਵਿਚਾਲੇ,ਲੜੀ ਦੇ ਵਿੱਚੋਂ, ਸੂਬਾ ਹੀਰਾ ਦਮਕਦਾ ਭਾਲੇ, ਗੜ੍ਹੀ ਦੇ ਵਿੱਚੋਂ।

ਉਹ ਤੇ ਕਿਵੇਂ ਵਰਤਾਵਾਂ ਭਾਣਾ, ਕਰੇ ਨਾ ਦਲੀਲ ਰੱਬ ਦੀ।
ਚੜਿਆ ਗੁਰਾਂ ਦਾ ਦੁਲਾਰਾ ਨਿਆਣਾ, ਰੇਸ਼ਮੀ ਪੁਸ਼ਾਕ ਫੱਬਦੀ।

(7)

'ਬਾਬੂ' ਗੱਭਰੂ ਨਿਕਲ ਦਰਮਿਆਨੋਂ, ਪਿਆਸ ਨੂੰ ਬੁਝਾਲੈ ਬੱਲਿਆ।
ਏਥੇ ਖੜੇ ਰਹੋ ਕੰਧਾਰੀ ਖਾਨੋਂ, ਕਿਲੇ ਚੋਂ ਪਾਣੀ ਪੀਣ ਚੱਲਿਆ।
ਜਲ ਛੱਕਣ ਪਿਤਾ ਦੇ ਪਾਸ ਜਾਣਾ, ਮਿਲ ਜੇ ਕਟੋਰੀ ਨੱਬ ਦੀ।
ਚੜਿਆ ਗੁਰਾਂ ਦਾ ਦੁਲਾਰਾ ਨਿਆਣਾ, ਰੇਸ਼ਮੀ ਪੁਸ਼ਾਕ ਫੱਬਦੀ।

॥ ਦੋਹਿਰਾ ॥

ਜਾ ਮਗਰੇ ਜਗਦੇਵ ਦੇ, ਤੂੰ ਮੇਰਾ ਰਣ ਬੋਲ।
ਅੰਮ੍ਰਿਤ ਪੀ ਲੈ ਸੁਰਗ 'ਚੋਂ, ਭਰੇ ਸੁਨਹਿਨੀ ਕੌਲ।

ਦੋਤਾਰਾ ਛੰਦ-12

(1)

ਏਸ ਮਾਤ ਲੋਕ ਮੇਂ ਜੀ, ਤੇਰਾ ਲਾਲ ਖ਼ਤਮ ਹੋ ਗਿਆ ਪਾਣੀ।
ਤੈਨੂੰ ਖੜੀ ਉਡੀਕੇ ਜੀ, ਕਦੇ ਦੀ ਮੁਗ਼ਲ ਰਾਜ ਦੀ ਢਾਣੀ।
ਜਾਕੇ ਨਾਮ ਸ਼ਹੀਦਾਂ ਮੇਂ, ਦਰਜ ਕਰਵਾ ਲੈ ਕਹਿਣ ਗੁਰ ਦੱਸਮੇਂ।
ਪੁੱਤ ਪਿਆਸ ਬੁਝਾ ਲੈ ਤੂੰ, ਉਛੱਲਦੇ ਸੁਰਗ-ਲੋਕ ਵਿੱਚ ਚਸਮੇਂ

(2)

ਏਸ ਚਲਮੀ ਸਰਾਂ ਮੇਂ ਜੀ, ਐਵੇਂ ਬੰਦਾ ਫਿਰਦਾ ਬਣਾਉਂਣਾ ਠਹਿਰਾਂ।
ਔਹ ਵੇਖ ਬਹਿਸ਼ਤਾਂ ਮੇਂ, ਵਗਦੀਆਂ ਸ਼ੀਂਰ ਸ਼ੀਰ ਦੀਆਂ ਨਹਿਰਾਂ।
ਪੀਲੈ ਗੱਟ ਗੱਟ ਕਰਕੇ ਤੂੰ, ਬੈਠ ਕੇ ਮਾਂ ਜੀਤੋ ਦੀ ਕੱਛ ਮੇਂ।
ਪੁੱਤ ਪਿਆਸ ਬੁਝਾ ਲੈ ਤੂੰ, ਉਛੱਲਦੇ ਸੁਰਗ-ਲੋਕ ਵਿੱਚ ਚਸ਼ਮੇ।

(3)

ਤੈਨੂੰ ਦੁਸ਼ਮਣ ਸੱਦ ਦੇ ਐ, ਮੋੜ ਲੈ ਜਲਦ ਰਣਾ ਨੂੰ ਘੋੜਾ।
ਚਾੜ ਲਾਸ਼ ਲਾਸ਼ ਤੇ ਜੀ, ਉੱਸਰ ਜੇ ਨਦੀ ਕਿਨਾਰ ਧੋੜਾ।
ਲਲਕਾਰ ਬੀਜਦੇ ਨੂੰ, ਹੱਥੀਂ ਤਲਵਾਰ ਪਕੜ ਲੈ ਕਸਮੇਂ।
ਪੁੱਤ ਪਿਆਸ ਬੁਝਾ ਲੈ ਤੂੰ, ਉਛੱਲ ਦੇ ਸੁਗਰ-ਲੋਕ ਵਿੱਚ ਚਸ਼ਮੇਂ।

(4)

ਪਾੜ-ਪਾੜ ਪਠਾਣਾਂ ਨੂੰ, ਗੱਭਰੂਆ ਭਰ ਦੇ ਲਹੂ ਦੀ ਛੱਪੜੀ।
ਔਣਾ ਲੈਣ ਵਬਾਣਾ ਨੇ, ਆਹਾ ਤੇਰੀ ਇਤਲਾਹ ਸੱਚੇ ਦੇ ਅੱਪੜੀ।

ਚੜ੍ਹੀਂ ਉੜਣ-ਖਟੋਲੇ ਮੇਂ, ਪਹਿਲਾਂ ਜਾ ਕਰੀਂ ਸਵਾਰੀ ਬੱਸ ਮੇਂ।
ਪੁੱਤ ਪਿਆਰ ਬੁਝਾ ਲੈ ਤੂੰ ਉਛੱਲਦੇ ਸੁਰਗ-ਲੋਕ ਵਿੱਚ ਚਸਮੇਂ।

(5)

ਅਜੇ ਮਰਨਾ ਵੈਰੀਆਂ ਨੇ, ਤੇਰੇ ਕੁਝ ਵਾਰ ਚਲਾਉਣੇ ਰਹਿੰਦੇ।
ਹੱਥ ਲਿਸਟ ਫ਼ਿਰਸ਼ਤੇ ਦੇ, ਕਈਆਂ ਦੇ ਨਾਵੇਂ ਕਾਗਜ਼ੋਂ ਲਹਿੰਦੇ।
ਹੋਣ ਹਾਰ ਵਰਤਣੀ ਸੀ, ਰਹੀ ਨਾ ਬਾਤ ਹਮਾਰੇ ਵੱਸ ਮੇਂ।
ਪੁੱਤ ਪਿਆਸ ਬੁਝਾ ਲੈ ਤੂੰ, ਉਛੱਲ ਦੇ ਸੁਰਗ-ਲੋਕ ਵਿੱਚ ਚਸਮੇਂ।

(6)

ਵੱਜੇ ਵਿਸਲ ਸਟੇਸ਼ਨ 'ਤੇ, ਲੈਣ ਪਰ ਆਣ ਟਰੇਨ ਖਲੋਤੀ।
'ਬਾਬੂ' ਸੇਅਰ ਬਣੇਂਦਾ ਜੀ, ਜਿਸ ਤਰ੍ਹਾਂ ਫੁੱਲ ਦੀ ਲੜੀ ਪਰੋਤੀ।
ਖ਼ੁਸ਼ਬੋਈਆਂ ਖਿੰਡਗੀਆਂ ਜੀ, ਜਾਮ ਜੇ ਡੁਲ੍ਹਦੇ ਭਰੇ ਵੇ ਰਸ ਦੇ।
ਪੁੱਤ ਪਿਆਸ ਬੁਝਾ ਲੈ ਤੂੰ, ਉਛੱਲ ਦੇ ਸੁਰਗ ਲੋਕ ਵਿੱਚ ਚਸ਼ਮੇਂ।

॥ ਦੋਹਿਰਾ ॥

ਕਰਨ ਲੜਾਈ ਸੂਰਮੇ, ਇੱਕ ਦਸ ਦਸ ਨੂੰ ਢਾਉਣ।
ਅਤੇ ਬਚਾਤਾ ਗੁਰਾਂ ਨੂੰ, ਆਪ ਸ਼ਹੀਦੀ ਪਾਉਣ।
ਦੁਸ਼ਮਣ ਫਿਰਦੇ ਭਾਲਦੇ, ਨਾ ਲੱਭਦੇ ਦਸ਼ਮੇਸ਼।
ਮੁਲਕ ਅਜ਼ਾਦ ਕਰਾਉਣਗੇ, ਰੁਲਣ ਦੇਸ਼ ਪ੍ਰਦੇਸ਼।

ਔੜਾ ਛੰਦ-13

(1)

ਥੰਮ ਗਿਆ ਰਣਜੀਤ ਗੱਜਣੋਂ, ਹਟਗੇ ਲਲਕਾਰੇ ਵੱਜਣੋਂ,
ਹੋਗੀ ਚੁੱਪ ਚਾਂਦ ਸਾਰੇ, ਲੱਦਗੇ ਕੁੱਲ ਗੁਰ ਦੇ ਪਿਆਰੇ,
ਹੁੰਦੀ ਕਿਤੇ ਲਾਦ ਨਹੀਂ ਜੀ, ਵੈਰੀ ਬੰਨ੍ਹਕੇ ਖੜ੍ਹੋਗੇ, ਲੈਣਾਂ,
ਕਿਲ੍ਹੇ ਦੇ ਲੌਣੇ, ਪਹਿਰਾ ਸਾਰੀ ਰਾਤ ਦਾ ਰਹਿਣਾ, ਕਿਲੇ ਦੇ ਲੌਣੇ।
ਮੁਗਲਾਂ ਨੂੰ ਲੱਗੀਆਂ ਮੌਜਾਂ, ਹੋਣ ਖੁਸ਼ ਸ਼ਾਹੀ ਫੌਜਾਂ,
ਉੱਜੜਗੀ ਗੁਰ ਦੀ ਵਾੜੀ, ਸੂਬੇ ਦੇ ਹੱਸਦੇ ਆੜੀ,
ਹਿੱਕ ਤੇ ਲਗਾਉਂਦੇ ਥਾਪੀਆਂ ਜੀ, ਹੂੰਏਂ ਉਠਦੇ ਗੁੜ੍ਹਕ ਹੁੱਕੇ ਬਾਹਲੇ,
ਨੜੀ ਦੇ ਵਿੱਚੋਂ, ਸੂਬਾ ਹੀਰਾ ਦਮਕਦਾ ਭਾਲੇ, ਗੜ੍ਹੀ ਦੇ ਵਿੱਚੋਂ।

ਲੰਮਾ ਪੈ ਜੇ ਜੀਹਦੇ ਕਿਰਪਾਨ ਠੋਕਦਾ।
ਗੁਰੂ ਛੱਤਣਾਂ ਤੋਂ ਝਾਕੇ, ਸੀ ਵਖਾਉਂਦਾ ਸੋਹਣੇ ਸਾਕੇ,
ਪਾਤਾ ਗੱਭਰੂ ਨੇ ਜਾਕੇ, ਤਰਥੱਲ ਝੱਲ 'ਚੈ।
ਘੇਰਿਆ ਗਿਆ ਚੁਫੇਰਿਉਂ, ਦੁਲਾਰਾ ਦਲ 'ਚੈ।

(4)

ਕਰ ਦੇਵੇ ਅੰਗ ਭੰਗ, ਲੋਥਾਂ ਦੀ ਉਸਾਰੀ ਲੰਘ।
ਬੱਗੇ ਕੁੱਕੜ ਦੇ ਫੰਗ, ਜਾ ਖਲਾਰੇ ਖੇਤ 'ਚੈ।
ਆਗੀ ਭਾਰੀ ਸੀੜ ਜੀ, ਗੜਿਆਂ ਦੀ ਚੇਤ 'ਚੈ।
ਅੱਗੇ ਭੱਜ ਚੱਲੇ ਬਾਕੀ, ਭਿੱਜੀ ਰੱਤ ਸੇ ਫ਼ਰਾਕੀ,
ਫਿਰੇ ਤਰਦਾ ਅਰਾਕੀ, ਜਾਂ ਲਹੁ ਦੀ ਡਲ 'ਚੈ।
ਘੇਰਿਆਂ ਗਿਆ ਚੁਫੇਰਿਉਂ, ਦੁਲਾਰਾ ਦਲ 'ਚੈ।

(5)

ਘੇਰੇ ਝਾੜੀਆਂ 'ਚ ਵੈਰੀ, ਅੱਗੇ ਲਾ ਕੇ ਜਾਂਦਾ ਗਹਿਰੀ,
ਜਿਵੇਂ ਸੱਪ ਨੇ ਗਲੈਹਰੀ, ਦੇ ਪਰਾਣ ਖਿੱਚਲੇ।
ਘਬਰਾਗੇ ਕਾਬਲੀ ਮੈਦਾਨ ਵਿਚਲੇ।
ਦੂਰ ਜਾ ਖੜ੍ਹੇ ਪਠਾਣ, ਤੇ ਚਲਾਈ ਜਾਂਦੇ ਬਾਣ,
ਕਈ ਟੰਗੇ ਗਏ ਜਵਾਨ, ਦੀ ਨਰਮ ਖਲ 'ਚੈ।
ਘੇਰਿਆ ਗਿਆ ਚੁਫੇਰਿਉਂ, ਦੁਲਾਰਾ ਦਲ 'ਚੈ।

(6)

ਫਿਰੀ ਰੱਬ ਦੀ ਧਰੋਈ, ਸ਼ਹਿਨਸ਼ਾਹੀ ਫ਼ੌਜ ਮੋਈ,
'ਬਾਬੂ' ਨਾ ਹਿਸਾਬ ਕੋਈ, ਮਾਰੀ ਜਾਂਦਾ ਹਫ਼ ਲਿਆ।
ਆ ਕੇ ਭੁੱਖੇ ਭੂਤਨਿਆਂ, ਉਦਾਲਿਉਂ ਝਫ ਲਿਆ।
ਵਾਰ ਕਰੇ ਘੁਕ-ਘੁਕ, ਵਲ਼ ਲੈਂਦੇ ਡੰਡਾ-ਡੁੱਕ,
ਆਕੇ ਕਾਲ ਤੋਤੇ ਟੁੱਟ, ਲਿਆ ਅੰਗੂਰ ਵੱਲ 'ਚੈ।
ਘੇਰਿਆ ਗਿਆ ਚੁਫੇਰਿਉਂ, ਦੁਲਾਰਾ ਦਲ 'ਚੈ।

॥ ਦੋਹਿਰਾ ॥

ਮਾਰੇ ਸ਼ੇਰ ਜੁਝਾਰ ਸਿਉਂ, ਜ਼ੋਰ ਜ਼ੋਰ ਦੀ ਭਬਕ।
ਯਾਦ ਰੱਖਣਗੇ ਕਾਬਾਲੀ ਦੇਣ ਜਾਂਵਦਾ ਸਬਕ।

ਸ਼ਬਦ ਤਰਜ਼-11

(1)

ਛੋਟਾ ਬਾਰਾਂ ਕੁ ਵਰਸ ਦਾ ਹੋਣਾ, ਲਾਲ ਦਸ਼ਮੇਸ਼ ਗੁਰ ਦਾ।
ਅਭਮਨੂੰ ਤੋਂ ਜ਼ਿਆਦਾ ਸੋਹਣਾ, ਲਾਕੇ ਹਥਿਆਰ ਤੁਰਦਾ।
ਖੱਟੇ ਰੰਗ ਦਾ ਸੁਨਹਿਰੀ ਬਾਣਾ, ਸੋਸਣੀ ਪਜ਼ਾਰ ਪੱਬ ਦੀ।
ਚੜ੍ਹਿਆ ਗੁਰਾਂ ਦਾ ਦੁਲਾਰਾ ਜਿਆਣਾ। ਰੇਸ਼ਮੀ, ਪੁਸ਼ਾਕ ਫੱਬਦੀ।

(2)

ਲਿਆਇਆ ਬੀੜ ਕੇ ਤੇ ਨਫ਼ਰ ਬਛੇਰਾ, ਮੌਤ ਤੋਂ ਬੰਨ੍ਹਾ ਲਿਆ ਕੰਗਣਾ।
ਖਿੜੇ ਫੁੱਲ ਜਿਉਂ ਗੁਲਾਬੀ ਚਿਹਰਾ, ਰੂਪ ਨੇ ਝੜਾਤੀ ਰੰਗਣਾ।
ਦੂਰੋਂ ਚੰਮਕੇ ਜਿਵੇਂ ਟਟਿਆਣਾ, ਉਹ ਤੇ ਨਿਗਾ ਹੋਗੀ ਸੱਭ ਦੀ।
ਚੜਿਆ ਗੁਰਾਂ ਦਾ ਦੁਲਾਰਾ ਨਿਆਣਾ, ਰੇਸ਼ਮੀ ਪੁਸ਼ਾਕ ਫੱਬਦੀ।

(3)

ਤੰਦੀ ਅੰਦਰੋਂ ਧਨਸ਼ ਦੀ ਖਿੱਚਲੀ, ਅਰਾਕੀ ਨੂੰ ਭਜਾ ਕੇ ਲੈ ਗਿਆ।
ਫੌਜ ਡਰਗੀ ਰਣਾ ਦੇ ਵਿੱਚਲੀ, ਦਲਾ 'ਚ ਭੰਦੌਲ ਪੈ ਗਿਆ।
ਸਾਰਾ ਡਰ ਕੇ ਖਿੱਲਰ ਗਿਆ ਢਾਣਾ, ਚੜ੍ਹ ਗੀ ਅੰਧੇਰੀ ਗੱਭ ਦੀ।
ਚੜਿਆ ਗੁਰਾਂ ਦਾ ਦੁਲਾਰਾ ਨਿਆਣਾ, ਰੇਸ਼ਮੀ ਪੁਸ਼ਾਕ ਫੱਬਦੀ।

(4)

ਪੈਗਿਆ ਮਾਰਕੇ ਉਡਾਰੀ ਸ਼ਿਕਰਾ, ਗੋਲਿਆਂ ਦੇ ਝੁੰਡ ਵੱਲ ਨੂੰ।
ਮਾਰ ਚੀਕਰਾਂ ਬਣਾ ਦੂ ਠੀਕਰਾ, ਪਾੜਕੇ ਵਚਾਲਿਉਂ ਖੱਲ ਨੂੰ।
ਆਜਾ ਸਾਹਮਣੇ ਬਜ਼ੀਦ ਪਠਾਣਾ, ਤੇਰੀ ਨਾ ਮਦੀਨ ਲੱਭ ਦੀ।
ਚੜਿਆ ਗੁਰਾਂ ਦਾ ਦੁਲਾਰਾ ਨਿਆਣਾ, ਰੇਸ਼ਮੀ ਪੁਸ਼ਾਕ ਫੱਬਦੀ।

(5)

ਕਿਰਪਾਨ ਨੇ ਉਡਾਤੇ ਪੱਚਰੇ, ਵੇਖ ਰਾਜੀ ਹੋਗੇ ਗੁਰ ਜੀ।
ਸਿਰ ਰੁੜਦੇ ਫਿਰਨ ਜਿਵੇਂ ਕਚਰੇ, ਧੜਾਂ ਦੀ ਉਸਾਰੀ ਬੁਰਜੀ।
ਦੇਤਾ ਧਨਸ਼ ਚਲਾ ਕੇ ਛਾਣਾ, ਕਰਦਾ ਲੜਾਈ ਢੱਬ ਦੀ।
ਚੜਿਆ ਗੁਰਾਂ ਦਾ ਦੁਲਾਰਾ ਨਿਆਣਾ, ਰੇਸ਼ਮੀ ਪੁਸ਼ਾਕ ਫੱਬਦੀ।

(6)

ਬਾਈ ਧਾਰਾ ਦੇ ਪਹਾੜੀ ਦੌੜੇ, ਵੱਡ ਕੇ ਬਣਾ ਤੇ ਫਾੜੀਆਂ।
ਸ਼ਾਹੀ ਫੌਜ ਨੂੰ ਬਜ਼ੀਦਾ ਕੌੜੇ, ਫਿਰਦੇ ਤਕੌਂਦੇ ਝਾੜੀਆਂ।

(2)
ਮਖ਼ਮਲ ਲੱਗੀ ਸੀ ਸੁਨਹਿਰੀ ਜੀਨ ਤੇ,
ਗਿਆ ਉੱਛਲ ਪੱਬ ਟਿਕ ਕੇ ਜ਼ਮੀਨ ਤੇ।
ਮਾਰਕੇ ਪਲਾਕੀ ਚੜ੍ਹ ਗਿਆ ਤੁਰੰਗ ਤੇ,
ਗੁਰਾਂ ਨੇ ਬੱਗੇ ਸ਼ੇਰ ਨੂੰ ਚੜ੍ਹਾ 'ਤਾ ਜੰਗ ਤੇ।

(3)
ਰਣਾਂ ਵਿਚ ਵੱਢ ਕੇ ਖੱਪਾਈਆਂ ਖੂਹਣੀਆਂ,
ਮੇਘ ਵਾਂਗ ਉੱਡਗੀਆਂ ਉਤਾਂਹ ਨੂੰ ਕੂਹਣੀਆਂ।
ਤੇਜ਼ ਸੇਲਾ ਮਾਰਦਾ ਘੁਮਾਕੇ ਟੰਗ ਤੇ,
ਗੁਰਾਂ ਨੇ ਬੱਗੇ ਸ਼ੇਰ ਨੂੰ ਚੜ੍ਹਾ 'ਤਾ ਜੰਗ ਤੇ।

(4)
ਢੇਰ ਲਾਤੇ ਧੜਾਂ ਦੇ ਗਲ਼ਾਂ ਨੂੰ ਕੱਪਜੇ,
ਤੇਜ਼ ਕਰਪਾਨ ਦੋ-ਤਿਹੁ 'ਚੋਂ ਟੱਪਜੇ।
ਆਪ ਔਣ ਦੇਵੇ ਨਾ ਝਰੀਟ ਅੰਗ ਤੇ,
ਗੁਰਾਂ ਨੇ ਬੱਗੇ ਸ਼ੇਰ ਨੂੰ ਚੜ੍ਹਾ 'ਤਾ ਜੰਗ ਤੇ।

(5)
ਸ਼ੀਂਹ ਬੱਬਰ ਦਲਾਂ ਦੇ ਵਿਚਾਲੇ ਖੜ੍ਹ ਗਿਆ,
ਤੰਗ ਤੀਕ ਲਹੂ ਸੀ ਉਤਾਂਹ ਨੂੰ ਚੜ੍ਹ ਗਿਆ।
ਉੱਡਣੇ-ਸਰਪ ਲਾ ਉਡਾਰੀ ਡੰਗ ਤੇ,
ਗੁਰਾਂ ਨੇ ਬੱਗੇ ਸ਼ੇਰ ਨੂੰ ਚੜ੍ਹਾ 'ਤਾ ਜੰਗ ਤੇ।

(6)
ਕੱਟ ਦੇਵੇ ਜਰਕ-ਜਰਕ ਬਾਹਾਂ ਨੂੰ,
ਸੱਠ ਮਾਰੇ ਕਰੇ ਫੱਟੜ ਪੰਜਾਹਾਂ ਨੂੰ।
ਲੀੜੇ ਖੁੰਬੋਂ ਚਿੱਟੇ ਜੀ ਲਹੂ ਸੇ ਰੰਗ ਤੇ, ਗੁਰਾਂ
ਨੇ ਬੱਗੇ ਸ਼ੇਰ ਨੂੰ ਚੜ੍ਹਾ 'ਤਾ ਜੰਗ ਤੇ।

(7)
ਮਾਰ ਨਾਲ ਨੱਕ ਦੇ ਕਢਾਉਂਦਾ ਲੀਕਾਂ ਨੂੰ,
ਭੱਜ ਚੱਲੋ ਮਾਰਦੇ ਪਾਠਣ ਚੀਕਾਂ ਨੂੰ।

ਪਵੇ ਖੜਕਾਟ ਜਿਉਂ ਵਦਾਨ ਬੰਗ ਤੇ,
ਗੁਰਾਂ ਨੇ ਬੱਗੇ ਸ਼ੇਰ ਨੂੰ ਚੜ੍ਹਾ 'ਤਾ ਜੰਗ ਤੇ।

(8)
'ਬਾਬੂ' ਲੋਕ ਜਿਤਨੇ ਭਰੇ 'ਵੇ ਗੁਣ ਦੇ,
ਰਸ-ਦੈਕ ਕਾਪੀ ਲਾ ਪਰੀਤ ਸੁਣਦੇ।
ਸ਼ੈਰ ਹੁੰਦੇ ਸੱਚੇ ਦੇ ਦਰਾਂ ਦੇ ਮੰਗਤੇ,
ਗੁਰਾਂ ਨੇ ਬੱਗੇ ਸ਼ੇਰ ਨੂੰ ਚੜ੍ਹਾ 'ਤਾ ਜੰਗ ਤੇ।

॥ ਦੋਹਿਰਾ ॥
ਲੱਕੜਾਂ ਵਾਂਗੂ ਪਾੜਤੇ, ਵੱਢ-ਵੱਢ ਭਰਤੇ ਵਾਹਣ।
ਡਰਦੇ ਪਸ਼ਤੋ ਮਾਰਦੇ, ਦੌੜੇ ਫਿਰਨ ਪਠਾਣ।

ਮਨੋਹਰ ਭਵਾਨੀ ਛੰਦ-10

(1)
ਸਦ ਅਫ਼ਰੀਨ ਮੱਲਾ, ਲੈ ਕੇ ਕਰਪਾਨ ਭੱਲਾ,
ਗਿਆ ਅਜੀਤ ਸਿੰਘ 'ਕੱਲਾ, ਜਾ ਖੜ੍ਹੋ ਗਿਆ ਰਣ ਮੇਂ।
ਪੈ ਗਿਆ ਖ਼ਰਗੋਸ਼ਾਂ ਨੂੰ ਬਘਿਆੜ ਬਣ ਮੇਂ।
ਆਕੇ ਢਾਲੇ ਠਾਰਾਂ-ਉਂਨੀ, ਜਿਉਂ ਘੁਮਿਆਰਾਂ ਮਿੱਟੀ ਗੁੰਨ੍ਹੀ,
ਖੁੰਬਾਂ ਵਾਂਗ ਗਿਆ ਪਰੁਨੀ, ਲਾ ਨਸ਼ਾਨੇ ਗਲ਼ 'ਚੈ।
ਘੇਰਿਆ ਗਿਆ ਚੁਫੇਰਿਉਂ, ਦੁਲਾਰਾ ਦਲ 'ਚੈ।

(2)
ਆਗੀ ਨਵੀਂ ਫ਼ੌਜ ਚੜ੍ਹ, ਸੀ ਧੜਾਂ ਦੀ ਲਾਤੀ ਧੜ,
ਮਾਰੀ ਸੂਰਮੇ ਨੇ ਤੜ੍ਹ, ਜਾ ਵਿਚਾਲੇ ਸਿਆਲਾਂ ਦੇ।
ਪਿੰਡਿਓਂ ਧਾਰਾਂ ਪੈਣ, ਵਾਂਗਰਾਂ ਦੁਖਾਲਾਂ ਦੇ।
ਪੈ ਗਿਆ ਕਰਕੇ ਤੇ ਝੱਟ, ਜਿਵੇਂ ਪੱਠਿਆਂ ਨੂੰ ਜੱਟ,
ਬੜਾ ਬਲਵਾਨ ਘੱਟ, ਨਾ ਕਿਸੇ ਤੋਂ ਬਲ 'ਚੈ।
ਘੇਰਿਆ ਗਿਆ ਚੁਫੇਰਿਉਂ, ਦੁਲਾਰਾ ਦਲ 'ਚੈ।

(3)
ਜਾਕੇ ਚਾੜ੍ਹਤਾ ਖ਼ਰਾਦ, ਸੀ ਖਲਾਰੇ ਵਾਂਗ ਖਾਦ,
ਜਿਵੇਂ ਜ਼ਿਮੀਂਦਾਰ ਪੁਆਧ, ਦਾ ਕਮਾਦ ਚੋਕਦਾ।

0 ਖ਼ਿਆਲ ਨਾਲ ਬਹਿ ਕੇ ਸੁਣਲੋ, ਝੋਕ ਦੀਆਂ ਤਰਜ਼ਾਂ ਨੂੰ।
ਮਾਰਨ ਲਲਕਾਰੇ ਡਹਿਗੇ, ਪਾਂਵਦੇ ਗਰਜ਼ਾਂ ਨੂੰ।
ਸਿਰਾਂ ਤੋਂ ਲੋਹਣ ਆ ਗਏ, ਦੇਸ਼ ਦਿਆਂ ਕਰਜ਼ਾਂ ਨੂੰ।
ਚਿੱਤਰੇ ਤੜ੍ਹ ਮਾਰਨ ਲੱਗਗੇ, ਖੜ੍ਹਕੇ ਤੇ ਘੋਰ ਤੇ।
ਮਾਰਿਆ ਇੱਕ ਸਿੰਘ ਨੇ ਸੌ ਨੂੰ, ਲੜਕੇ ਚਮਕੌਰ ਤੇ।

(3)

ਤੁਰਦੇ ਜੁਆਨ ਝੂਲ ਝੂਲਕੇ, ਟੱਪਗੇ ਫਿਰ ਦੇਹਲੀ ਐ।
ਝਾੜਾਂ ਵਿਚ ਲੁਕਦੇ ਫਿਰਦੇ, ਸੂਬੇ ਦੇ ਬੋਲੀ ਐ।
ਦਲ ਦੇ ਵਿਚ ਵੜ ਕੇ ਜੁਆਨਾਂ, ਲਿਆਤੀ ਪਟਮੇਲ੍ਹੀ ਐ।
ਦੂਰ ਤੋਂ ਵੇਂਹਦੀ ਲੋਕੀਂ, ਉਭਰਦਿਆਂ ਮਰਦਾਂ ਨੂੰ।
ਗੁਰ ਦੇ ਹਮਦਰਦੀ ਵੰਡਦੇ, ਗੁਰੂ ਦਿਆਂ ਦਰਦਾਂ ਨੂੰ।
0 ਉੱਪਰ ਨੂੰ ਉੱਭਰ-ਉੱਭਰ ਮਾਰਦੇ ਤੇਗੇ ਐ।
ਲੜ ਕੇ ਅਣਗਿਣਤ ਸਪਾਹੀ, ਰਣ ਦੇ ਵਿਚ ਡੇਗੇ ਐ।
ਕੰਧਾਂ ਦੇ ਨਾਲ ਚੜ੍ਹਗੇ, ਮੈਲ਼ੇ ਦੇ ਸੇਗੇ ਐ।
ਇਕਨਾ ਦੇ ਗਲ਼ ਵਿੱਚ ਵਜਗੀ, ਇਕਨਾ ਦੇ ਮੌਰ ਤੇ।
ਮਾਰਿਆ ਇਕ ਸਿੰਘ ਨੇ ਸੌ ਨੂੰ, ਲੜਕੇ ਚਮਕੌਰ ਤੇ।

(4)

ਕਬਜ਼ੇ ਜ੍ਹੇ ਕਰਦੇ ਖੋਹਕੇ, ਭਾਰਤ ਦੀਆਂ ਖਾਣਾਂ ਨੂੰ।
ਰੱਤੋ-ਰੱਤ ਕਰਤਾ ਵਡਕੇ, ਪੋਲਿਆਂ ਜਿਹਾ ਰਾਣਾਂ ਨੂੰ।
ਅੱਧੇ ਤਾਂ ਘੰਟੇ ਅੰਦਰ, ਲਾਹ 'ਤਾ ਸੀ ਘਾਣਾਂ ਨੂੰ।
ਖ਼ਾਨਾਂ ਦੇ ਡੌਲ਼ੇ ਕੱਟਕੇ, ਝਾੜੀਆਂ ਕੂਹਣੀਆਂ।
ਆਹਾ ਪੰਜਾਬੀ ਸ਼ੀਂਹਣੀਆਂ, ਮੁੜ-ਮੁੜ ਨਾ ਸੁਣੀਆਂ।
0 ਕੋਈ ਨਾ ਰੋਕਣ ਵਾਲਾ, ਸੂਰਮਿਆਂ ਕੱਬਿਆਂ ਨੂੰ।
ਮਾਰਕੇ ਢੇਰੀ ਕਰਤਾ, ਇੱਕ-ਇੱਕ ਨੇ ਨੱਬਿਆਂ ਨੂੰ।
ਵਾਹਣਾਂ ਵਿੱਚ ਜੋੜੀ ਜਾਂਦੇ, ਥੱਬਿਆਂ ਨੂੰ ਪਰ-ਥੱਬਿਆਂ ਨੂੰ।
ਗਰਦਨਾਂ ਕਟ-ਕਟ ਸਿਟ੍ਹ ਤੇ, ਚਿਣਤੇ ਸਿਰਛੌਰ ਤੇ।
ਮਾਰਿਆ ਇਕ ਸਿੰਘ ਨੇ ਸੌ ਨੂੰ, ਲੜ ਕੇ ਚਮਕੌਰ ਤੇ।

(5)

ਹੱਥਾਂ ਪਰ ਵੱਢਣ ਦੰਦੀਆਂ, ਘੂਰਾਂ ਦੇ ਘੂਰ ਤੇ।
ਦੌੜਗੀਆਂ ਸ਼ਾਹੀ ਫ਼ੌਜਾਂ, ਖੜ੍ਹਗੀਆਂ ਸਨ ਦੂਰ ਤੇ।

ਮੈਲ਼ੇ ਦੇ ਖਾਲ਼ੇ ਚਲਗੇ, ਛੱਪੜ 'ਜ੍ਹੇ ਪੂਰ ਤੇ।
ਦੇਖੇ ਦਸ਼ਮੇਸ਼ ਜੰਗ ਨੂੰ, ਚੜ੍ਹ ਕੇ ਤੇ ਛੱਤਣ ਤੇ।
ਭਜ ਕੇ ਤੇ ਖ਼ਾਨ ਬਜੀਦਾ, ਖੜ੍ਹ ਗਿਆ ਜਾ ਪੱਤਣ ਤੇ।
0 ਢਾਲ਼ਾਂ ਦੇ ਉੱਪਰ ਝੱਲ ਦੇ, ਦੁਸ਼ਮਣ ਦਿਆਂ ਵਾਰਾਂ ਨੂੰ।
ਹਿੱਕ ਦੇ ਵਿਚ ਗੇੜਾ ਦੇ ਕੇ, ਖੋਭਣ ਤਲਵਾਰਾਂ ਨੂੰ।
ਸਿੰਘਾਂ ਲੜ ਰਾਜ਼ੀ ਕਰਤਾ, ਸੱਚੀਆਂ ਸਰਕਾਰਾਂ ਨੂੰ।
ਧਰਦੇ ਪੱਬ ਸੰਭਲ-ਸੰਭਲ ਕੇ, ਲੜਦੇ ਇਸ ਤੌਰ ਤੇ।
ਮਾਰਿਆ ਇੱਕ ਸਿੰਘ ਨੇ ਸੌ ਨੂੰ, ਲੜ ਕੇ ਚਮਕੌਰ ਤੇ।

(6)

ਸਤਿਗੁਰ ਦੀ ਜ਼ਿੰਦਗੀ ਚਾਹੀਏ, ਹਾੜਨਗੇ ਵੱਟੇ ਜੀ।
ਦੁਸ਼ਮਨ ਦੇ ਗਲ਼ ਵਿੱਚ ਲਟਕਣ, ਲਾਹਣਤ ਦੇ ਫੱਟੇ ਜੀ।
ਲੜ ਕੇ ਸ਼ਹੀਦੀ ਪਾਗੇ, ਜੱਗ 'ਤੇ ਜਸ ਖੱਟੇ ਜੀ।
ਜਦੋਂ ਤੀਕ ਦੁਨੀਆਂ ਰਹਿਣੀ ਚੇਤੇ ਗੱਲ ਰੱਖਣਗੇ।
ਸੁਰਗਾਂ ਵਿੱਚ ਜਾ ਕੇ ਚੇਹਰੇ, ਲਾਲਾਂ ਵਾਂਗ ਭੱਖਣਗੇ
0 ਭਾਰਤ ਆਜ਼ਾਦ ਕਰਕੇ, ਏਥੇ ਹੱਲ ਬੌਹਣਗੇ।
ਕਣਕਾਂ ਨੂੰ ਬੀਜਣ ਏਥੇ ਮੰਡਲੀਆਂ ਗੌਹਣਗੇ।
ਜਿਹੜੇ ਸਿੰਘ ਜਿਉਂਦੇ ਰਹਿਗੇ, ਵਾਰੀਆਂ ਲਾਹੁਣਗੇ।
'ਬਾਬੂ ਜੀ' ਹਮਲਾ ਕਰਕੇ, ਗ਼ਜ਼ਨੀ ਤੇ ਗ਼ੌਰ ਤੇ।
ਮਾਰਿਆ ਇੱਕ ਸਿੰਘ ਨੇ ਸੌ ਨੂੰ, ਲੜ ਕੇ ਚਮਕੌਰ ਤੇ।

॥ ਦੋਹਿਰਾ ॥

ਸਤਿਗੁਰ ਕਹਿੰਦੇ ਪਾ ਦਿਓ, ਵਾਂਗ ਲਟੈਣਾਂ ਚੀਰ।
ਸੂਰਮਿਆਂ ਨੇ ਕੱਢਤੀ, ਜੰਗ ਦੀ ਲਾਲ ਲਕੀਰ।

ਮੁਕੰਦ ਛੰਦ-9

(1)

ਪਿਤਾ ਕਹੇ ਪਿਆਰ ਦੇ ਅਜੀਤ ਸਿੰਘ ਨੂੰ,
ਕੱਢ ਪੁੱਤ ਵਿੰਗੇ ਮੁਗਲਾਂ ਦੇ ਵਿੰਗ ਨੂੰ।
ਸੁੱਚਾ ਸੂਟ ਸਜੇ ਪਤਲੇ ਪਤੰਗ ਤੇ ,
ਗੁਰਾਂ ਨੇ ਬੱਗੇ ਸ਼ੇਰ ਨੂੰ ਚੜ੍ਹਾ 'ਤਾ ਜੰਗ ਤੇ।

ਸੂਬਾ ਪਲ ਵਿੱਚ ਬਦਲੇ ਕਾਂਟੇ, ਲਾਲ ਅੱਖੀਆਂ ਕਢ ਕਢ ਡਾਂਟੇ,
ਲਖ ਦਲ 'ਚੋਂ ਪੰਜ ਸੌ ਛਾਂਟੇਂ, ਭਰੇ ਖ਼ਾਨ ਪਠਾਣ ਗੁਮਾਨਾਂ ਦੇ।
ਦਿੱਤਾ ਕਰ ਫਾਟਕ ਪਰ ਹਮਲੇ ਨੂੰ, ਪੈਗੇ ਜ਼ੋਰ ਕੰਧਾਰੀ ਖ਼ਾਨਾਂ ਦੇ।

(2)

ਅਫ਼ਗਾਨ ਥਮ੍ਹਲਿਆਂ ਵਰਗੇ, ਜੁਆਨ ਨਾਲ ਹਰਖ ਦੇ ਭਰਗੇ,
ਉੱਠ ਗੜ੍ਹੀ ਵੱਲ ਮਾਰਚ ਕਰਗੇ, ਜ਼ੋਰ ਦੇ ਲਿਆ ਬਦਲਾਂ ਗਰਜਣ ਤੇ।
ਜੰਗ ਮੱਘ ਗਿਆ ਜਿਉਂ ਕੁਰਛੇਤਰ ਦਾ, ਜਿਵੇਂ ਚੜ੍ਹੇ ਦਰੋਣਾ ਅਰਜਨ ਤੇ।
ਸ਼ੇਰਾਂ ਬੋਲ ਜੈਕਾਰੇ ਮੰਦਰੋਂ, ਆਏ ਤੀਰ ਚਲੌਂਦੇ ਅੰਦਰੋਂ,
ਪਾੜੇ ਪੋਲੇ ਮਾਸ 'ਚੋਂ ਚਕੰਦਰੋਂ, ਰੁਕੇ ਕਦਮ ਪਹਾੜੀ ਸਾਨ੍ਹਾਂ ਦੇ।
ਦਿੱਤਾ ਤੋੜ ਕਿਲੇ ਦੇ ਫਾਟ ਨੂੰ, ਪੈਗੇ ਜ਼ੋਰ ਕੰਧਾਰੀ ਖ਼ਾਨਾਂ ਦੇ।

(3)

ਕਰੇ ਹਮਲੇ ਪਠਾਣਾਂ ਤਿੜਕੇ, ਮਾਰ ਟੱਕਰਾਂ ਵਿਖਾ ਦਿਉ ਭਿੜਕੇ,
ਖੜ੍ਹਾ ਖ਼ਾਨ ਬਜੀਦਾ ਝਿੜਕੇ, ਲੱਗਾ ਮੁੜ-ਮੁੜ ਦੇਣ ਮਰੋੜਿਆਂ ਨੂੰ।
ਡਰ ਘੋੜੇ ਤੁਰਨ ਅਗਾਂਹਾ ਨਾ, ਲੱਗੇ ਚਾਬਕ ਮਾਰਨ ਘੋੜਿਆਂ ਨੂੰ,
ਗੁੱਸਾ ਕਰਨ ਨਿਹੰਗ ਦੀਵਾਨੇ, ਖਿੱਚ ਧਨੁਸ਼ ਲਗੌਣ ਨਸ਼ਾਨੇ।
ਮੀਂਹ ਵਾਂਗਰ ਵਰ੍ਹਦੇ ਕਾਨੇ, ਹੋਗੇ ਸੁਰਖ਼ ਕਲਰ ਅਸਮਾਨਾਂ ਦੇ।
ਦਿੱਤਾ ਤੋੜ ਕਿਲੇ ਦੇ ਫਾਟਕ ਨੂੰ, ਪੈਗੇ ਜ਼ੋਰ ਕੰਧਾਰੀ ਖ਼ਾਨਾਂ ਦੇ।

(4)

ਜੂੰ ਦੀ ਤੋਰ ਵੱਧ ਤੁਰੀ ਗਈ ਸੈਣਾ, ਖਾਨ ਪਾੜੇ ਵਾਂਗ ਲਟੈਣਾਂ,
ਪੈਗੀ ਭਾਂਜ ਟੁੱਟਗੀਆਂ ਲੈਣਾਂ, ਲੱਗੇ ਦੇਣ ਹਲੂਣੇ ਫਾਟਕ ਨੂੰ।
ਪਿੱਛੇ ਲੁਕਦੇ ਫਿਰਨ ਪਹਾੜੀ ਜੇ, ਪਾਕੇ ਆਪ ਨਲੈਕਾਂ ਪਾਟਕ ਨੂੰ।
ਹੱਥ ਸੂਰਮਿਆਂ ਦੇ ਜੁੜਦੇ, ਗਜ਼ ਗਜ਼ ਤੋਂ ਵੱਧ ਵੱਧ ਮੁੜਦੇ,
ਸੀਸ ਫਿਰਨ ਗੇਟ ਪਰ ਰੁੜ੍ਹਦੇ, ਰਹੇ ਰਹੀਂ ਨਮੂਜ ਦਲਾਨਾਂ ਦੇ,
ਦਿੱਤਾ ਤੋੜ ਕਿਲੇ ਦੇ ਫਾਟਕ ਨੂੰ, ਪੈਗੇ ਜ਼ੋਰ ਕੰਧਾਰੀ ਖ਼ਾਨਾਂ ਦੇ।

(5)

ਸ਼ਾਹੀ ਫ਼ੌਜਾਂ ਹੋਈਆਂ ਢਿੱਲੀਆਂ, ਰਲੇ ਸਿੰਧ ਕਲਕੱਤਾ ਦਿੱਲੀਆਂ,
ਆਈਆਂ ਬੱਬਰ ਡਰਾਵਣ ਬਿੱਲੀਆਂ, ਭਾਰਾ ਕੱਠ ਜਿਹਾ ਮਾਰਨ ਗੇਟਾਂ ਤੇ।
ਆਹ ਜੁੱਧ ਮੁੜ ਮੁੜਕੇ ਹੋਣੇ ਨਾ, ਮੇਰੇ ਲਿਖ ਲੋ ਹਰਫ਼ ਸਲੇਟਾਂ ਤੇ।
ਆਹ ਧਨ ਦੀ ਭਾਰਤ-ਵਰਸ਼ ਐ, ਮਾਰ ਧੜਾਂ ਦੇ ਵਛਾਤੇ ਫ਼ਰਸ਼ ਐ,

ਵੇਖ ਰੱਬ ਦਾ ਕੰਬ ਗਿਆ ਅਰਸ਼ ਐ, ਪਿੰਡਿਉਂ ਖੁੱਲ੍ਹ ਗਏ ਮੋਘ ਜਵਾਨਾਂ ਦੇ।
ਦਿੱਤਾ ਤੋੜ ਕਿਲੇ ਦੇ ਫਾਟਕ ਨੂੰ, ਪੈਗੇ ਜ਼ੋਰ ਕੰਧਾਰੀ ਖ਼ਾਨਾਂ ਦੇ।

(6)

ਤੇਗ਼ਾਂ ਵਜ-ਵਜ ਖੜ੍ਹਕਣ ਲੱਗੀਆਂ, ਰੱਤ ਡੁੱਲ੍ਹ-ਡੁੱਲ੍ਹ ਨਹਿਰਾਂ ਵੱਗੀਆਂ,
ਹੋਣੀ ਪੀਗੀ ਭਰ-ਭਰ ਮੱਘੀਆਂ, ਖਾ ਲਿਆ ਖੰਡਿਆਂ ਰਜ-ਰਜ ਮਾਸਾਂ ਨੂੰ।
ਫੜ ਦਾਣਿਆਂ ਵਾਂਗੂੰ ਦਲ ਤੇ ਐ, ਸਗਿੁਰ ਨੇ ਜੋੜ ਖ਼ਰਾਸਾਂ ਨੂੰ।
ਗੁਰ ਸਿੱਖ ਪਹਾੜੋਂ ਕਲ੍ਹ ਲਿਆ, ਚਮਕੌਰ ਗੜ੍ਹੀ ਨੂੰ ਮੱਲ ਲਿਆ,
ਬਾਹਰ ਨਿਕਲ ਸੁਨੇਹਾ ਘੱਲ ਲਿਆ, 'ਬਾਬੂ ਖ਼ਾਨ' ਵਜੀਦ ਤਰਾਨਾ ਦੇ।
ਦਿੱਤਾ ਤੋੜ ਕਿਲੇ ਦੇ ਫਾਟਕ ਨੂੰ, ਪੈਗੇ ਜ਼ੋਰ ਕੰਧਾਰੀ ਖ਼ਾਨਾਂ ਦੇ।

॥ ਦੋਹਿਰਾ ॥

ਗੋੜਾ ਦੇ ਕ੍ਰਿਪਾਨ ਨੂੰ, ਗਲ ਵਿੱਚ ਦੀ ਖਿੱਚ ਲੈਣ।
ਭਾਰੇ ਜੁਆਨ ਕੰਧਾਰ ਦੇ, ਵਾਂਗ ਬੁਰਜੀਆਂ ਢੈਣ।

ਝੋਕ ਛੰਦ—8

(1)

ਡਿਉੜ੍ਹੀ ਦੇ ਬਾਹਰ ਜੰਗ ਜ੍ਹੇ, ਮਘਗੇ ਘਮਸਾਨ ਦੇ।
ਫਿਰਦੀਆਂ ਸ਼ਾਹੀ ਫ਼ੌਜਾਂ, ਵਾਂਗਰਾਂ ਆਹਣ ਦੇ।
ਆਉਂਦੇ ਸਨ ਤੀਰ ਸ਼ੂਕਦੇ, ਪਿੰਡਿਆਂ ਨੂੰ ਛਾਣ ਦੇ।
ਵਰਮੀ 'ਚੋਂ ਮੁਸ਼ਕਲ ਦੀਂਹਦਾ, ਉੱਡਣਾ-ਸੱਪ ਫੜਨਾ ਹੈ।
ਮੌਤ ਨੂੰ ਚੈਲੰਜ ਦੇਣਾ, ਸਤਿਗੁਰ ਨਾਲ ਲੜਨਾ ਹੈ।
0 ਓਧਰ ਨੂੰ ਮੂੰਹ ਨਾ ਕਰਦੇ, ਡਰਦੇ ਪਏ ਪਾਪੀ ਜੀ।
ਅੰਦਰ ਸਰਦਾਰ ਲੋਂਦੇ, ਥਾਪੀ ਤੇ ਥਾਪੀ ਜੀ।
ਹਿੰਦ ਨੂੰ ਆਜ਼ਾਦ ਕਰਾਉਂਦੇ, ਸਤਿਗੁਰ ਪਰਤਾਪੀ ਜੀ।
ਵਾਰਨ ਹਮਰੈਤੀ ਜਾਨਾ, ਸਤਿਗੁਰ ਦਲੌਰ ਤੇ।
ਮਾਰਿਆ ਇੱਕ ਸਿੰਘ ਨੇ ਸੌ ਨੂੰ, ਲੜਕੇ ਚਮਕੌਰ ਤੇ।

(2)

ਢਾਲ਼ ਕਿਰਪਾਨਾ ਗੱਭਰੂ, ਹੱਥ ਦੇ ਵਿੱਚ ਫੜਗੇ ਐ।
ਤਿਆਰ ਪੁਰ-ਤਿਆਰ ਹੋ ਕੇ, ਗੁਰ ਦੇ ਸਿੱਖ ਖੜ੍ਹਗੇ ਐ।
ਬਾਹਰ ਲਲਕਾਰੇ ਵਜਦੇ, ਹਰਖ ਜ੍ਹੇ ਚੜ੍ਹਗੇ ਐ।
ਸਤਿਗੁਰੁ ਪ੍ਰਚਾਰ ਕਰਦੇ, ਕੌਮੀ ਪਰਵਾਨਿਆਂ ਨੂੰ।
ਤਰਕਸ਼ ਵਿੱਚ ਬਾਣ ਪਾਲੋ, ਕਰਲੋ ਬੰਦ ਕਾਨਿਆਂ ਨੂੰ।

(6)

ਸਿਰੋਂ ਖੱਲ਼ ਮਾਰਕੇ ਨਸ਼ਾਨੇ ਪੱਟਤੀ। ਢੇਰ ਲਾਤੇ ਲੋਥਾਂ ਦੇ ਜ਼ਮੀਨ ਅੱਟਤੀ।
ਮਾਰ ਬਾਹਰ ਕੱਢਤੇ ਡੱਡਿਆਂ 'ਚੋਂ ਛੋਲੀਏ। ਪੀ ਲੈ ਰੱਤ ਰੱਜਕੇ ਜ਼ਮੀਨੇ ਭੋਲੀਏ।
ਦੋਜ਼ਖ਼ਾਂ ਦੀ ਸਜ਼ਾ ਜਾਂ ਸੁਣਾਈ ਰੱਬ ਨੇ। ਭਾਲ਼ ਦਾ ਫਿਰੇਂਗਾ ਨਾ ਹਿਮੈਤੀ ਲੱਭਣੇ।
'ਰਜਬਲੀ ਖ਼ਾਨ' ਮਿਲੇ ਨਾ ਜਮਾਨਤੀ। ਬਾਣਾਂ ਦੀ ਪਠਾਣਾਂ ਤੇ ਕਨਾਤ ਤਾਣਤੀ।

॥ ਦੋਹਰਾ ॥

ਬੜੇ ਜਵਾਨ ਨਸ਼ਾਨਚੀ, ਲੌਣ ਧਨਸ਼ ਨਾਲ ਬਾਣ।
ਬਾਹਾਂ ਡੌਲੇ ਪਾੜਤੇ, ਲਿਟਦੇ ਫਿਰਨ ਪਠਾਣ।

ਮੁਕੰਦ ਛੰਦ-6

(1)

ਮਾਰੇ ਬੇਸ਼ੁਮਾਰ ਨਾ ਕਰੀਦੀ ਗਿਣਤੀ,
ਫੜ ਬੱਗੇ ਪੱਥਰ ਪਹਾੜੀ ਚਿਣਤੀ।
ਐਵੇਂ ਢਿੱਲੇ ਢੌਲ ਤੇ ਲੱਗਣ ਡੱਗੇ ਪਏ,
ਕਿਲੇ ਤੋਂ ਬਾਹਰ ਲੋਥਾਂ ਦੇ ਮੁਹਾਰੇ ਲੱਗੇ ਪਏ।

(2)

ਲਹੂ ਨਾਲ ਨੇੜੇ ਦੇ ਡੱਕਲੇ ਵਾਹਣ ਪਏ,
ਇੱਕ-ਇੱਕ ਝਾੜ 'ਚ ਸਤਾਰਾਂ ਖ਼ਾਨ ਪਏ।
ਡਿੱਗੇ ਬਾਈ-ਧਾਰਾ ਦੇ ਪਠਾਣਾਂ ਸੱਗੇ ਪਏ,
ਕਿਲੇ ਤੋਂ ਬਾਹਰ ਲੋਥਾਂ ਦੇ ਮੁਹਾਰੇ ਲੱਗੇ ਪਏ।

(3)

ਪਿਲਸੀ 'ਚ ਵੜਗੇ ਖੁੱਭਣ ਖੁੰਘੀਆਂ,
ਲੀਰ-ਲੀਰ ਹੋਂਗੀਆਂ ਪਿਸ਼ੌਰੀ ਲੁੰਗੀਆਂ।
ਕੰਨ ਕੋਲ਼ੇ ਲਹੂ ਦੇ ਘੁਰਾਲ ਵੱਗੇ ਪਏ,
ਕਿਲੇ ਤੋਂ ਬਾਹਰ ਲੋਥਾਂ ਦੇ, ਮੁਹਾਰੇ ਲੱਗੇ ਪਏ।

(4)

ਪਿਛਾਂਹ ਨੂੰ ਰਿਛਕਗੇ ਵਧਣ 'ਗਾਹਾਂ ਨਾ,
ਔਂਦੀਆਂ ਅਵਾਸੀਆਂ ਥਿਉਣ ਚਾਹਾਂ ਨਾ।
ਦੂਰੋਂ ਸੇਕ ਮਾਰਦਾ ਚੰਗਿਆੜੇ ਦੱਗੇ ਪਏ,
ਕਿਲੇ ਤੋਂ ਬਾਹਰ ਲੋਥਾਂ ਦੇ ਮੁਹਾਰੇ ਲੱਗੇ ਪਏ।

(5)

ਖੁੱਡਾਂ 'ਚੋਂ ਨਿਕਲ ਕੇ ਬਾਹਰ ਲੁਕੇ ਨਾ,
ਚੁੱਪ ਵੱਟੀ ਬੈਠੇ ਬੜਕੌਂਦੇ ਹੁੱਕੇ ਨਾ।
ਮੋਟੇ ਢਿੱਡ ਮੁੱਢ ਤੋਂ ਪਿੱਪਲ ਖੱਗੇ ਪਏ,
ਕਿਲੇ ਤੋਂ ਬਾਹਰ ਲੋਥਾਂ ਦੇ ਮੁਹਾਰੇ ਲੱਗੇ ਪਏ।

(6)

ਠੌਕੇ ਨਾਸੀਂ ਚੁੱਟਕੇ ਪੁੜੀ ਜ਼ੀ ਖੋਲਲੀ,
ਨਸਵਾਰ ਲਾਲ ਦਾੜ੍ਹੀਆਂ ਤੇ ਡੌਲ਼ੀ।
ਖੱਟੇ ਰੰਗ ਰੰਗੇ ਗਏ ਲਬੇੜੇ ਝੱਗੇ ਪਏ,
ਕਿਲੇ ਤੋਂ ਬਾਹਰ ਲੋਥਾਂ ਦੇ ਮੁਹਾਰੇ ਲੱਗੇ ਪਏ।

(7)

ਗੜ੍ਹੀ ਵਿੱਚ ਸੁਣਦੇ ਨਿਹੰਗ ਰਿੰਗਦੇ,
ਭੱਜੇ ਜਾਂਦੇ ਗੁਥਲੇ ਗੁਮਾਕੇ ਹਿੰਗ ਦੇ।
ਅੱਗੇ ਤੜ੍ਹਾਂ ਮਾਰਦੇ ਬੱਥਰ ਬੱਗੇ ਪਏ,
ਕਿਲੇ ਤੋਂ ਬਾਹਰ ਲੋਥਾਂ ਦੇ ਮੁਹਾਰੇ ਲੱਗੇ ਪਏ।

(8)

'ਬਾਬੂ' ਲੱਗ ਗੁਰਾਂ ਦੇ ਮਗਰ ਸਾਂਝ ਦੇ,
'ਕੱਲ੍ਹਾ ਰਾਸ਼ਾ ਮਾਸ ਦੀ ਕੁਨਾਲੀ ਮਾਂਜਦੇ।
ਹੁੰਦੇ ਐਸ ਵੇਲੇ ਨੂੰ ਲਬੇੜੇ ਝੱਗੇ ਪਏ,
ਕਿਲੇ ਤੋਂ ਬਾਹਰ ਲੋਥਾਂ ਦੇ ਮੁਹਾਰੇ ਲੱਗ ਪਏ।

॥ ਦੋਹਿਰਾ ॥

ਖ਼ਾਨ ਬਜੀਦਾ ਛਿਛਕਰੇ, ਵਧਗੇ ਅਗਾਂਹ ਪਠਾਣ।
ਲੜਨ ਕਿਲੇ ਦੇ ਬਾਹਰ ਤੇ, ਲੜ-ਲੜ ਗਿਰਦੇ ਜਾਣ।

ਕਮਾਣੀ ਛੰਦ-7

(1)

ਸਿੰਘ ਜੁਆਨ ਬਹਾਦਰ ਭਾਰੇ, ਲੜ ਸੀਸ ਧਰਮ ਤੋਂ ਵਾਰੇ,
ਅਣਗਿਣਤ ਚੁਗੱਤੇ ਮਾਰੇ, ਆਈ ਹੌਸ਼ ਤਤਾਰੀ ਕਮਲੇ ਨੂੰ।
ਅੱਗੇ ਕਰਦਾ ਸ਼ਿਸਕਰ ਸ਼ਿਸ਼ਕਰ ਕੇ, ਦੇਵੇ ਕਰ ਫਾਟਕ ਪਰ ਹਮਲੇ ਨੂੰ।

(5)

ਵੈਰੀ ਆਉਂਦੇ ਹੋਣਗੇ ਜੀ,
ਫ਼ੌਜ ਲੈ ਸਾਰੀ, ਕਰਲੀਏ ਤਿਆਰੀ,
ਮਸਾਂ ਰੱਬ ਭੇਜੇ, ਤਾਣ ਲੌ ਨੇਜ਼ੇ,
ਮਾਰ ਕੇ ਦੂਰੋਂ, ਛਾਤੀਆਂ ਚੀਰੋ।
ਮੁੜ ਜਮਣਾਂ ਜੱਗ ਤੇ ਨਾ,
ਕਰਨ ਲੌਕ ਚੇਤੇ, ਉਡਾ ਦਿਉ ਰੇਤੇ,
ਮੰਡਲੀਆਂ ਲਾ ਦਿਉ, ਗੁਰਾਂ ਦਿਉ ਵੀਰੋ।
0 ਅਸੀਂ ਮੰਗਦੇ ਆਜ਼ਾਦੀ ਜੀ,
ਕਰੀ ਤੰਗ ਏਸ, ਦੀ 'ਰੇਸ',
ਰੱਖਣਗੇ ਸ਼ਰਮ, ਕਰਨਗੇ ਧਰਮ,
ਕਰਨੀਆਂ ਛਾਵਾਂ, ਸਰਦ-ਸ਼ਰੀਹਾਂ।
ਰਹੇ ਗਰਜ ਬਹਾਦਰ ਜੀ,
ਜਾਣ ਬਾਣ ਘੁਕਦੇ, ਤੜ੍ਹਾ ਮਾਰ ਬੁੱਕਦੇ,
ਗੜ੍ਹੀ ਵਿੱਚ ਪੱਟ ਲੇ, ਘੋਰਨੇ ਸ਼ੀਹਾਂ।

(6)

ਪਹਿਲਾਂ ਧਨੁਸ਼ ਉਠਾਲੋ ਜੀ,
ਆਉਣ ਜਬ ਸਿਆਲ਼, ਸ਼ਮੀਰਾ ਨਾਲ,
ਜਿਵੇਂ ਖ਼ਾਨ ਮਿਰਜ਼ੇ, ਉਡਾ 'ਤੇ ਸਿਰ ਜੇ,
ਫਿਰੇ ਰੱਤ ਵਗਦੀ, ਫ਼ਰਸ਼ 'ਜ੍ਹੇ ਭਿਉਣੇਂ।
'ਬਾਬੂ' ਮੌਜਾਂ ਮਾਣੀਆਂ ਜੀ,
ਬਿਸ਼ਨਪੁਰੇ, ਬੰਗਲੇ, ਮੁਕਤਸਰ ਰੰਗਲੇ,
ਭਾਈ ਕੇ ਚੱਕ, ਢੈ ਪਈ, ਅਖਾੜੇ ਤਿਉਣੇ।
0 ਸਤਿਗੁਰ ਫ਼ਰਮਾਉਂਦੇ ਜੀ,
ਜੁਆਨ ਇੱਕ-ਇਕ ਨੂੰ, ਪਾੜ ਦਿਉ ਹਿੱਕ ਨੂੰ,
ਵਾਰ ਦਉ ਜਿੰਦ ਨੂੰ, ਛੁਡਾ ਲੌ ਹਿੰਦ ਨੂੰ,
ਪੀਰ ਦੀ ਮੰਨਣੀ, ਮੁਰੀਦ-ਪਪੀਹਾਂ।
ਰਹੇ ਗਰਜ ਬਹਾਦਰ ਜੀ,
ਜਾਣ ਬਾਣ ਘੁਕਦੇ, ਤੜ੍ਹਾ ਮਾਰ ਬੁੱਕਦੇ,
ਗੜ੍ਹੀ ਵਿੱਚ ਪੱਟ ਲੇ, ਘੋਰਨੇ ਸ਼ੀਹਾਂ।

॥ ਦੋਹਿਰਾ ॥

ਛਾਲਾਂ ਮਾਰ ਕਿਨਾਰਿਉਂ, ਵੜਗੇ ਬੀਚ ਤੁਰੰਗ।
ਘੇਰਨ ਗੜ੍ਹ ਚਮਕੌਰ ਨੂੰ, ਨੈਂ ਸਰਸਾ 'ਚੋਂ ਲੰਘ।

ਦੋ-ਟੇਕਾ ਛੰਦ-5

(1)

ਸ਼ਾਹੀ ਫ਼ੌਜ ਨਦੀ ਤੇ ਖੜ੍ਹੋ ਗਈ ਆਣ ਕੇ, ਚੜ੍ਹੋ ਯਾਦ ਵੈਰੀ ਨੂੰ ਕਰਾ ਦਿਓ ਨਾਨਕੇ।
ਦੀਂਹਦੇ ਥੋੜ੍ਹੇ ਸਿੰਘ ਹਥਿਆਰ ਖੋਹ ਲੀਏ। ਪੀ ਲੈ ਰੱਤ ਰੱਜ ਕੇ ਜ਼ਮੀਨੇਂ ਭੋਲੀਏ।
ਦੇਖਕੇ ਨਸ਼ਾਨ ਘੋੜਿਆਂ ਦੇ ਪੈਰਾਂ ਦੇ। ਲੱਗੇ ਉਤੇ ਚਾਬਕ ਵਰ੍ਹਨ ਟੈਰਾਂ ਦੇ।
ਪੱਤਣਾਂ ਤੋਂ ਫ਼ੌਜ ਲੰਘਗੀ ਅਮਾਣਤੀ। ਬਾਣਾਂ ਦੀ ਪਠਾਣਾਂ ਤੇ ਕਨਾਤ ਤਾਣਤੀ।

(2)

ਆਗੇ ਬਾਈ ਧਾਰਾਂ ਤੇ ਤਾਤਾਰੀ ਬਾਰ੍ਹ ਜਾਂ। ਵੇਖੇ ਸਰਦਾਰਾਂ ਨੇ ਨਜ਼ਰ ਮਾਰ ਜਾਂ।
ਕਿਲਿਉਂ ਤੀਰ ਔਂਦੇ ਉੱਡਣੇ ਸਪੋਲੀਏ। ਪੀ ਲੈ ਰੱਤ ਰੱਜਕੇ ਜ਼ਮੀਨੇਂ ਭੋਲ਼ੀਏ।
ਨਦੀ ਲੰਘ ਪਹੁੰਚਗੇ ਨਿਸਫ਼ ਕੋਸ 'ਤੇ ਮੀਂਹ ਜੇ ਲੱਗੇ ਤੀਰਾਂ ਦੇ ਵਰ੍ਹਨ ਓਸ ਤੇ।
ਛਾਤੀ ਤਿੱਖਿਆਂ ਤੀਰਾਂ ਨੇ ਕਈਆਂ ਦੀ ਛਾਣਤੀ। ਬਾਣਾਂ ਦੀ ਪਠਾਣਾਂ ਤੇ ਕਨਾਤ ਤਾਣਤੀ।

(3)

ਕਾਬਲੀ ਪਠਾਣ ਜਾਂ ਜ਼ਰਾ ਕੁ ਵੱਧ ਲੇ। ਨੇੜੇ ਹੋ ਕੇ ਮਾਰਕੇ ਅਵਾਜ਼ਾਂ ਸੱਦ ਲੇ।
ਮਾਰ-ਮਾਰ ਕੱਢੇ ਡੱਡਿਆਂ 'ਚੋਂ ਛੋਲੀਏ। ਪੀ ਲੈ ਰੱਤ ਰੱਜਕੇ ਜ਼ਮੀਨੇਂ ਭੋਲੀਏ।
ਖੋਲ੍ਹ ਦਿੱਤੇ ਮੋਘਰੇ ਵਚਾਲੇ ਪੇਟ ਦੇ। ਸੂਲ਼ ਵਾਲਿਆਂ ਵਾਂਗਰਾਂ ਪਠਾਣ ਲੇਟਦੇ।
ਝਾੜਾਂ ਪਿੱਛੇ ਲੁਕ ਗਿਆ ਬਜੀਦ ਲਾਨ੍ਹਤੀ। ਬਾਣਾਂ ਦੀ ਪਠਾਣਾਂ ਤੇ ਕਨਾਤ ਤਾਣਤੀ।

(4)

ਆਕੇ ਸ਼ਾਹੀ ਫ਼ੌਜ ਨੇ ਚੌਫੇਰਾ ਵਲ ਲਿਆ। ਮਘੇ ਜੰਗ ਭਾਂਬੜ ਉਦਾਲ਼ੇ ਵਲ਼ ਲਿਆ।
ਆਜ਼ਾ ਨ੍ਹਾ ਲੈ ਅੱਗ 'ਚ ਚੰਡਾਲੇ ਹੋਲ਼ੀਏ। ਪੀ ਲੈ ਰੱਤ ਰੱਜਕੇ ਜ਼ਮੀਨੇ ਭੋਲ਼ੀਏ।
ਮੋਰਚਿਆਂ 'ਚੋਂ ਮਾਰਦੇ ਨਿਹੰਗ ਕਾਨੀਆਂ। ਛਾਤੀਆਂ 'ਚ ਮਾਰ ਪਾਤੀਆਂ ਨਸ਼ਾਨੀਆਂ।
ਇੱਕ ਵਾਰੀ ਸਿੰਘਾਂ ਪਟਮੇਲ੍ਹੀ ਲਿਆਣਤੀ। ਬਾਣਾਂ ਦੀ ਪਠਾਣਾਂ ਤੇ ਕਨਾਤ ਤਾਣਤੀ।

(5)

ਨੇੜੇ ਬਾਈ-ਧਾਰਾ ਦੇ ਢੁੱਕਣ ਦੂਜੇ ਵੀ। ਮਾਰ ਜੜ੍ਹੋਂ ਪੱਟਤੇ ਪਹਾੜੀ ਬੂਝੇ ਵੀ।
ਜਾਂਵਦੀ ਫ਼ਸਲ 'ਚ ਖਿੱਲਰ ਪੋਹਲ਼ੀਏ। ਪੀ ਲੈ ਰੱਤ ਰੱਜਕੇ ਜ਼ਮੀਨ ਭੋਲ਼ੀਏ।
ਝੂਠੀ ਖਾ ਸੌਗੰਧ ਚੱਕ ਲਿਆ ਮੁਹਾਸਰਾ। ਰਹਿ ਗਿਆ ਸੱਚੇ ਗੁਰੂ ਨੂੰ ਸੱਚੇ ਦਾ ਆਸਰਾ।
ਪਿੱਛੇ ਲਾਤੇ ਖ਼ਾਨ ਨਾ ਰਸਦ ਖਾਣਤੀ। ਬਾਣਾਂ ਦੀ ਪਠਾਣਾਂ ਤੇ ਕਨਾਤ ਤਾਣਤੀ।

ਬਹੱਤਰ ਕਲਾ ਛੰਦ-4

(1)

ਦਸ਼ਮੇਸ਼ ਗੁਰਾਂ ਨੇ ਜੀ,
ਤੇਜ 'ਜ੍ਹੇ ਘੋੜੇ, ਦਰਿਆ ਵੱਲ ਮੋੜੇ,
ਮਾਰ ਕੇ ਛਾਲਾਂ, ਬਣਾਲੀਆਂ ਪਾਲਾ
ਨਿਕਲ ਕੇ ਬਾਹਰ, ਨਚੋੜੇ ਕੱਪੜੇ।
ਘਟ ਸੌ ਦੇ ਨਾਲੋਂ ਜੀ,
ਬੜੇ ਬਲਵਾਨ, ਕਾਰਮੇ ਜੁਆਨ,
ਪੰਜਾਹ ਸੱਠ, ਸੱਤਰ, ਗੜ੍ਹੀ ਵਿੱਚ ਅੱਪੜੇ।
0 ਕਿਲਾ ਬਹੁਤ ਪੁਰਾਣਾ ਜੀ,
ਫਟੇ ਪਏ ਥੰਮ 'ਜ੍ਹੇ, ਰਹਿਣ ਵਿੱਚ ਜਮ 'ਜ੍ਹੇ,
ਦੇਵਾਂ ਦੇ ਵਾਸੇ, ਉਜਾੜਾਂ ਪਾਸੇ,
ਭੇੜ ਕੇ ਗੇਟ ਕਰਨ ਬੰਦ ਵੀਹਾਂ।
ਰਹੇ ਗਰਜ ਬਹਾਦਰ ਜੀ,
ਜਾਣ ਬਾਣ ਘੁਕਦੇ, ਤੜ੍ਹਾਂ ਮਾਰ ਬੁਕਦੇ।
ਗੜ੍ਹੀ ਵਿੱਚ ਪੱਟ ਲੇ ਘੋਰਨੇ ਸ਼ੀਂਹਾਂ।

(2)

ਲਾ ਲੇ ਕੰਧਾਂ ਨੂੰ ਢਾਸਣੇ ਜੀ,
ਦੁਖਦੀਆਂ ਵੱਖੀਆਂ ਮਿਚਣ ਨਾ ਅੱਖੀਆਂ,
ਚੜ੍ਹੇ ਤਰਥੋਲੇ, ਕਮਰ-ਕੱਸੇ ਖੋਹਲੇ
ਕੇਸ ਬਹਿ ਵਾਹੁੰਦੇ, ਨੀਂਦ ਕੀ ਆਉਣੀ ?
ਬੈਠੇ ਸ਼ਬਦ ਪੜ੍ਹੀ ਗਏ ਜੀ,
ਕਈਆਂ ਦੇ ਸਾਹ ਪੀ, ਮਾਰਦੇ ਥਾਪੀ,
ਰੌਣਕਾਂ ਲੱਗੀਆਂ, ਗੁਰੂ ਕੀ ਛਾਉਣੀ।
0 ਚੌਲ਼ੇ ਖੜ੍ਹੇ ਨਚੋੜਣ ਜੀ,
ਬੜੇ ਵੱਟ ਚਾੜ੍ਹੇ, ਮੌਤ ਦੇ ਲਾੜੇ,
ਫਰਕਦੇ ਬਾਜ਼ੂ, ਵਜੀਦਾ ਆ ਜੂ,
ਪੀਲੋ ਰੱਤ ਰੱਜਕੇ, ਬੁਝਾਲੋ ਤੀਹਾਂ।
ਰਹੇ ਗਰਜ ਬਹਾਦਰ ਜੀ,
ਜਾਣ ਬਾਣ ਘੁਕਦੇ, ਤੜ੍ਹਾਂ ਮਾਰ ਬੁੱਕਦੇ,
ਗੜ੍ਹੀ ਵਿੱਚ ਪੱਟ ਲੇ, ਘੋਰਨੇ ਸ਼ੀਹਾਂ।

(3)

ਰੱਖੇ ਸ਼ਸਤਰ ਲੋਣੇ ਜੀ,
ਢਾਲ ਕਿਰਪਾਨ, ਭੱਥੇ ਤੇ ਬਾਣ,
ਮੁਛਹਿਰੇ ਖਿੱਚਦੇ, ਖੜ੍ਹੇ ਰੋਮ ਗਿਚਦੇ,
ਬੜੇ ਜੁਆਨ ਹਰਖੀ ਲੜ੍ਹੂੰ-ਲੜ੍ਹੂੰ ਕਰਦੇ।
ਵਿੱਚ ਆ ਕੇ ਗੜ੍ਹੀ ਦੇ ਜੀ,
ਰਹੀ ਨਾ ਸਰਦੀ, ਦੌੜਗੀ ਡਰਦੀ,
ਹੌਂਸਲੇ ਵੱਧਗੇ, ਜੋਸ਼ ਨਾਲ ਭਰਦੇ।
0 ਅੱਜ ਮਿਲੇ ਦੁਸ਼ਾਸ਼ਨ ਜੇ,
ਭੀਮ ਸੈਨ ਵਾਂਗ, ਬਾਂਹਾਂ ਨੂੰ ਛਾਂਗ,
ਸਿਰੋਂ ਕੱਢ ਮੈਲਾਂ, ਕਰਦੀਏ ਢੈਲ਼ਾ,
ਮਾਰਕੇ ਗੁਰਜਾਂ, ਕਰਨ ਕਰੀਹਾਂ।
ਰਹੇ ਗਰਜ ਬਹਾਦਰ ਜੀ,
ਜਾਣ ਬਾਣ ਘੁਕਦੇ, ਤੜ੍ਹਾਂ ਮਾਰ ਬੁਕਦੇ,
ਗੜ੍ਹੀ ਵਿੱਚ ਪੱਟ ਲੇ, ਘੋਰਨੇ ਸ਼ੀਹਾਂ।

(4)

ਉੱਚੇ ਬੁਰਜ ਉਸਾਰਨਗੇ,
ਡੇਗ ਕੇ ਰਾਸ਼ੇ, ਲਗਾ ਲੋ ਗਾਛੇ,
ਗੁਰੂ ਦੇ ਸਿੰਘ ਜੇ, ਉਡਾ ਦਿਉ ਜਿੰਘਜ੍ਹੇ,
ਕਾਨੀਆਂ ਮਾਰ, ਰੋਕ ਲੋ ਦੁਰੋਂ।
ਨਦੀ ਸੁਰਖ਼ ਚਲਾ ਦਿਉ ਜੀ,
ਲਹੂ ਕੱਢ ਜਿਸਮੋਂ, ਬੱਬਰ ਦੀਉ ਕਿਸਮੋਂ,
ਕੌਰੂ-ਖੇਤ ਵਾਂਗ, ਖੂਹੇ ਤਾਲ ਪੂਰੋ।
0 ਛਕੇ ਅੰਮ੍ਰਿਤ ਜਬ ਦੇ ਜੀ,
ਨਹੀਂ ਜਿੰਦ ਡਰਦੀ, ਗੁਰੂ ਦੇ ਦਰਦੀ,
ਗੁਰਾਂ ਦੇ ਵਾਹਿਰੂ, ਦੋ ਸੌ ਇੱਕ ਮਾਰੂ,
ਪੈਣਗੀਆਂ ਭਾਜਾਂ, ਕਰਨਗੇ ਲੀਹਾਂ।
ਰਹੇ ਗਰਜ ਬਹਾਦਰ ਜੀ,
ਜਾਣ ਬਾਣ ਘੁਕਦੇ, ਤੜ੍ਹਾਂ ਮਾਰ ਬੁੱਕਦੇ,
ਗੜ੍ਹੀ ਵਿੱਚ ਪੱਟ ਲੇ, ਘੋਰਨੇ ਸ਼ੀਹਾਂ।

(13)
ਬਾਹਰ ਆਕੇ ਹੋਂਗੀਆਂ ਐਲ੍ਹਦਾ ਟੋਲੀਆਂ।
ਚਾਰ ਸਿੱਖ ਮਹਿਲ ਤੇ ਸਮੇਤ ਗੋਲੀਆਂ।

(14)
ਲੱਗੇ ਨਾ ਪੱਤਣ ਤੇ ਖ਼ਬਰ ਬੇੜੀ ਦੀ।
ਗੰਗੂ ਮਾਂ ਦੁਲਾਰੇ ਡੰਡੀ ਪੈਗੇ ਖੇੜੀ ਦੀ।

(15)
ਛਿਪਦੇ ਨੂੰ ਤੁਰੇ ਦਸਮੇਂ ਔਤਾਰ ਥੇ।
ਜੀਤ ਤੇ ਜੁਝਾਰ ਸੌਂ ਕੁ ਅਸਵਾਰ ਥੇ।

(16)
'ਬਾਬੂ' ਜੰਗ ਲਿਖੇ ਚਮਕੌਰ ਗੜ੍ਹ ਦੇ।
ਠਾਣਾ ਜਗਮੇਲ ਲਾ ਪਰੀਤ ਪੜ੍ਹਦੇ।

॥ ਦੋਹਿਰਾ ॥
ਹੋਵੇ ਬਾਰਸ਼ ਕਹਿਰ ਦੀ, ਔਂਦੇ ਚੜ੍ਹੇ ਤੂਫ਼ਾਨ।
ਖਾ ਕੇ ਕਸਮਾਂ ਝੂਠੀਆਂ, ਲੱਗਗੇ ਮਗਰ ਪਠਾਣ।

ਡੂਡਾ ਛੰਦ-3

(1)
ਦਸ਼ਮੇਸ਼ ਰਾਤ ਨੂੰ ਕਿਲੇ ਨੂੰ ਛੋੜਗੇ, ਸਮੇਤ ਪਰਿਵਾਰ ਦੇ।
ਵੈਰੀ ਖਾਕੇ ਕਸਮਾਂ, ਕਸਮ ਤੋੜਗੇ, ਤੇ ਧਰਮ ਹਾਰਦੇ।
ਖੋਲ੍ਹ ਕੇ ਤੇ ਫਾਟਕ ਤਿਆਰ ਹੋ ਚਲੇ, ਚਾਬੀ ਲਾਕੇ ਤਾਲੇ ਦੇ।
ਰਾਤੀਂ ਸ਼ਾਹਸਵਾਰ ਅਸਵਾਰ ਹੋ ਚਲੇ, ਸਫ਼ੈਦ ਬਾਜ਼ਾਂ ਵਾਲ਼ੇ ਦੇ।

(2)
ਵਰਖਾ ਸੇ ਜੁਆਨਾਂ ਦੀ ਪੁਸ਼ਾਕ ਭਿਜਲੀ, ਤੇ ਦੰਦ ਵੱਜੇ ਦੰਦ ਸੇ।
ਕਦੇ ਹੋ ਜੇ ਰੌਸ਼ਨੀ ਚਮਕ ਬਿਜਲੀ, ਤੇ ਨਾ ਚਨੈਣ ਚੰਦ ਸੇ।
ਮਾਰਕੇ ਬੁੱਕਲ ਕਿਲਿਓਂ ਬਾਹਰ ਹੋ ਚਲੇ, ਜਵਾਨ ਭੰਨੇਂ ਪਾਲੇ ਦੇ।
ਰਾਤੀਂ ਸ਼ਾਹਸਵਾਰ ਅਸਵਾਰ ਹੋ ਚਲੇ, ਸਫ਼ੈਦ ਬਾਜ਼ਾਂ ਵਾਲੇ ਦੇ।

(3)
ਕਿਸੇ ਪਾਸੇ ਹੱਥ ਨਾ ਪਸਾਰਿਆ ਦਿਸਦਾ, ਹੋ ਅੰਧੇਰੇ ਘੁੱਪ ਗਿਆ।
ਠੋਕਰਾਂ ਵੱਜਣ ਨਾ ਪੱਥਰ ਫਿੱਸਦਾ, ਹੋ ਹਰੇਕ ਚੁੱਪ ਗਿਆ।
ਫੱਟੜ ਤੁਰੰਗ ਬੇ-ਸ਼ੁਮਾਰ ਹੋ ਚਲੇ, ਗਿਰਨ ਵਿੱਚ ਖਾਲ਼ੇ ਦੇ।
ਰਾਤੀਂ ਸਾਹਸਵਾਰ ਅਸਵਾਰ ਹੋ ਚਲੇ, ਸਫ਼ੈਦ ਬਾਜ਼ਾਂ ਵਾਲੇ ਦੇ।

(4)
ਟਹਿਲਣਾ ਮਹਿਲ ਚਾਰੇ ਕਿਸੇ ਦਾਅ ਗਏ, ਕੋਈ ਦਿਸੇ ਨਾ ਮਾਜਰਾ।
ਗੰਗੂ ਤੇ ਦੁਲਾਰੇ ਮਾਤਾ ਘੁੱਟ ਸਾਹ ਗਏ, ਹੋਇਆ ਅਜੇ ਨਾ ਸਾਜ਼ੁਰਾ।
ਖੇਰੂ-ਖੇਰੂ ਸਾਰਾ ਪਰਵਾਰ ਹੋ ਚਲੇ, ਜੀ ਤਕਦੀਰ ਟਾਲ਼ੇ ਦੇ।
ਰਾਤੀਂ ਸ਼ਾਹਸਵਾਰ ਅਸਵਾਰ ਹੋ ਚਲੇ, ਸਫ਼ੈਦ ਬਾਜਾਂ ਵਾਲੇ ਦੇ।

(5)
ਤੇਜ਼ ਘੋੜੇ ਚੀਰਗੇ ਪਹਾੜੀ ਨਾਲਿਆਂ ਨੂੰ, ਕਿਤੇ ਜਾ ਪੈਰ ਨਾ ਮਲੇ।
ਜੀਤ ਤੇ ਜੁਝਾਰ ਖਿੱਚਣ ਕੰਡਿਆਲਿਆਂ ਨੂੰ, ਜਾ ਦਸਮੇਸ਼ ਸੇ ਰਲ਼ੇ।
ਪਗਡੰਡੀ ਤੰਗ ਸੀ ਕਰਤਾਰ ਹੋ ਚਲੇ, ਜੀ ਗੱਭਰੂ ਉਦਾਲ਼ੇ ਦੇ।
ਰਾਤੀਂ ਸ਼ਾਹਸਵਾਰ ਅਸਵਾਰ ਹੋ ਚਲੇ, ਸਫ਼ੈਦ ਬਾਜ਼ਾਂ ਵਾਲੇ ਦੇ।

(6)
ਜਾਕੇ ਠਾਰਾਂ ਕੋਸ ਤੇ ਪਠਾਣਾਂ ਛੁਹਲੇ ਜਾ, ਰਾਹ ਵਚਾਲੇ ਟੱਕਰੇ।
ਸਿੰਘਾਂ ਸੂਰਮਿਆਂ ਨੇ ਕਰਪਾਨ ਧੂਲੇ ਜਾ, ਬਣਾਤੇ ਦੋ-ਦੋ ਡੱਕਰੇ।
ਪਿੰਡਿਓਂ ਲਹੂ ਵਗਦਾ ਲਾਚਾਰ ਹੋ ਚਲੇ, ਜੋ ਵਾਂਗ ਪਰਨਾਲੇ ਦੇ।
ਰਾਤੀਂ ਸ਼ਾਹਸਵਾਰ ਅਸਵਾਰ ਹੋ ਚਲੇ, ਸਫ਼ੈਦ ਬਾਜ਼ਾਂ ਵਾਲੇ ਦੇ।

(7)
ਮਿਲਗੇ ਪਠਾਣ ਦੋਹਾਂ ਵੱਡਿਆਂ ਕੌਰਾਂ ਨੂੰ, ਦਲੇਰ ਸ਼ਾਹਿਨਸ਼ਾਹਾਂ ਦੇ।
ਮਾਰਕੇ ਮੈਦਾਨ 'ਚ ਲਗਾਗੇ ਸ਼ਓਰਾਂ ਨੂੰ, ਜੀ ਵਚਾਲੇ ਰਾਹਾਂ ਦੇ।
'ਬਾਬੂ' ਦਰਿਆ 'ਚ ਵੜ ਪਾਰ ਹੋ ਚਲੇ, ਜਾਂ ਸਰਸਾ ਉਛਾਲੇ ਦੇ।
ਰਾਤੀਂ ਸ਼ਾਹਸਵਾਰ ਅਸਵਾਰ ਹੋ ਚਲੇ, ਸਫ਼ੈਦ ਬਾਜ਼ਾਂ ਵਾਲ਼ੇ ਦੇ।

॥ ਦੋਹਿਰਾ ॥
ਨਦੀ ਸਗਾਹੀਂ ਚੜ੍ਹ ਗਈ, ਲੰਘ ਗਏ ਪਾਰ ਦਲੌਰ।
ਡੇਰਾ ਲਾ ਗਿਆ ਸਤਿਗੁਰਾਂ, ਵੇਖ ਗੜ੍ਹੀ ਚਮਕੌਰ।

(11)
'ਬਾਬੂ' ਮੋਰੇ ਬਾਣਾਂ ਨੇ ਬਣਾਤੇ ਪਿੰਡੇ 'ਚੈ, ਗੁਰੂ ਮੰਨਣ ਭਾਣੇ ਨੂੰ।
ਤੇ ਮੁਕਤਸਰੋਂ ਪਹੁੰਚਗੇ ਬਠਿੰਡੇ 'ਚੈ, ਕੱਢਣ ਦੈਂਤ ਕਾਣੇ ਨੂੰ।
ਦਮਦਮੇ ਜਾਣ ਨਾ ਧਰਮ ਹਾਰਲੇ, ਅਜੇ ਦਲੀਲ ਸੈਰ 'ਚੈ।
ਦਸਮੇਂ ਦੋ ਕੌਰ ਚਮਕੌਰ ਵਾਰਲੇ, ਦੋ ਸਰਹੰਦ ਸ਼ਹਿਰ 'ਚੈ।

॥ਦੋਹਿਰੇ॥

(1)
ਸੂਰਜ ਜ੍ਹੀ ਦਸਮੇਸ਼ ਦੀ, ਸੀ ਮਸਤਕ ਦੀ ਜੋਤ।
ਸਬਰ, ਸ਼ੁਕਰ, ਸੂਰਮਗਤੀ, ਨਾ ਸਤਿਗੁਰ ਜਹੀ ਹੋਤ।

(2)
ਆਕੀ ਹੋ ਕੇ ਬੈਠ ਗਿਆ, ਗੁਰੂ ਗੋਬਿੰਦ ਸਿੰਘ ਸ਼ੇਰ।
ਰਲ ਕੇ ਮੁਗ਼ਲ, ਪਹਾੜੀਏ, ਲੈਣ ਆਨੰਦਪੁਰ ਘੇਰ।

ਦੋਭਾਗ ਛੰਦ-2

(1)
ਟੱਪਗੇ ਮੁਗ਼ਲ ਜ਼ੁਲਮਾਂ ਦੀ ਹੱਦ ਨੂੰ।
ਲੌਹਣਾ ਪੈ ਗਿਆ ਮਗਰੋਂ ਬਜੀਦ ਦੱਦ ਨੂੰ।

(2)
ਬਾਈ-ਧਾਰ ਚਾਲ ਚੱਲਗੇ ਫ਼ਰੇਬ ਦੀ।
ਚੜ੍ਹੀ ਫ਼ੌਜ ਦਿੱਲੀ ਤੋਂ ਔਰੰਗਜ਼ੇਬ ਦੀ।

(3)
ਜਦੋਂ ਕਿਲੇ ਅੰਦਰ ਬੱਬਰ ਵੇਹਰ ਲਿਆ।
ਆ ਅਨੰਦਪੁਰ ਵੈਰੀਆਂ ਨੇ ਘੇਰ ਲਿਆ।

(4)
ਕਰ ਲਿਆ ਪਹਾੜੀ ਕਿਲ੍ਹੇ ਦਾ ਮੁਹਾਸਰਾ।
ਰਹਿ ਗਿਆ ਸੱਚੇ ਗੁਰੂ ਨੂੰ ਸੱਚੇ ਦਾ ਆਸਰਾ।

(5)
ਮੌਕਾ ਮਿਲੇ ਸਿੰਘ ਸ਼ਬਖ਼ੂਨ ਮਾਰਦੇ।
ਦੁਖੀ ਹੋਗੇ ਜੁਆਨ ਕਾਬਲ-ਕੰਧਾਰ ਦੇ।

(6)
ਜਾਂਦੀਆਂ ਨਾ ਤੇਜ਼ ਕਰਪਾਨਾਂ ਬੋਚੀਆਂ।
ਬਾਈ ਧਾਰ ਖ਼ਾਨਾਂ ਨੇ ਸਕੀਮਾਂ ਸੋਚੀਆਂ।

(7)
ਮੁੱਲਾ ਲੈਕੇ ਆਗੇ ਨਾ ਗੁਰੂ ਜੀ ਧੱਕ ਗਏ।
ਆਟੇ ਦੀ ਬਣਾਕੇ ਗਾਂ ਸੁਗੰਧ ਚੱਕ ਗਏ।

(8)
ਰਾਤ-ਦਿਨ ਕਟ ਲੈ ਕਿਲੇ ਤੋਂ ਬਾਹਰ ਜਾ।
ਮਾਨਸਰੋਂ ਹੰਸਾ ਉਡਾਰੀ ਮਾਰ ਜਾ।

(9)
ਛੋੜ ਦਿਓ ਕਿਲੇ ਨੂੰ ਆਖਿਆ ਮਾਂ ਤੇ ਮਹਿਲਾਂ ਨੇ।
ਏਹੋ ਜੀ ਸਲਾਹ ਦਿੱਤੀ ਦੋ ਜਰਨੈਲਾਂ ਨੇ।

(10)
ਸਾਇਨ ਐਹਦ-ਨਾਮੇ ਤੇ ਤਿਹਾਂ ਨੇ ਕਰਤੇ।
ਵੇਖੋ ਹੋਣਹਾਰ ਕੀ ਗੁਰਾਂ ਤੇ ਵਰਤੇ।

(11)
ਅਸਬਾਬ ਕੀਮਤੀ ਨਦੀ ਦੀ ਭੇਟ ਦੇ।
ਰਾਤੀਂ ਖੋਲ੍ਹ ਫਾਟਕ ਕਿਲੇ ਦੇ ਗੇਟ ਦੇ।

(12)
ਕਾਲੀ ਘਟਾ ਚੜ੍ਹੀ 'ਵੀ ਬੱਦਲ਼ ਗੜ੍ਹਕੇ।
ਅੱਡੀ ਲਾਲੀ ਘੋੜਿਆਂ ਨੂੰ ਲਗਾਮ ਫੜਕੇ।

ਪ੍ਰਸੰਗ
ਸਾਕਾ ਜੰਗ ਚਮਕੌਰ
ਭੁਜੰਗ ਛੰਦ-1

(1)

ਹਰ ਵੇਲੇ ਨਾਮ ਤਾਂ ਸੱਚੇ ਦੇ ਰਟਣੇ, ਬਚੌ ਦਰਦ-ਦੁਖ ਤੋਂ।
ਗੁਰੂ ਗੋਬਿੰਦ ਸਿੰਘ ਦਾ ਜਨਮ ਪਟਣੇ, ਮਾਂ ਗੁਜਰੀ ਦੀ ਕੁੱਖ ਤੋਂ।
ਮੱਥੇ 'ਚ ਚੰਦਰਮਾ ਔਤਾਰ ਧਾਰਲੇ, ਜੀ ਪਦਮ ਪੈਰ 'ਚੈ।
ਦਸਮੇਂ ਦੌ ਕੌਰ ਚਮਕੌਰ ਵਾਰਲੇ, ਦੌ ਸਰਹੰਦ ਸ਼ਹਿਰ 'ਚੈ।

(2)

ਭੀਖਣ ਸ਼ਾਹ ਅਬਾਦਤ ਕਰੇਂਦਾ ਰੱਬ ਦੀ, ਮਸ਼ਹੂਰ ਪੀਰ ਟਿਕਲੇ।
ਕਰਦਾ ਪਰਖ ਮੋਤੀ ਦੁਰਲੱਭ ਦੀ, ਬੜੇ ਖਰੇ ਜ੍ਹੇ ਨਿਕਲੇ।
ਦੌਵੇਂ ਹੱਥ ਦੌ ਕਟੋਰਿਆਂ ਨੂੰ ਡਾਰਲੇ, ਖ਼ੁਸ਼ੀ ਦੌਹਾਂ ਦੀ ਖ਼ੈਰ 'ਚੈ।
ਦਸਮੇਂ ਦੌ ਕੌਰ ਚਮਕੌਰ ਵਾਰਲੇ, ਦੌ ਸਰਹੰਦ ਸ਼ਹਿਰ 'ਚੈ।

(3)

ਖੇਲਦੇ ਸ਼ਿਕਾਰ ਸੀ ਸਫ਼ੈਦ ਬਾਜ਼ ਲੈ, ਪੰਜਾਂ ਕੱਕਿਆਂ ਦੀ ਰਖਸ਼ਾ
ਲੌੜ ਪੈਗੀ ਤੀਸਰਾ ਪੰਥ ਸਾਜ ਲੈ, ਦਿੱਤਾ ਬਦਲ ਨਕਸ਼ਾ।
ਡੁੱਬੇ ਹਿੰਦਵੈਣ ਦੇ ਜਹਾਜ਼ ਤਾਰ ਲੇ, ਨਵੀਂ ਸਿੱਖੀ ਦੀ ਲਹਿਰ 'ਚੈ।
ਦਸਮੇਂ ਦੌ ਕੌਰ ਚਮਕੌਰ ਵਾਰਲੇ, ਦੌ ਸਰਹੰਦ ਸ਼ਹਿਰ 'ਚੈ।

(4)

ਅਮਰਤ ਪਿਆਲਕੇ ਨਸ਼ੇ 'ਜ੍ਹੇ ਚਾੜ੍ਹੀਏ, ਸੂਰਮਿਆਂ ਨੂੰ ਖਾਰਾਂ ਦੇ।
ਪੌਂਟੇ ਸਾਹਿਬ ਲੜ ਭੱਜਗੇ ਪਹਾੜੀਏ, ਜੀ ਰਾਜੇ ਬਾਈ-ਧਾਰਾਂ ਦੇ।
ਖਿੱਚਕੇ ਧਨਸ਼ ਸੀ ਬਥੇਰੇ ਮਾਰ ਲੇ, ਬੁਝਾ ਕੇ ਤੀਰ ਜ਼ਹਿਰ 'ਚੈ।
ਦਸਮੇਂ ਦੌ ਕੌਰ ਚਮਕੌਰ ਵਾਰਲੇ, ਦੌ ਸਰਹੰਦ ਸ਼ਹਿਰ 'ਚੈ।

(5)

ਦਿੱਲੀ ਸ਼ਹਿਨਸ਼ਾਹਾਂ ਤੋਂ ਰਸਾਲ਼ਾ ਹੌਰ ਲਿਆ, ਸਿੰਘਾਂ ਦੇ ਵੈਰੀ ਧੁਰ ਤੋਂ।
ਝੂਠੀ ਖਾਕੇ ਕਸਮ ਗੁਰਾਂ ਨੂੰ ਤੌਰ ਲਿਆ, ਕਿਲੇ ਅਨੰਦਪੁਰ ਤੋਂ।

ਲੱਗਗੇ ਮਗਰ ਮੁ਼ਗ਼ਲ ਹੰਕਾਰ ਲੇ, ਬੱਧੇ ਨੇ ਲੱਕ ਵੈਰ 'ਚੈ।
ਦਸਮੇਂ ਦੌ ਕੌਰ ਚਮਕੌਰ ਵਾਰਲੇ, ਦੌ ਸਰਹੰਦ ਸ਼ਹਿਰ 'ਚੈ।

(6)

ਗੜ੍ਹੀ ਚਮਕੌਰ ਨੂੰ ਤੁਰੰਗ ਮੌੜ ਲੇ, ਨਦੀ ਦੇ ਵਿੱਚ ਵੜਕੇ।
ਡੁੱਬ ਜਾਣੀ ਸਰਸਾ ਅਗਾਂਹ ਨੂੰ ਰੌੜ੍ਹਲੇ, ਵਗੇ ਸਗਾਹੀਂ ਚੜ੍ਹਕੇ।
ਦੌ ਸੌ ਸਿੰਘ ਲੱਗਗੇ ਕਿਨਾਰੇ ਪਾਰਲੇ, ਰਹਿਣ ਬਾਕੀ ਨਹਿਰ 'ਚੈ।
ਦਸਮੇਂ ਦੌ ਕੌਰ ਚਮਕੌਰ ਵਾਰਲੇ, ਦੌ ਸਰਹੰਦ ਸ਼ਹਿਰ 'ਚੈ।

(7)

ਜੀਤ ਤੇ ਜੁਝਾਰ ਸਿਉਂ ਸ਼ਹੀਦੀ ਪਾ ਗਏ, ਸਮੇਤ ਸਾਰੇ ਜੱਥੇ ਦੇ।
ਕੱਲੇ ਦਸਮੇਸ਼ ਮਾਛੀਵਾੜੇ ਆ ਗਏ, ਮੁੱਕਣ ਤੀਰ ਭੱਥੇ ਦੇ।
ਉੱਚ ਦੇ ਬਣਾਕੇ ਪੀਰ ਸੀ ਉਤਾਰਲੇ, ਹੇਰਾਂ ਵਾਲੀ ਮੈਰ 'ਚੈ।
ਦਸਮੇਂ ਦੌ ਕੌਰ ਚਮਕੌਰ ਵਾਰਲੇ, ਦੌ ਸਰਹੰਦ ਸ਼ਹਿਰ 'ਚੈ।

(8)

ਰਾਇ ਕੱਲਾ ਮਿਲੇ ਦਸਮ ਪਾਤਸ਼ਾਹੀ ਨੂੰ, ਮੇਰੇ ਦੁਲਾਰੇ ਸੋਹਣੇ 'ਜ੍ਹੇ।
ਭੇਜਿਆ ਤਲਵੰਡਿਓਂ ਗੁਜ਼ਰ ਮਾਹੀ ਨੂੰ, ਲੱਭੋ ਕਿਸੇ ਜਾ ਹੌਣੇ 'ਜ੍ਹੇ।
ਕੰਧਾਂ ਵਿੱਚ ਚਿਣਕੇ ਕਲੇਜੇ ਠਾਰਲੇ, ਬੜਾ ਬਜੀਦ ਕਹਿਰ 'ਚੈ।
ਦਸਮੇਂ ਦੌ ਕੌਰ ਚਮਕੌਰ ਵਾਰਲੇ, ਦੌ ਸਰਹੰਦ ਸ਼ਹਿਰ 'ਚੈ।

(9)

ਰੱਖਲੇ ਸ਼ਮੀਰ ਦੀਨੇ ਗੁਰੂ ਸਾਹਿਬ ਲੈ, ਉੱਚੀ ਦਲੀਲ ਸੂਰੇ ਦੀ।
ਦੀਨਿਉਂ ਗੁਰੂਸਰ ਬਰਗਾੜੀ ਬਹਿਬਲਐ, ਮੱਲੀ ਗੜ੍ਹੀ ਕਪੂਰੇ ਦੀ।
ਖਿਦਰਾਣੇ ਢਾਬ ਤੇ ਪਠਾਣ ਖਾਰਲੇ, ਕੜਕਦੀ ਦੌਪਹਿਰ 'ਚੈ।
ਦਸਮੇਂ ਦੌ ਕੌਰ ਚਮਕੌਰ ਵਾਰਲੇ, ਦੌ ਸਰਹੰਦ ਸ਼ਹਿਰ 'ਚੈ।

(10)

ਮਾਝੇ ਦੇ ਜਵਾਨ ਸੀ ਬੇਦਾਵਾ ਲਿਖਦੇ, ਪਿੱਛਾਂਹ ਮੁੜਨ ਥਾਵਾਂ ਨੂੰ।
ਉਸੇ ਡੰਡੀ ਪੈਜੋ ਜੇ ਪੁੱਤਰ ਸਿੱਖ ਦੇ, ਸ਼ਰਮ ਆਗੀ ਮਾਵਾਂ ਨੂੰ।
ਟੁੱਟੀ ਸਿੱਖੀ ਗੰਢਤੀ ਵਿਹਾਰ ਸਾਰਲੇ, ਲੜੇ ਲੜਾਕੇ ਗਹਿਰ 'ਚੈ।
ਦਸਮੇਂ ਦੌ ਕੌਰ ਚਮਕੌਰ ਵਾਰਲੇ, ਦੌ ਸਰਹੰਦ ਸ਼ਹਿਰ 'ਚੈ।

(4)
ਖੁਸ਼ ਹੋ ਗਿਆ ਆਰ ਪ੍ਵਾਰ ਸਾਰਾ,
ਕਿਲਿਉਂ ਬਾਹਰ ਦੀਵਾਨ ਸਜਾਮ ਦੇ ਸੀ।

(5)
ਲੱਗੇ ਫੁੱਲ ਬਰੋਸਣ ਚੁਫੇਰਿਉਂ ਜੀ,
ਜਸ ਗੁਰੂ ਦਸ਼ਮੇਸ਼ ਦਾ ਗਾਮਦੇ ਸੀ।

(6)
ਨੰਦ ਚੰਦ ਦਿਆ ਰਾਮ ਤਕਰੀਰ ਕਰਦੇ,
ਸ਼ੈਰ ਸ਼ੈਰੀਆਂ ਜੋੜ ਸੁਣਾਮਦੇ ਸੀ।

(7)
ਚੰਗੇ ਮਿਲਦੇ ਇਨਾਮ ਬਹਾਦਰਾਂ ਨੂੰ,
ਗੁਰੂ ਕੰਡ ਤੇ ਥਾਪੀਆਂ ਲਾਮਦੇ ਸੀ।

(8)
ਕਾਲੇ ਖ਼ਾਨ ਪਠਾਣ ਨੂੰ ਤਾਰਤਾ ਸੀ,
ਝੋਲੀ ਵਿੱਚ ਹਜ਼ਾਰ ਹਜ਼ਾਰ ਪਾਮਦੇ ਸੀ।

(9)
ਦਿੱਤੀ ਨਿਸਫ਼ ਦਸਤਾਰ ਕ੍ਰਿਪਾਲ ਚੰਦ ਨੂੰ,
ਇਹ ਵੀ ਬਹੁਤ ਦਲੇਰ ਘਹਾਮਦੇ ਸੀ।

(10)
ਮਿਲਿਆ ਸਿਰੋਉਪਾਂ ਪੀਰ ਸੰਢੌਰੀਏ ਨੂੰ,
ਸਿਰ ਤੇ ਆਪ ਦਸਤਾਰ ਬਨ੍ਹਾਮ ਦੇ ਸੀ।

(11)
ਦਿੱਤੀ ਬਖ਼ਸ਼ ਤਲਵਾਰ ਹੱਥ ਆਪਣੇ ਦੀ,
ਨਕਦ ਪੰਜ ਹਜ਼ਾਰ ਗਣਾਮ ਦੇ ਸੀ।

(12)
ਸ਼ੈਰੀ ਬਣੀ ਗ੍ਰੰਥ ਕੁੱਲ ਖੋਜਕੇ ਤੇ,
ਬਾਬੂ ਲੌਕ ਤਮਾਮ ਸਲਾਹਮ ਦੇ ਸੀ।

(5)

ਤੀਜਾ ਤੀਰ ਹਿੱਕ ਦੇ ਵਿਚਾਲੇ ਗੁਡਿਆ ਗਿਆ,
ਸਿਰੋਂ ਲਹਿਕੇ ਲੈਰ੍ਹੀਆਂ ਉਤਾਂਹ ਨੂੰ ਉਡਿਆ ਗਿਆ।
ਤਿੰਨ ਟੋਟੇ ਕਰੇ ਪਾੜ ਗੁਲੂ ਬੰਦ ਦੇ,
ਮਾਰਿਆ ਬਾਣ ਗੁਰਾਂ ਨੇ ਹਰੀਸ਼ ਚੰਦ ਦੇ।

(6)

ਪੜੋ ਮਹਾਂ ਭਾਰਤ ਕਿਸੇ ਨੂੰ ਲੁਕਨੀ,
ਬੁੱਲ੍ਹ ਅੱਭਮੰਨੂੰ ਤੋਂ ਭਨਾਲੇ ਸੁੱਕਨੀ।
ਕਿਸੇ ਦਾਅ ਨੂੰ ਉੱਡਗੇ ਕਿਨਾਰੇ ਦੰਦ ਦੇ,
ਮਾਰਿਆ ਬਾਣ ਗੁਰਾਂ ਨੇ ਹਰੀਸ਼ ਚੰਦ ਦੇ।

(7)

'ਰੱਜਬਲੀ' ਇੱਕ ਤੀਹ ਕਬਿੱਤ ਸਾਰੇ ਨੂੰ,
ਲੌਣੇ ਵੀਹ ਅੱਖਰ ਤਰਜ਼ ਦੋਤਾਰੇ ਨੂੰ।
ਥਰਟੀਨ ਲੱਗਦੇ ਮੁਕੰਦ ਛੰਦ ਦੇ,
ਮਾਰਿਆ ਬਾਣ ਗੁਰਾਂ ਨੇ ਹਰੀਸ਼ ਚੰਦ ਦੇ।

॥ ਦੋਹਿਰਾ ॥

ਮਦਦ ਕਰੀ ਗੁਰਦੇਵ ਦੀ, ਭੀਮ ਦਬੱਲਿਆ ਭੂਤ।
ਚਾਰ ਰਹੇ ਵਿੱਚ ਖੇਤ ਦੇ, ਬੁੱਢੇ ਪੀਰ ਦੇ ਪੂਤ।

ਮਨੋਹਰ ਭਵਾਨੀ ਛੰਦ-25

(1)

ਲਿਆਏ ਤਸ਼ਰੀਫ਼ ਦੌਰਿਉਂ, ਖੋਲ੍ਹਲੇ ਵਛੇਰੇ ਨੌਹਰਿਉਂ, ਚੋੜੇ ਜੰਗ ਤੇ ਸੰਡੌਰਿਉਂ,
ਸੀ ਗੁਰਾਂ ਦੇ ਮਦਦੀ। ਪਾਲ਼ੀ ਬੁੱਢੇ ਪੀਰ ਨੇ ਲਿਹਾਜ਼ ਹੱਦ ਦੀ।
ਵੈਰੀ ਦੁੰਬਾਂ ਵਾਂਗੂੰ ਕੁੱਟੇ, ਤੇ ਕਮਾਣੋਂ ਤੀਰ ਛੁੱਟੇ, ਕੁੱਲ ਬਾਜਾਂ ਵਾਂਗੂੰ ਟੁੱਟੇ,
ਚਿਤਰੇ ਸ਼ਿਕਾਰ ਤੇ। ਚਾਰੇ ਪੁੱਤ ਪੀਰ ਨੇ ਗੁਰਾਂ ਤੋਂ ਵਾਰਤੇ।

(2)

ਘਰੋਂ ਤੁਰੇ ਪਾਕੇ ਨੇਮ, ਨਾ ਬਹਾਦਰੀ ਦਾ ਵੇਮ, ਹੋਵੇ ਕਿਸੇ ਦਾ ਪ੍ਰੇਮ,
ਤਾਂ ਪ੍ਰੇਮ ਐਸਾ ਹੋ। ਪਿਆਰ ਹੋ ਤਾਂ ਪੀਰ ਤੇ ਗੁਰਾਂ ਦੇ ਜੈਸਾ ਹੋ।
ਨਾ ਲਕੋਈ ਕੋਈ ਚੀਜ਼, ਫ਼ਰਜ਼ੰਦ ਨਾ ਭਤੀਜ, ਕਰਿਆਂ ਵੀਰਨ ਅਜ਼ੀਜ਼,
ਕੁਰਬਾਨ ਯਾਰ ਤੇ। ਚਾਰੇ ਪੁੱਤ ਪੀਰ ਨੇ ਗੁਰਾਂ ਤੋਂ ਵਾਰਤੇ।

(3)

ਦਿਲਾਂ 'ਚੋਂ ਦਵੈਤ ਕੱਢੀ, ਆਸ ਮੁੜਨੇ ਦੀ ਛੱਡੀ, ਚੜ੍ਹੇ ਮੌਤ ਡਾਕ ਗੱਡੀ,
ਹੈ ਜਰਮ ਧੰਨਕੇ। ਘਰੋਂ ਤੁਰੇ ਸਿਰਾਂ ਤੇ ਕੱਫ਼ਨ ਬੰਨ੍ਹਕੇ।
ਸਿੱਧੀ ਨੀਤ ਨਾਲ ਡਹੇ, ਪਾਪ ਦੇ ਬੁਰਜ ਢਹੇ, ਸੱਦ ਅਫ਼ਰੀਨ ਐਹੇ,
ਜੇ ਮਦਦ ਗਾਰ ਤੇ। ਚਾਰੇ ਪੁੱਤ ਪੀਰ ਨੇ ਗੁਰਾਂ ਤੋਂ ਵਾਰਤੇ।

(4)

ਚੜ੍ਹੇ ਲੈਕੇ ਸਾਂਗ ਤਿੱਖੀ, ਕਹਿੰਦੇ ਇਤਿਹਾਸ ਸਿੱਖੀ, ਕਰਤਾਰ ਸਿੰਘ ਲਿਖੀ,
ਸੱਤ ਸੌ ਮਰੀਦ ਗਏ। ਔਂਧ-ਜਾ-ਪਚੱਧ ਵਿੱਚੋਂ ਹੋ ਸ਼ਹੀਦ ਗਏ।
ਗੱਲ ਗੁਰਾਂ ਦੀ ਨਜਿੱਠੀ, ਆਗੀ ਜੀਹਦੀ ਜੀਹਦੀ ਚਿੱਠੀ, ਪੈਕੇ ਸੌਗੇ ਨੀਂਦ ਮਿੱਠੀ,
ਹੋ ਨਸਾਰ ਬਾਰਤੇ। ਚਾਰੇ ਪੁੱਤ ਪੀਰ ਨੇ ਗੁਰਾਂ ਤੋਂ ਵਾਰਤੇ।

(5)

ਸੱਚ ਸਣਿਉਂ ਸਿਆਹੀ, ਚੜ੍ਹੀ ਰੰਗਣ ਅਲਾਹੀ, ਪਾਲੀ ਗਲ਼ ਵਿੱਚ ਫ਼ਾਹੀ,
ਵਾਂਗ ਮਨਸੂਰ ਦੇ। ਜਾਨ ਦੇਕੇ ਦਿਸਣ ਨਜ਼ਾਰੇ ਦੂਰ ਦੇ।
ਤੇਗਾਂ ਤਿੱਖੀਆਂ ਛੰਡਣ, ਕਰੇ ਪਾਪ ਦੇ ਖੰਡਣ, ਪੀੜ ਗੁਰਾਂ ਦੀ ਵੰਡਣ,
ਗਏ ਕਲੇਜੇ ਠਾਰ ਤੇ। ਚਾਰੇ ਪੁੱਤ ਪੀਰ ਲੇ ਗੁਰਾਂ ਤੋਂ ਵਾਰਤੇ।

(6)

ਬਾਈਧਾਰ ਦਿਆਂ ਤੋਂ ਸਤੇ, ਪਾਲੀ ਜੰਗ ਵਿੱਚ ਫ਼ਤਹਿ, 'ਬਾਬੂ' ਜਿਨ੍ਹਾਂ ਨੂੰ ਨਾ ਪਤੇ,
ਭਰੇ ਪਏ ਹਰਖ਼ ਦੇ। ਉਹ ਨਾ ਨੀਲਕਾਂ ਤੇ ਲਾਲ ਨੂੰ ਪਰਖਦੇ।
ਕਰੋ ਸਾਂਝੇ ਪ੍ਰਚਾਰ, ਹੋਜੇ ਦੇਸ਼ ਦਾ ਉਧਾਰ, ਸ਼ਾਵਾਂ-ਸਾਵਾਂ ਸ਼ੇ ਵਿਹਾਰ।
ਵਿਗੜੇ ਸਵਾਰ ਤੇ। ਚਾਰੇ ਪੁੱਤ ਪੀਰ ਨੇ ਗੁਰਾਂ ਤੋਂ ਵਾਰਤੇ।

ਬੈਂਤ-26

(1)

ਦੌੜ ਜਾਣ ਪਹਾੜੀਏ ਹਾਰ ਕੇ ਤੇ,
ਆਪੋ ਆਪਣੇ ਘਰਾਂ ਨੂੰ ਜਾਮਦੇ ਸੀ।

(2)

ਹੋਂਗੀ ਜੋਤ ਗੁਰਦੇਵ ਦਸ਼ਮੇਸ਼ ਜੀ ਦੀ,
ਖ਼ੁਸ਼ੀ ਨਾਲ ਰਣਜੀਤ ਵਜਾਮਦੇ ਸੀ।

(3)

ਦੇਤਾ ਹੁਕਮ ਰਟੈਰ ਦਾ ਯੋਧਿਆਂ ਨੂੰ,
ਪੌਂਟਾਂ ਸਾਹਬ ਤਸ਼ਰੀਫ਼ ਲਿਆਮਦੇ ਸੀ।

(2)
ਦੋਵੇਂ ਸੂਰਮੇ ਬੜੇ ਫੁਰਤੀਲੇ, ਕੋਈ ਨਾ ਕਿਸੇ ਤੋਂ ਡਰਦਾ।
ਡੰਗ ਮਾਰਦੇ ਨਾਗ ਜ਼ਹਿਰੀਲੇ, ਹਰੀ ਚੰਦ ਵਾਰ ਕਰਦਾ।
ਚੋਟ ਲੱਗਗੀ ਫਿਰਨਗੇ ਟੋਂਹਦੇ, ਕਰਦੂ ਲੰਗਾਰ ਹੁਣੇ।
ਜੰਗ ਕਰਦੇ ਅਨਾਮੀ ਯੋਧੇ, ਪੈਂਦਾ ਧਮਕਾਰ ਸੁਣੇ।

(3)
ਜੋੜ ਬਾਗੜਾਂ ਤਕਰਸ਼ੋ ਛੱਡਿਆ, ਦੂਰੋਂ ਛਣਕਾਟ ਪਿਆ।
ਪਾਰ ਘੋੜੇ ਦੀ ਗਰਦਣੋਂ ਕੱਢਿਆ, ਕਰਦਾ ਤਰਾਟ ਪਿਆ।
ਬਾਕੀ ਲੜਨੋਂ ਖੜ੍ਹੋਗੇ ਸ਼ੋਹਦੇ, ਉੱਚੀ ਲਲਕਾਰ ਸੁਣੇ।
ਜੰਗ ਕਰਦੇ ਅਨਾਮੀ ਯੋਧੇ, ਪੈਂਦਾ ਧਮਕਾਰ ਸੁਣੇ।

(4)
ਦੂਜੇ ਤੀਰ ਨੇ ਰੱਤਾ ਕੁ ਮਾਸ ਚੱਟਤਾ, ਰਾਜਨ ਨਿਸ਼ਾਨਾ ਉਕਿਆ।
ਅੱਗੋਂ ਲੰਘ ਕੇ ਮਿੱਟੀ ਦਾ ਛੱਜ ਪੱਟਤਾ, ਪੰਦਰਾਂ ਸਕਿੰਟ ਘੁੱਕਿਆ।
ਜਾਵੇ ਰਿੰਗਦਾ ਚਲਾਇਆ ਨਾਲ ਰੋਹ ਦੇ, ਰਣ ਵਿਚਕਾਰ ਸੁਣੇ।
ਜੰਗ ਕਰਦੇ ਅਨਾਮੀ ਯੋਧੇ ਪੈਂਦਾ ਧਮਕਾਰ ਸੁਣੇ।

(5)
ਤੀਜਾ ਚੜ੍ਹ ਗਿਆ ਉਤਾਂਹ ਨੂੰ ਉੜਕੇ, ਉੱਤਰਿਆ ਵਿਚਾਲੇ ਹਿੱਕ ਦੇ।
ਹਰੀ ਚੰਦ ਤਾਂ ਖੁਸ਼ੀ ਦੇ ਨਾਲ ਬੁੜ੍ਹਕੇ, ਜ਼ਖ਼ਮ ਇੰਚ ਇੱਕ ਦੇ।
ਵਿੱਚੋਂ ਲੰਘ ਗਿਆ ਫੌਲਾਦ ਸੰਜੋਂ ਦੇ, ਦੂਰੋਂ ਛਨਕਾਰ ਸੁਣੇ।
ਜੰਗ ਕਰਦੇ ਅਨਾਮੀ ਯੋਧੇ, ਪੈਂਦਾ ਧਮਕਾਰ ਸੁਣੇ।

(6)
ਦਸ਼ਮੇਸ਼ ਜੀ ਜਵਾਂ ਨਾ ਧੜਕੇ, ਹੋਣਾ ਲਿਖਿਆ ਕਾਲ ਜਿਵੇਂ।
ਤੀਰ ਕੱਢਿਆ ਆਸਤਾਂ ਫੜਕੇ, ਮੱਖਣੀ 'ਚੋਂ ਵਾਲ ਜਿਵੇਂ।
ਫੱਟ ਖੋਹਲਕੇ ਮੰਗਾਕੇ ਜਲ ਧੋਦੇ, ਰਾਜਾਂ ਦਿੰਦਾ ਖਾਰ ਸੁਣੇ।
ਜੰਗ ਕਰਦੇ ਅਨਾਮੀ ਯੋਧੇ, ਪੈਂਦਾ ਧਮਕਾਰ ਸੁਣੇ।

(7)
ਰੱਬ ਤਾਰਤਾ ਗੁਰਾਂ ਦਾ ਬੇੜਾ, ਭੀਮ ਨੇ ਬਣਾਲੇ ਪੱਖ ਜੇ।
ਉਹ ਨੂੰ ਮਾਰਜੇ ਮਹਿਣਾਂ ਕਿਹੜਾ, ਜੀਨੂੰ ਕਰਤਾਰ ਰੱਖਜੇ।

'ਬਾਬੂ' ਕਵਿਤਾ ਦੇ ਹਾਰ ਪਰੋਦੇ, ਸੱਚੀ ਸਰਕਾਰ ਸੁਣੇ।
ਜੰਗ ਕਰਦੇ ਅਨਾਮੀ ਯੋਧੇ, ਪੈਂਦਾ ਧਮਕਾਰ ਸੁਣੇ।

॥ ਦੋਹਿਰਾ॥
ਧਨਸ਼ ਪਕੜ ਦਸ਼ਮੇਸ਼ ਨੇ, ਫੇਰ ਚਲਾਇਆ ਤੀਰ।
ਛਾਤੀ ਦੇ ਵਿਚਕਾਰ ਦੀ, ਨਿਕਲ ਗਿਆ ਸੀ ਚੀਰ।

ਮੁਕੰਦ ਛੰਦ-24

(1)
ਵਾਰੀ ਆਗੀ ਗੁਰੂ ਜੀ ਗੋਬੰਦ ਸਿੰਘ ਦੀ,
ਲੱਗੇ ਚਿਲ੍ਹਾਂ ਚਾੜ੍ਹਨ ਕਮਾਣ ਰਿੰਗ ਦੀ।
ਜਰੜ-ਜਰੜ ਪਏ ਜਕਾਟੇ ਤੰਦ ਦੇ,
ਮਾਰਿਆ ਬਾਣ ਗੁਰਾਂ ਨੇ ਹਰੀਸ਼ ਚੰਦ ਦੇ।

(2)
ਆਗੀ ਪ੍ਰਹਿਲਾਦ ਨੂੰ ਮਚੌਣ ਹੋਲੀਏ,
ਗੁਰੂ ਜੀ ਦੇ ਤੀਰ ਉੱਡਣੇ ਸਪੋਲੀਏ।
ਬਲਿਹਾਰੇ ਜਾਵਾਂ ਹੌਸਲੇ ਬੁਲੰਦ ਦੇ।
ਮਾਰਿਆ ਬਾਣ ਗੁਰਾਂ ਨੇ ਹਰੀਸ਼ ਚੰਦ ਦੇ

(3)
ਮਾਰੇ ਤੀਰ ਜੋੜ ਬਾਗੜਾਂ ਤਰੰਗ ਦੇ,
ਗੱਤਲੇ ਡਿੱਗਣ ਪਏ ਸੁਰਖ਼ ਰੰਗ ਦੇ।
ਚੱਕਰ ਭਮਾਤੇ ਕੌਤਲ ਨਕੰਦ ਦੇ,
ਮਾਰਿਆ ਬਾਣ ਗੁਰਾਂ ਨੇ ਹਰੀਸ਼ ਚੰਦ ਦੇ।

(4)
ਦੂਜਾ ਤੀਰ ਰਾਜੇ ਦੀ ਤੱਲੀ 'ਚ ਵੱਜ ਗਿਆ,
ਅੱਗੋਂ ਜਾ ਕੇ ਪੱਟਿਆ ਮਿੱਟੀ ਦਾ ਛੱਜ ਗਿਆ।
ਮੂਧਾ ਜਾ ਪਿਆ ਘੋੜੇ ਤੋਂ ਵਿਚਾਲੇ ਰੰਦ ਦੇ,
ਮਾਰਿਆ ਬਾਣ ਗੁਰਾਂ ਨੇ ਹਰੀਸ਼ ਚੰਦ ਦੇ।

(5)
ਲੈਂਦਾ ਚੱਕ ਭਵਾਨੀ ਨੂੰ ਧੂਫ਼ ਦੇਕੇ,
ਹੱਨੇ ਲਮਕਦਾ ਧਨਸ਼ ਕਸੂਰ ਦਾ ਸੀ।
(6)
ਤੜ੍ਹਾਂ ਮਾਰਦਾਂ ਝਾਕਦਾ ਸ਼ੇਰ ਵਾਂਗੂੰ,
ਦੂਰੋਂ ਮਾਰਦਾ ਸੇਕ ਤੰਦੂਰ ਦਾ ਸੀ।
(7)
ਪਾਤਾ ਵਿੱਚ ਤਰਥੱਲ ਰਣ ਭੂਮਿਕਾ ਦੇਂ,
ਜੀ ਨੂੰ ਪਕੜਦਾ ਮਾਸ ਵਚੂਰਦਾ ਸੀ।
(8)
ਲਾਤੇ ਮਾਰ ਗਨੇਰ ਬਹਾਦਰਾਂ ਦੇ,
ਐਂਦਾ ਮਾਰ ਨਿਸ਼ਾਨੜਾ ਦੂਰ ਦਾ ਸੀ।
(9)
ਚੀਤਾ ਆ ਗਿਆ ਦੌੜ ਮੁਕਾਬਲੇ ਤੇ,
ਅੱਗੋਂ ਰੋਕ ਰਜਪੂਤ ਨੂੰ ਘੂਰਦਾ ਸੀ।
(10)
ਹਰੀ ਚੰਦ ਨੇ ਡੇਗ ਲਿਆ ਸੂਰਮੇ ਨੂੰ,
'ਬਾਬੂ' ਭੂਆ ਦਾ ਪੁੱਤ ਹਜ਼ੂਰ ਦਾ ਸੀ।

॥ ਦੋਹਿਰਾ ॥
ਸੌਣ ਮੌਤ ਦੀ ਸ਼ੇਜ ਤੇ ਬੜੇ-ਬੜੇ ਭਲਵਾਨ।
ਹੱਥ ਮੇਂ ਗੁਰੂ ਗੋਬਿੰਦ ਸਿੰਘ ਫੜਦੇ ਤੀਰ ਕਮਾਣ।

ਭੁਜਾ ਛੰਦ-22

(1)
ਪੋਤਰਾ ਚੜ੍ਹੇ ਗੁਰੂ ਹਰ ਗੋਬਿੰਦ ਦਾ, ਬੜਾ ਧਨਸ਼ ਧਾਰੀ ਐ।
ਦਿਲਾਂ 'ਚ ਦਰਦ ਰਖਵਾਲਾ ਹਿੰਦ ਦਾ, ਤੇ ਪਰਉਪਕਾਰੀ ਐ।
ਦਸ਼ਮੇਸ਼ ਧਨਸ਼ ਹੱਥਾਂ 'ਚ ਫੜਦੇ, ਜੀ ਨਾਲ ਦੇ ਤਰਸ ਰਹੇ।
ਯੁੱਧ ਤੇ ਗੁਰੂ ਗੋਬਿੰਦ ਸਿੰਘ ਚੜ੍ਹਦੇ, ਤੀਰਾਂ ਦੇ ਮੀਂਹ ਬਰਸ ਰਹੇ।

(2)
ਨਕਸ਼ਾ ਬਦਲਤਾ ਘੜੀ 'ਚ ਜੰਗ ਦਾ, ਤੇ ਜਾ ਗਰਦ ਫੇਰਤੀ।
ਲੱਗ ਗਿਆ ਦਰਿਆ ਵਗਣ ਲਾਲ ਰੰਗ ਦਾ, ਬਥੇਰੀ ਫ਼ੌਜ ਗੇਰਤੀ।

ਮਾਰ ਰੱਤੇ ਚਾੜਤੇ ਧੜਾਂ ਤੇ ਧੜਦੇ, ਧੜਾਂ ਦੇ ਵਿਛੇ ਫ਼ਰਸ਼ ਰਹੇ।
ਯੁੱਧ ਤੇ ਗੁਰੂ ਗੋਬਿੰਦ ਸਿੰਘ ਚੜ੍ਹਦੇ, ਤੀਰਾਂ ਦੇ ਮੀਂਹ ਬਰਸ ਰਹੇ।

(3)
ਛੱਡ ਜੋੜ ਬਾਗੜਾਂ ਕਮਾਣੋਂ ਬਾਣਾਂ ਨੂੰ, ਹੇਠੋਂ ਕੰਬਣ ਧਰਤੀਆਂ।
ਰੱਤ ਪਿਆ ਰਜਾ ਦਿੱਤਾ ਧਿਆਇਆ ਵਾਨ੍ਹਾਂ ਨੂੰ, ਦਲਾਂ 'ਚ ਛੀੜਾਂ ਕਰਤੀਆਂ।
ਉੱਖੜੇ ਕਦਮ ਘਬਰਾਗੇ ਲੜਦੇ, ਲਹੂ ਦੇ ਭਰੇ ਚਰਸ ਰਹੇ।
ਯੁੱਧ ਤੇ ਗੁਰੂ ਗੋਬਿੰਦ ਸਿੰਘ ਚੜ੍ਹਦੇ, ਤੀਰਾਂ ਦੇ ਮੀਂਹ ਬਰਸ ਰਹੇ।

(4)
ਹੋਣੀ ਦਾ ਰਸਾਲਾ ਮਾਸ ਖਾਕੇ ਡੱਕ ਗਿਆ, ਕੀ ਗੁਰਾਂ ਦਾ ਨਮਿਸ਼ਤਾਂ।
ਨਾਲੇ ਰੂਹ ਕਬਜ਼ ਕਰਨੇ ਤੋਂ ਥੱਕ ਗਿਆਂ, ਜੀ ਮੌਤ ਦਾ ਫ਼ਰਿਸ਼ਤਾਂ।
ਜਾ ਪੇ ਵੈਰੀ ਲੜਦੇ ਜ਼ਿਮੀ ਤੇ ਦੜਦੇ, ਤੇ ਲਰਜ਼ ਅਰਸ਼ ਰਹੇ।
ਯੁੱਧ ਤੇ ਗੁਰੂ ਗੋਬਿੰਦ ਸਿੰਘ ਚੜ੍ਹਦੇ, ਤੀਰਾਂ ਦੇ ਮੀਂਹ ਬਰਸ ਰਹੇ।

(5)
ਭੀਮ ਦਾ ਗਨੀਮ ਪਿੱਛੇ ਜਾਵੇ ਰਿੱਤ ਦਾ, ਤੇ ਸੂਰਮੇ ਵੰਗਾਰ ਦੇ।
'ਰੱਜਬਲੀ' ਮੁੱਕ ਜੇ ਕਲੇਸ਼ ਨਿੱਤ ਦਾ, ਗੁਰੂ ਜੀ ਲਲਕਾਰ ਦੇ।
ਕਲਾ ਵੇਖ ਦੈਤ ਨਾ ਅਗੇਰੇ ਖੜ੍ਹਦੇ, ਤਮਾਮ ਲੋਕ ਪਰਸ ਰਹੇ।
ਯੁੱਧ ਤੇ ਗੁਰੂ ਗੋਬਿੰਦ ਸਿੰਘ ਚੜ੍ਹਦੇ, ਤੀਰਾਂ ਦੇ ਮੀਂਹ ਬਰਸ ਰਹੇ।

॥ ਦੋਹਿਰਾ ॥
ਚਿਲ੍ਹਾ ਚੜਾਕੇ ਧਨਸ਼ ਦਾ, ਕਰੇ ਹਰੀ ਚੰਦ ਵਾਰ।
ਮਾਰਿਆ ਹਿੱਕ ਤੇ ਜੋੜਕੇ, ਰੱਖ ਗਿਆ ਰੱਖਣੇ ਹਾਰ।

ਸ਼ਬਦ ਤਰਜ਼-23

(1)
ਕਹਿੰਦੇ ਗੁਰੂ ਗੋਬਿੰਦ ਸਿੰਘ ਰਾਜਿਆ, ਨਿਕਲ ਮੈਦਾਨ ਵਿੱਚ ਜੀ।
ਐਨੀ ਆਖ ਕੇ ਚੜ੍ਹਾਂ ਦਿੱਤਾ ਚਾ ਜਿਆ, ਧਨਸ਼ ਖੜੋ ਗਿਆ ਖਿੱਚ ਜੀ।
ਤਿੰਨ ਵਾਰ ਤਾਂ ਚੱਲਣਗੇ ਉਹਦੇ, ਸਭ ਸੰਸਾਰ ਸੁਣੇ।
ਜੰਗ ਕਰਦੇ ਕਰਦੇ ਅਨਾਮੀ ਯੋਧੇ, ਪੈਂਦਾ ਧਮਕਾਰ ਸੁਣੇ।

(6)
ਪਲਿਆਂ ਵਿਆ ਸੰਨਤ ਖਾਂ ਮਹੀ ਦੀ ਮੱਖਣੀ।
ਕਹਿਣ ਲੱਗਾ ਖ਼ਾਨ ਤਕੜਾਈ ਰੱਖਣੀ।

(7)
ਧੂਲੀ ਤਲਵਾਰ ਮਿਆਨ 'ਚੋਂ ਹਯਾਤ ਨੇ।
ਮਾਰਿਆ ਝੱਪਟ ਉਭੱਰ ਅਫ਼ਾਤ ਨੇ।

(8)
ਧੌਣ ਨੂੰ ਬਚਾ ਗਿਆ ਉੱਪਰ ਸੋਟੇ ਗਈ।
ਕੱਟਕਾਂ ਦੇ ਜਾਣੀ ਹੋ ਕਟਾਰ ਟੋਟੇ ਗਈ।

(9)
ਸਾਧ ਹੋਕੇ ਪੱਬਾਂ ਤੇ ਨਜ਼ੀਕ ਢੁੱਕ ਕੇ।
ਕੁੱਤਕਾਂ ਘੁਕਾਇਆ ਦੋ ਹੱਥਾਂ 'ਚ ਥੁੱਕ ਕੇ

(10)
ਕੀ ਹਥਿਆਰ ਪਰ੍ਹੇ ਹੋ ਖੜੋ ਗਿਆ ਵੇਸਲਾ।
ਬੂਬਨੇ ਨੇ ਮਾਰੀਆਂ ਟਕਾਕੇ ਘੇਸਲਾ।

(11)
ਵਾਹਣ ਦੇ ਵਿਚਾਲੇ ਮਾਰ ਕੇ ਨਿਸਾਲਤਾ।
ਮੰਗ ਖਾਣੇ ਸਾਧ ਨੇ ਪਠਾਣ ਗਾਲ ਤਾ।

(12)
ਤਾਲੂਏ 'ਚ ਵੱਜੀ ਮਦਕੈਰ ਚੋਪੜੀ।
ਹੋਗੀ ਪਾਟ ਪੰਜ ਫ਼ਾਕੜਾਂ ਖਰੋਪੜੀ।

(13)
'ਬਾਬੂ ਜੀ' ਕਨਾਲ 'ਚ ਖਿੱਲਰ ਮਿੱਝ ਗਈ।
ਸੁਥਣੀ ਜ੍ਹੀ ਸੰਘਣੇ ਲਹੂ 'ਚ ਭਿੱਜ ਗਈ।

॥ ਦੋਹਿਰਾ ॥
ਸੂਤਣ ਤੇਗ਼ਾਂ ਮਿਆਨੇ 'ਚੋਂ ਬੜੇ ਬਹਾਦਰ ਜੁਆਨ।
ਸੰਗੋ ਨਾਲ ਮੁਕਾਬਲਾ, ਕਰੇ ਨਜ਼ਾਬਤ ਖ਼ਾਨ।

ਤਰਜ਼ ਗੱਡੀ -20
ਜੁਆਨ ਸੰਗੋ ਸ਼ਾਹ ਨਜਾਬਤ ਦੋਵੇਂ, ਖੜ੍ਹਗੇ ਮੁਕਾਬਲ ਹੋ।
ਸ਼ਿਝਾਂ ਜਿਤਣੇ ਰਣਾਂ ਦੇ ਮੋਢੀ, ਗੱਭਰੂ ਬਰਾਬਰ ਦੇ।
ਖੱਬੇ ਹੱਥ 'ਚ ਪਕੜਦੇ ਢਾਲਾਂ, ਖਿੱਚਲੇ ਮਿਆਨੋਂ ਬਰਛੇ।
ਪੱਬ ਉਠੱਦੇ ਨਚਾਰਾਂ ਵਾਂਗੂੰ, ਫਿਰਦੇ ਵਖੋਂਦੇ ਪੈਤਰੇ।
ਇੱਕ ਟੁੱਟਦਾ ਲਗਜ਼ ਦੇ ਵਾਂਗੂੰ, ਰੋਂਕਜੇ ਮੁਕਾਬਲੇ ਦਾ।
ਦੂਜਾ ਚਿੱਤਰਾਂ ਝੱਪਟ ਜਦ ਮਾਰੇ, ਅੱਗਲਾ ਭਮਾ ਦੇ ਚੱਕਰੀ।
ਹੋਇਆ ਇੱਕ ਵੀ ਕਿਸੇ ਦੇ ਚੰਡ ਨਾ, ਬਰਛੇ ਬਥੇਰੇ ਉਛਲੇ।
ਜੁਆਨ ਟੱਕਰੇ ਹੌਂਸਲਿਆਂ ਵਾਲੇ, ਮੱਥਿਆਂ ਤੇ ਆਗੇ ਮੁੜ੍ਹਕੇ।
ਮਾਵਾਂ ਹੋਣੀਆਂ ਦੁੱਲੇ ਦੀ ਮਾਂ ਦੇ ਵਰਗੀਆਂ, ਜਿਨ੍ਹਾਂ ਨੇ ਚੁੰਘਾਈਆਂ ਦੁੱਧੀਆਂ।
ਥੋਡੇ ਸ਼ਾਵਾ ਸ਼ੇ ਜਰਮ ਦੇ ਸ਼ੇਰੋ, ਯੁੱਧ ਦੀ ਲਕੀਰ ਖਿੱਚਤੀ।
ਵਾਰ ਚੱਲਗੇ ਦੋਹਾਂ ਦੇ ਸਾਂਝੇ, ਧੌਣਾਂ ਦੇ ਉਡਾਤੇ ਪੱਚਰੇ।
ਅੱਜ ਰੱਜਕੇ ਲਹੂ ਦੇ ਵਿੱਚ ਨਾਲ੍ਹੋ, ਮਾਪਿਆਂ ਦੇ ਲਾਡਲਿਉਂ।
'ਬਾਬੂ' ਮੌਤ ਦੀ ਸੇਜ਼ ਤੇ ਸੌਂਗੇ, ਕਰਕੇ ਬਹਾਦਰੀਆਂ।
ਜਸ ਕਰਕੇ, ਕਰਕੇ ਵਧੀਆਂ ਕਿਤਾਬ ਲਿਖਤੀ ਰਸ ਭਰ ਕੇ।

ਬੈਂਤ-21

(1)
ਹਰੀ ਚੰਦ ਸਿਰਕੱਪ ਪਹਾੜੀਆਂ 'ਚੋਂ,
ਭਾਰੀ ਸੂਰਮਾਂ ਜਰਮ ਹੰਡੂਰ ਦਾ ਸੀ।

(2)
ਸਜੇ ਕੇਸਰੀ ਰੰਗ ਪੁਸ਼ਾਕ ਸਾਰੀ,
ਮੱਥੇ ਲੱਗਿਆ ਤਿਲਕ ਸੰਧੂਰ ਦਾ ਸੀ।

(3)
ਰੰਗ ਗੰਦਮੀ ਮੁੱਖ ਗਲੌਟ ਜੈਸਾ,
ਜੁਆਨ ਛੱਬ ਜੁਆਨਾਂ ਦੀ ਪੂਰਦਾ ਸੀ।

(4)
ਖੜ੍ਹਕੇ ਫੇਰਦਾ ਹੱਥ ਮੁਛੈਰਿਆਂ ਤੇ,
ਸੁਣੇ ਤਿੰਨ ਫ਼ਰਲਾਂਗ ਖੰਘੂਰਦਾ ਸੀ।

॥ ਦੋਹਿਰਾ ॥
ਦਸਦਾ ਸੀ ਦਸ਼ਮੇਸ਼ ਨੂੰ, ਮਾਮਾ ਜੀ ਕ੍ਰਿਪਾਲ।
ਐਂਦੀ ਔਣ ਸਢੌਰਿਉਂ, ਪੀਰ ਮੁਰੀਦਾਂ ਨਾਲ।

ਡੂਢਾ ਛੰਦ—18

(1)
ਕਿਰਪਾਲ ਚੰਦ ਜਾਂ ਪਰ੍ਹੇ ਨੂੰ ਹੱਟਦਾ, ਨਿਗਾਹ ਚੁਫੇਰੇ ਮਾਰਦਾ।
ਸਯਦ ਸਵਾਰ ਧੂੜਾਂ ਆਵੇ ਪੱਟਦਾ, ਜੱਥਾਂ ਲੈ ਪਰਵਾਰ ਦਾ।
ਦੇਖ ਹੱਲਾ ਹੋ ਗਿਆ ਡੂੰਮਣੇ ਭਰਿੰਡ ਦਾ, ਤੀਰਾਂ ਦੇ ਮੀਂਹ ਜ੍ਹੇ ਵਰ੍ਹਦੇ।
ਔਸੀ ਪੀਰ ਬੁੱਢਾ ਜਿਰਾ ਸੰਢੌਰੇ ਪਿੰਡ ਦਾ, ਉਡਾਉਂਦਾ ਔਂਦਾ ਗਰਦੇ।

(2)
ਨ੍ਹੇਰੀ ਚੜ੍ਹੀ ਆਵੇ ਉਡੱਣ-ਖਟੋਲਿਆਂ ਦੀ, ਗਿਰਨ ਬੰਬ ਕਿਸ ਤੇ?
ਵੇਖ ਡਾਰ ਦੂਰ ਤੋਂ ਤਰਿਹਗੀ ਗੋਲਿਆਂ ਦੀ, ਲਗੜ ਪੈਗੇ ਜਿਸ ਤੇ।
ਭੀਮ ਦਾ ਦਲੇਰ ਜੱਥਾ ਜਾਵੇ ਖਿੰਡਦਾ, ਫਿਰਨ ਰਾਜੇ ਡਰਦੇ।
ਔਸੀ ਪੀਰ ਬੁੱਢਾ ਜਿਹਾ ਸਢੌਰੇ ਪਿੰਡ ਦਾ, ਉਡਾਉਂਦਾ ਔਂਦਾ ਗਰਦੇ।

(3)
ਤਿੱਖੇ ਸੇਲੇ ਜਾਂਵਦੇ ਉਤਾਂਹ ਨੂੰ ਉਛਲੀ ਢਾਲਾਂ ਦੇ ਛਨਕਾਰ ਪਏ।
ਘੋੜਿਆਂ ਤੋਂ ਡੇਗ ਤੇ ਬਣਾਕੇ ਗੁਛਲੀ, ਜ਼ਿਮੀਂ ਤੇ ਅਸਵਾਰ ਪਏ।
ਪਾਟ ਜਾਂਦੇ ਸ਼ੀਸ ਜਿਉਂ ਕੜਾਕਾ ਟਿੰਡ ਦਾ, ਪਏ ਦੁਹਾਈਆਂ ਕਰਦੇ।
ਔਸੀ ਪੀਰ ਬੁੱਢਾ ਜਿਹਾ ਸਢੌਰੇ ਪਿੰਡ ਦਾ, ਉਡਾਉਂਦਾ ਔਂਦਾ ਗਰਦੇ।

(4)
ਤੋੜਤੇ ਮਿਆਨ ਤਲਵਾਰਾਂ ਖਿੱਚੀਆਂ ਹੋ ਉਤਾਂਹ ਤੋਂ ਗਿਰਦੀਆਂ।
ਡੇਗ ਤੇ ਪਹਾੜੀਏ ਮਰੋੜ ਗਿੱਚੀਆਂ, ਅਜੇ ਗੁੱਸੇ 'ਚ ਫਿਰਦੀਆਂ।
ਬ੍ਰਿਛ ਗੰਡਾਸਿਆਂ ਨੂੰ ਥਿਆ ਗਿਆ ਰਿਡ, ਦਾ, ਜੋੜੋਂ ਉਖੇੜ ਧਰਦੇ।
ਔਸੀ ਪੀਰ ਬੁੱਢਾ ਜਿਹਾ ਸਢੌਰੇ ਪਿੰਡ ਦਾ, ਉਡਾਉਂਦਾ ਔਂਦਾ ਗਰਦੇ।

(5)
ਮਨਚਲੇ ਗੱਭਰੂ ਦਲੇਰ ਕਾਰਮੇ, ਘੜੀ 'ਚ ਆਕੇ ਡੇਗਤੇ।
ਭੱਟੀਆਂ ਨੇ ਮਾਰੇ ਜਿਉਂ ਮੁਗ਼ਲ ਬਾਰ ਮੇਂ, ਸਰ੍ਹਾਣੇ ਲਾਤੇ ਰੇਗ ਤੇ।
ਲੱਗਿਆਂ ਨਾ ਚਿਰ ਇੱਕ ਵੀ ਸੈਕਿੰਡ ਦਾ, ਪ੍ਰੇਮੀ ਗੁਰੂ ਘਰ ਦੇ।
ਔਸੀ ਪੀਰ ਬੁੱਢਾ ਜਿਹਾ ਸਢੌਰੇ ਪਿੰਡ ਦਾ, ਉਡਾਉਂਦਾ ਔਂਦਾ ਗਰਦੇ।

(6)
ਚੜ੍ਹ ਗਿਆ ਆਕਾਸ਼ ਨੂੰ ਬਦਲ ਧੂੜਦਾ, ਲਲਕਾਰੇ ਵੱਜਗੇ।
ਸੱਚ ਰਹੂ ਫਿਸਜੂ ਬੁਰਜ ਕੂੜ ਦਾ, ਪਰ੍ਹੇ ਨੂੰ ਕੈਰ ਭੱਜਗੇ।
'ਰੱਜਬਲੀ' ਬੁੱਧੂ ਸ਼ਾਹ ਪੱਕਾ ਜਿਆ ਹਿੰਡ ਦਾ, ਕਿਵੇਂ ਲੜਾਈ ਹਰਦੇ?
ਔਂਸੀ ਪੀਰ ਬੁੱਢਾ ਜਿਹਾ ਸੰਢੌਰੇ ਪਿੰਡ ਦਾ, ਉਡਾਉਂਦਾ ਔਂਦਾ ਗਰਦੇ।

॥ ਦੋਹਿਰੇ ॥
ਸ਼ਤਰੂ ਦੋਨੋ ਤਰਫ਼ ਦੇ, ਕਰਨ ਵਾਰ ਪਰ ਵਾਰ।
ਰੱਤ ਵਿੱਚ ਨ੍ਹਾ—ਨ੍ਹਾ ਨਿਕਲਦੇ, ਖ਼ੰਜਰ ਤੇ ਤਲਵਾਰ।
ਚੌਬਰ ਨਵਾਂ ਹਯਾਤ ਖਾਂ, ਉਮਰ ਅਠਾਰਾਂ ਸਾਲ।
ਦੋ ਹੱਥ ਕਰੇ ਪਠਾਣ ਸੇ, ਲੜੇ ਸਾਧ ਕਿਰਪਾਲ।

ਦੋ ਭਾਗ ਛੰਦ-19

(1)
ਹੋਗੀ ਜਦੋਂ ਖ਼ਾਨ ਦੀ ਤਿਆਰੀ ਚੜ੍ਹਨ ਦੀ।
ਕਿਰਪਾਲ ਆਗਿਆ ਮੰਗਲੀ ਲੜਨ ਦੀ।

(2)
ਗੁੰਦਮਾਂ ਸਰੀਰ ਜਿਉਂ ਸਰੀਰ ਬਾਲੀ ਦਾ।
ਹੱਥ ਵਿੱਚ ਕੁਤਕਾਂ ਨਿੱਗਰ ਟਾਲ੍ਹੀ ਦਾ।

(3)
ਜੋਸ਼ ਨਾਲ ਗਿੱਚੀ ਦੇ ਖੜੋਗੇ ਵਾਲ ਜੀ।
ਰੋਕ ਕੇ ਖੜੋਗੀ ਖ਼ਾਨ ਨੂੰ ਸਰਾਲ ਜੀ।

(4)
ਖਿੜ-ਖਿੜ ਹੱਸਦਾ ਪਠਾਣ ਛੋਕਰਾ।
ਕਿੱਥੋਂ ਆ ਗਿਆ ਗਾਲਕੇ ਗੰਢਿਆਂ ਦਾ ਟੋਕਰਾ।

(5)
ਪੀ ਲਾ ਭੰਗ ਡੇਰੇ ਦੀ ਢਿੱਡਲ ਬਾਵਿਆ।
ਫਿਸਜੇਂਗਾ ਕੱਚੀਆਂ ਇਟ੍ਹਾਂ ਦੇ ਆਵਿਆ।

ਜੀਨਾਂ ਪੈਣ ਵਛੇਰਿਆਂ ਤੇ। ਲਾਲੀ ਚੜ੍ਹਦੀ ਜਾਂਦੀ ਗੋਲ਼ ਨੂਰਾਨੀ ਚਿਹਰਿਆਂ ਤੇ।
0 ਮਾਰੇ ਉੱਚੀਆਂ-ਉੱਚੀਆਂ ਵਾਜਾਂ, ਵੇਖੋ ਧੌਲੇ ਰੱਖਲੋ ਲਾਜਾਂ।
ਤਾਂ ਮੈਂ ਰਾਜ਼ੀ ਘੇਰਾ ਵਲ ਦਿਉ, ਸ਼ਾਹ-ਰਗ ਵੱਢਕੇ ਸੰਘੀਆਂ ਮਲ਼ ਦਿਉ।
ਬੱਕਰੇ ਜਿਉਂ ਬਕਰੀਦਾਂ ਨੂੰ। ਬੁੱਢੜਾ ਪੀਰ ਮਦਦ ਤੇ ਚੜ੍ਹਦਾ ਲੈਕੇ ਨਾਲ ਮੁਰੀਦਾਂ ਨੂੰ।

(4)

ਤੁਰਪੋ ਪਿੰਡ ਵੱਲ ਵੇਂਹਦੇ ਮੁੜਕੀ, ਕੋਤਲ ਛੇੜ ਭਜਾਉਣੇ ਦੁੜਕੀ,
ਕਰਨਾ ਕੂਚ ਬਣਾਕੇ ਲੈਣਾਂ, ਤੇਗ਼ਾਂ ਸੂਰਮਿਆਂ ਦਾ ਗਹਿਣਾ,
ਦੂਰੋਂ ਸੇਲੇ ਚਮਕਣ ਪਏ। ਖ਼ੂਨੀ ਤੀਰ ਭਰੇਵੇਂ ਭੱਥੇ ਲਾਹਮੀ ਤਰਕਸ਼ ਲਮਕਣ ਪਏ।
0 ਕਾਹਲਾਂ ਕਰਦਾ ਆਜੋ-ਆਜੋ, ਬਾਜ਼ਾਂ ਵਾਂਗ ਉਡਾਰੀ ਲਾਜੋ,
ਚੜ੍ਹਜੋ ਵੰਡ-ਵੰਡ ਪਾਲੋ ਵੰਡੀਆਂ, ਬੱਚੜਿਉ ਜਾਣ ਵਿਜੜ੍ਹ ਨਾ ਮੰਡੀਆਂ।
ਜਲਦੀ ਕਰੋ ਖ਼ਰੀਦਾਂ ਨੂੰ। ਬੁੱਢੜਾ ਪੀਰ ਮਦਦ ਤੇ ਚੜ੍ਹਦਾ ਲੈ ਕੇ ਨਾਲ ਮੁਰੀਦਾਂ ਨੂੰ।

(5)

ਪੌਂਚਣ ਸਾਰ ਉਡਾਦਿਉ ਗਰਦਾਂ, ਵਿਗੜੇ ਖੇਡ ਖਿੰਡਾਦਿਉ ਨਰਦਾ,
ਚੱਲ ਕੇ ਛੱਪੜ ਭਰ ਦਿਓ ਰਤ ਦੇ, ਫੜਕੇ ਚੀਰੋ ਲੱਤ ਧਰ ਲੱਤ ਦੇ।
ਸੁਰਤ ਭਲਾ ਦਿਉ ਸਿਧੜਾਂ ਦੀ। ਬੁਕਦੇ ਫਿਰਨ ਬਘੇਰੇ ਭਾਜੜ ਪੈਜੇ ਗਿਦੜਾਂ ਦੀ।
0 ਘੋੜਿਉਂ ਲਾਹ ਦਿਉ ਕਰ ਦਿਉ ਮੂਧੇ, ਉਡਦੇ ਫਿਰਨ ਸਮੋਸੇ ਊਧੇ,
ਡਰਦੇ ਫਿਰਨ ਛੁਡਾਦਿਉ ਤੇਗ਼ਾਂ, ਨਾਲੇ ਮੈਂ ਪੁੱਤ ਦਸ ਵੀਹ ਡੇਗਾਂ,
ਕਰਦਾ ਬਿਰਧ ਤਗੀਦਾਂ ਨੂੰ। ਬੁੱਢੜਾ ਪੀਰ ਮਦਦ ਤੇ ਚੜ੍ਹਦਾ ਲੈਕੇ ਨਾਲ ਮੁਰੀਦਾਂ ਨੂੰ।

(6)

ਪੁੱਤਰੋ ਤਾਂ ਗੱਲ ਰਹਿੰਦੀ ਮੇਰੀ, ਚੜ੍ਹਦੇ ਸਾਰ ਲਿਆਦਿਉਂ ਨ੍ਹੇਰੀ,
'ਕਲਗ਼ੀ ਵਾਲਾ' ਹਾਮੀ ਸੱਚ ਦਾ, ਐਧਰ ਜ਼ੁਲਮੀ ਭਾਂਬੜ ਮੱਚਦਾ,
ਛੱਡਦੀ ਅਗਨ ਭਮੂਕਿਆਂ ਨੂੰ। ਇਬਰਾਹੀਮ ਦੇ ਵਾਂਗੂੰ ਵੜਜੋ ਮਾਰ ਥਬੂਕਿਆਂ ਨੂੰ।
'ਬਾਬੂ' ਗੜ੍ਹਕਿਆ ਕਹਿ ਕੇ ਐਨੀ, ਚੜ੍ਹਜੋ ਨਾਹਰਾ ਮਾਰ ਹੁਸੈਨੀ,
ਵੇਖੋ ਖ਼ੂਨੀ ਖ਼ੰਜ਼ਰ ਵਾਹਕੇ, ਲੱਸ਼ਕਰ ਵਾਂਗ ਹਨੀਫ਼ ਝੜ੍ਹਾਕੇ।
ਮਾਰੇ ਸਿਮਰ ਜਦੀਦਾਂ ਨੂੰ। ਬੁੱਢੜਾ ਪੀਰ ਮਦਦ ਤੇ ਚੜ੍ਹਦਾ, ਲੈ ਕੇ ਨਾਲ ਮੁਰੀਦਾਂ ਨੂੰ।

॥ ਦੋਹਿਰਾ ॥

ਭਰੇ ਤਬੇਲੇ ਪੀਰ ਦੇ, ਅਸਪ ਖ਼ਰੀਦ-ਖ਼ਰੀਦ।
ਚੜ੍ਹਦੇ ਫੜਕੇ ਬਰਛੀਆਂ, ਹੋਣ ਸਵਾਰ ਮੁਰੀਦ।

ਤਰਜ਼ ਕਮਾਨੀ-17

(1)

ਸੱਭ ਹੇਠਾਂ ਹਾਰਸ ਸੋਹਣੇ, ਪਾ ਰਾਤਬ ਪਾਲੇ, ਹੋਣੇ, ਪੂੰਝੇ ਮੋਰਾਂ ਵਰਗੇ ਮੋਹਣੇ,
ਹਿੱਕ ਚੌੜੀ ਤੇ ਕੰਨ ਜੋੜਨ ਜੀ, ਜਬ ਨੱਚਦੇ ਗਰਦਨ ਮੋੜਨ ਜੀ।
ਪੱਟ ਗੁੰਦਮੇ ਵੱਖੀਆਂ ਢਿਲਕਣ, ਪਿੰਡਿਆਂ ਤੋਂ ਮੱਖੀਆਂ ਤਿਲਕਣ, ਤੇ ਸ਼ੀਸ਼ਿਆਂ ਵਾਂਗੂੰ ਚਿਲਕਣ,
ਰੱਖੇ ਵਾਂਗ ਤਲੀ ਦੇ ਫੋੜਿਆਂ ਦੇ। ਸੁੰਬ ਕੜ-ਕੜ ਖੜਕਣ ਘੋੜਿਆਂ ਦੇ।

(2)

ਰੰਗ ਚੀਨੇ ਨੁੱਕਰੇ ਸਬਜ਼ੇ, ਗੁਲਦਾਰ ਕੰਡਿਆਲੇ ਚੱਬਜੇ, ਕਈ ਸੁਰਖ਼ ਨਰੰਗ ਵਿੱਚ ਡੱਬਜੇ,
ਵਿੱਚ ਪੈਂਦੇ ਜੌਹਰ ਸਰੀਰਾਂ ਦੇ। ਕੁਲ ਵਧੀਆਂ ਕੋਤਲ ਪੀਰਾਂ ਦੇ।
ਕਈ ਕੱਕੀਆਂ ਚਬੀਆਂ ਕੁਲੀਆਂ, ਮੂੰਹ ਖ਼ਾਕੀ ਗੁਲਾਬੀ ਬੁੱਲ੍ਹੀਆਂ, ਕਈ ਸੁਰਖ਼ੀ ਮੱਥੇ ਵਿੱਚ ਫੁੱਲੀਆਂ,
ਰੰਗ ਕਾਲੇ ਅਬਲੱਖ ਥੋੜਿਆਂ ਦੇ। ਸੁੰਬ ਕੜ-ਕੜ ਖੜਕ ਘੋੜਿਆਂ ਦੇ।

(3)

ਤੰਗ ਕੱਸ-ਕੱਸ ਕਰੜੇ ਕਰਗੇ, ਉੱਤੇ ਸਬਜ਼ ਪਲਾਣਾ ਧਰਗੇ, ਪੱਬ ਬਰਕਤ ਲਾਚੇ ਵਰਗੇ,
ਪਰ ਠੁਮ੍ਹ-ਠੁਮ੍ਹ ਵਜਦੇ ਧਰਤੀ ਤੇ। ਉਡੱਦੇ ਕਰੜਾਈ ਕਰਤੀ ਤੇ।
ਤਾਰੂ ਵਧੀਆ ਨਮਦੇ ਵਾਲੇ, ਪਾਏ ਢਲੇ ਰਕਾਬ ਬਟਾਲੇ, ਰੁੱਖ ਭੰਦੇ ਦਿਸਣ ਉਦਾਲ਼ੇ,
ਜੋ ਇੱਕ ਦਮ ਸਿਰਪੱਟ ਛੋੜਿਆ ਦੇ। ਸੁੰਬ ਕੜ-ਕੜ ਖੜਕਣ ਘੋੜਿਆਂ ਦੇ।

(4)

ਰਾਵੀ ਅਟਕ ਝਨਾਂ ਤੋਂ ਲਿਆਂਦੇ, ਝੱਗ ਮੂੰਹ ਨੂੰ ਖਵ੍ਹੀਆਂ ਖਾਂਦੇ, ਕਾਲੇ ਖ਼ਾਨ ਵਰੀ ਰਲ ਜਾਂਦੇ,
ਨ੍ਹੇਰੀ ਚੜ੍ਹਗੀ ਤੇਜ਼ ਬਰੋਲਿਆਂ ਦੀ। ਹੋਰ ਉਡੱਣੀ ਉੱਡਣ ਖਟੋਲਿਆਂ ਦੀ।
ਕੱਢ ਨਵੀਆਂ-ਨਵੀਆਂ ਚਾਲਾਂ, ਕਦੇ ਤੁਰਦੇ ਗਾਮ ਰੁਹਾਲਾਂ, ਜਬ ਭੱਜਦੇ ਕਰਨ ਕਮਾਲਾਂ,
ਟੱਪ ਜਾਂਦੇ ਉੱਪਰੋਂ ਧੌੜਿਆਂ ਦੇ। ਸੁੰਬ ਕੜ-ਕੜ ਖੜਕਣ ਘੋੜਿਆਂ ਦੇ।

(5)

ਖਿਚੇ ਸਾਂਣ ਝੜਾਕੇ ਤੇਗੇ, ਜਾਂ ਗਿਣਤੀ ਦੇ ਮੱਲ ਡੇਗੇ, ਰੱਤ ਸੰਘਣੀ ਚੜ੍ਹਗੇ ਸੇਗੇ,
ਜੁਆਨ ਦਿੰਦੇ ਫਿਰਦੇ ਹੇਲੀਐ, ਇੱਕ ਦੰਮ ਲਿਆਤੀ ਪੱਟਮੇਲ੍ਹੀ ਐ।
ਖੁੱਲ੍ਹੇ ਬੱਚ ਵੱਢ ਖਾਣਿਉਂ ਗੁਰਗੋ, 'ਬਾਬੂ' ਪਲ ਵਿੱਚ ਪਾਤੀ ਖ਼ੁਰਗੋ, ਸੱਤ ਰਹਿਮਤ ਲੈਕ ਬਜ਼ੁਰਗੋ,
ਢੇਰ ਲਾਤੇ ਗਾਟ ਮਰੋੜਿਆਂ ਦੇ। ਸੁੰਬ ਕੜ-ਕੜ ਖੜਕਣ ਘੋੜਿਆਂ ਦੇ।

ਖ਼ਾਨ ਕਰਗੇ ਕੂਚ ਕਰੇ ਝੱਰਾ, ਹੈਰਾਨ ਪੀਰਾਂ।
ਭੀੜ ਬਣੀ ਤੋਂ ਜਵਾਬ ਦੇਗੇ ਕੌਰਾ। ਪਠਾਣ ਪੀਰਾਂ

(2)

ਉਨ੍ਹਾਂ ਨੇ ਕੀਤੀ ਮਾੜੀ, ਤੇਰੀ ਨਾ ਵੇਖੀ ਦਾੜ੍ਹੀ,
ਦਸਵਾਂ ਗੁਰ ਤੇਰਾ ਦਰਦੀ, ਕੁੱਲ ਨੂੰ ਸਵਾਤੀ ਵਰਦੀ,
ਕੋਈ ਪੀਰ ਜੀ ਤੁਸਾਂ ਨੂੰ ਭੁੱਲ ਨਾ। ਅਹਿਸਾਨ ਕੀਤਾ।
ਬਾਬਾ ਸੱਚਿਆ ਗੁਰਾਂ ਦਾ ਭੁੱਲ ਨਾ। ਅਹਿਸਾਨ ਕੀਤਾ।
0 ਬਖ਼ਸ਼ਸ਼ ਹਥਿਆਰ ਘੋੜੇ, ਛਡੇ ਦੱਸ ਕਾਦ੍ਹੇ ਤੋੜੇ?
ਧਨਸ਼ ਤਲਵਾਰ ਤਮਾਂਚੇ, ਕੁਣਕਿਆਂ ਨੂੰ ਲੌਣ ਗਰਾਚੇ,
ਮੌਜਾਂ ਕਰਨ ਦਿੱਤਾ ਨਾ ਦੁੱਖ ਭੋਰਾ, ਕੀ ਮਾਣ ਪੀਰਾਂ?
ਭੀੜ ਬਣੀ ਤੋਂ ਜਵਾਬ ਦੇਗੇ ਕੌਰਾ, ਪਠਾਣ ਪੀਰਾ।

(3)

ਕੇਸਰ ਪਾ ਜ਼ਰਦੇ ਛੱਕਦੇ, ਖੀਰਾਂ ਮਾਲ੍ਹਪੂੜੇ ਪੱਕਦੇ,
ਘਿਉ ਦੀਆਂ ਕੁਰਲੀਆਂ ਕਰਦੇ, ਸਬਜ਼ੀ ਦਾਲ਼ ਧੋ-ਧੋ ਧਰਦੇ,
ਪਾਕੇ ਧਨੀਏਂ ਲਸਣ ਦੀਆਂ ਭੂਕਾਂ, ਨਿਕਾਰੇ ਹੌਏ।
ਠੰਡੇ ਦੁੱਧ ਨੂੰ ਮਾਰਦੇ ਫੂਕਾਂ, ਨਿਕਾਰੇ ਹੌਏ।
0 ਤੰਬੂਆਂ ਵਿੱਚ ਲਾਤੇ ਆਸਣ, ਮਿਸ਼ਰੀ ਖੰਡ ਮਿਲਦਾ ਰਾਸ਼ਣ,
ਰੱਖ ਵੇ ਨੌ ਹਲਵਾਈ, ਹਫ਼ਤੇ ਬਾਦ ਮਿਲੇ ਮਠਿਆਈ,
ਚਾਹਟੇ ਗਰਮ ਦਾ ਗਰਮ ਕਟੋਰਾ, ਛਕਾਣ ਪੀਰਾਂ।
ਭੀੜ ਬਣੀ ਤੋਂ ਜਵਾਬ ਦੇਗੇ ਕੌਰਾ, ਪਠਾਣ ਪੀਰਾ।

(4)

ਔਰੰਗਸ਼ਾਹ ਕਰੇ ਨਰਾਜ਼ੀ, ਦਿੱਲੀ ਤੋਂ ਕੱਢਤੇ ਪਾਜ਼ੀ,
ਮਿਲਦੇ ਨਿੱਤ ਸੋਲਾਂ ਆਨੇ, ਗੁਰ ਜੀ ਦੇ ਭਰੇ ਖ਼ਜ਼ਾਨੇ,
ਪਹਿਲੀ ਭੇਟ ਮਿਲਣ ਤਨਖਾਹਾਂ, ਟੱਬਰ ਖਾਂਦੇ।
ਫਾਹਾ ਲੈਣ ਉਤਾਹਾਂ ਕਰ ਬਾਹਾਂ, ਟੱਬਰ ਖਾਂਦੇ।
0 ਵਿਹੁ ਦੇ ਨਾਲ ਭਰਗੇ ਠੂੰਹੇ, ਚਲ੍ਹੀਏ ਦੁੱਧ ਪੀਣ ਦਮੂੰਹੇ,
ਦੁੱਧ ਤੋਂ ਪਰ ਟੱਲੀਆਂ ਮੱਖੀਆਂ, ਤੇਰੇ ਨਾਲ ਲੱਗਣ ਨਾ ਅੱਖੀਆਂ,
ਗਏ ਦਾਗ਼ ਲਗਾ ਨਾ ਲੱਗਿਆ ਫੋਰਾ, ਮਹਿਮਾਨ ਪੀਰਾ।
ਭੀੜ ਬਣੀ ਤੋਂ ਜਵਾਬ ਦੇਗੇ ਕੌਰਾ, ਪਠਾਣ ਪੀਰਾ।

(5)

ਰਾਜਿਆਂ ਦੇ ਨਾਲ ਰਲ੍ਹਗੇ, ਬਹੁਤਿਆਂ ਤੋਂ ਡਰਕੇ ਟਲਗੇ,
ਰਿਸ਼ਵਤ ਲੈ ਦੂਜੀ ਤਰਫ਼ੋਂ, ਕਰੀ ਹਿੱਕ ਠੰਢੀ ਬਰਫ਼ੋਂ,
ਉੱਥੇ ਲੈ ਲੀ ਨੌਕਰੀ ਜਾਕੇ, ਲੜਨ ਅੱਗੋਂ,
ਲੂਣ ਦਸਮੇਂ ਗੁਰਾਂ ਦਾ ਖਾਕੇ, ਲੜਣ ਅੱਗੋਂ,
0 ਟੋਏ ਜੇ ਪੁੱਟਣ ਲੱਗੇ, ਆਵਣਗੇ ਉਨ੍ਹਾਂ ਅੱਗੇ,
'ਬਾਬੂ ਜੀ' ਰਹਿਣ ਸੁੱਤੇ, ਬੰਨ੍ਹ ਲਿਆ ਲੱਕ ਗਰਕਣ ਉੱਤੇ,
ਜੋੜੀ ਦਾਰਾ ਲਗਾਦੇ ਦੌਹਰਾ, ਲਾ ਧਿਆਨ ਵੀਰਾ।
ਭੀੜ ਬਣੀ ਤੋਂ ਜਵਾਬ ਦੇਗੇ ਕੌਰਾ, ਪਠਾਣ ਪੀਰਾ।

॥ ਦੋਹਿਰਾ ॥

ਧੌਖੇਬਾਜ਼ ਪਠਾਣ ਸੀ, ਗਏ ਗੁਰਾਂ ਤੋਂ ਵੇਰ੍ਹ।
ਪੁੱਤਰ ਵੀਰ ਮੁਰੀਦ ਜੋ, ਬਣੇਂ ਬਹਾਦਰ ਸ਼ੇਰ।

ਤਰਜ਼-16

(1)

ਆਹ ਗੱਲ ਪੀਰ ਬੁੱਢੇ ਨੇ ਆਖੀ, ਸੁਣਲੋ ਧਿਆਨ ਲਗਾ ਕਰ ਸਾਖੀ,
ਸਤਿਗੁਰੂ ਪਾਉਂਟੇ ਸਾਹਬ ਬਰਾਜੇ, ਪੈਗੇ ਮਗਰ ਪਹਾੜੀ ਰਾਜੇ,
ਜ਼ਾਲਮ ਸੜਗੇ ਵੇਖਕੇ, ਬਣਕੇ ਛੱਤਰੀ ਬਾਹਮਣ ਦੁਸ਼ਮਣ ਗ਼ਰਕੇ ਭੇਖ ਕੇ।
0 ਸੈਨਾ ਨੈ ਜਮਨਾ ਤੋਂ ਲੰਘਣੀ, ਟੱਪਕੇ ਕਰਨ ਉਤਾਰਾ ਭੰਗਣੀ,
ਬਾਈ ਧਾਰ ਪਹਾੜੀ ਠਾਕਰ, ਸੱਦਕੇ ਗੁਰ ਨੂੰ ਮਾਰਨ ਹਾਕਰ,
ਪਰ ਕੀ ਸ਼ਰਮ ਪਲੀਦਾਂ ਨੂੰ। ਬੁੱਢੜਾ ਪੀਰ ਮਦਦ ਤੇ ਚੜ੍ਹਦਾ ਲੈਕੇ ਨਾਲ ਮੁਰੀਦਾਂ ਨੂੰ।

(2)

ਉੱਠ ਪੁੱਤ ਚਾਰੇ ਪਾਲੋ ਵਰਦੀ, ਅੱਜ ਪਰ ਫ਼ੌਜ ਬਣਾਲੋ ਘਰ ਦੀ,
ਮੇਰੇ ਜਿਤਨੇ ਚੇਲੇ-ਚੂਲੇ, ਚੜ੍ਹਜੋ ਜਿਹੜਾ ਮੌਤ ਕਬੂਲੇ,
ਦੇਣਾ ਹੋਮ ਵਜੂਦਾਂ ਨੂੰ। ਪੱਟ ਦਿਉ ਚੱਲਕੇ ਧਰਤੀ, ਲੱਗਜੋ ਧੌਣ ਖ਼ਰੂਦਾਂ ਨੂੰ।
0 ਖੱਪਣ ਬੰਨ੍ਹਲੋ ਸਾਰੇ ਸਿਰ ਤੇ, ਸਾਰੇ ਮਰਜੋ ਗੁਰ ਦੀ ਧਿਰ ਤੇ,
ਇਕ ਦਮ ਚੱਲਕੇ ਭੱਜਬੂ ਪੌਣਾਂ, ਪਰ ਪੁੱਤ ਮੈਂ ਨਾ ਮੁੜਕੇ ਔਣਾ,
ਚੱਕ ਦਿਉ ਆਸ ਉਮੀਦਾਂ ਨੂੰ। ਬੁੱਢੜਾ ਪੀਰ ਮਦਦ ਤੇ ਚੜ੍ਹਦਾ, ਲੈਕੇ ਨਾਲ ਮੁਰੀਦਾਂ ਨੂੰ।

(3)

ਵਰਤਣ ਜੋ ਤਕਦੀਰਾਂ ਲਿਖੀਆਂ, ਤੇ ਤਲਵਾਰਾਂ ਕਰਲੋ ਤਿੱਖੀਆਂ,
ਫੜਲੋ ਢਾਲਾਂ, ਚੰਗੀਆਂ-ਚੰਗੀਆਂ, ਕਿਲਿਉਂ ਲੌਹਣ ਕਮਾਣਾ ਵਿੰਗੀਆਂ,

(5)

ਟੁੱਟੇ ਵੈਰੀ ਦੇ ਹਿਰਾਸ, ਲੋਥਾਂ ਪਈਆਂ ਆਸ-ਪਾਸ, ਖਿੰਡੇ ਰੁੱਗ-ਰੁੱਗ ਮਾਸ,
ਦੇ ਵਚਾਲੇ ਖੇਤੀ ਦੇ। ਗਾੜ੍ਹਾ ਲਹੂ ਉੱਤੇ ਜੰਮ ਗਿਆ ਬਰੇਤੀ ਦੇ।
ਬਣੀ ਸੱਭਨਾਂ ਦੀ ਗੱਤ, ਕਿਤੇ ਬਾਂਹ ਕਿਸੇ ਥਾਂ ਲੱਤ, ਗਿਰੇ ਮੂੰਹ ਦੇ ਵਿੱਚੋਂ ਰੱਤ,
ਤਲਵਾਰ ਧਾਪੀ ਦੇ। ਹੌਸਲਾ ਚੜ੍ਹਾ ਦਿੱਤਾ ਗੁਰਾਂ ਨੇ ਥਾਪੀ ਦੇ।

(6)

ਅੱਗੇ ਢੁੱਕਦਾ ਨਾ ਨੱਕ, ਵੱਜੇ ਕਿਰਚਾਂ ਦੇ ਟੱਕ, ਭਰੇ ਚਿੱਤਰਿਆਂ ਨੇ ਚੱਕ,
ਜੀ ਉਦਾਲਿਉ ਵਲਕੇ। ਇੱਕ ਕੰਨੀ ਜਾ ਖੜ੍ਹੇ ਪਠਾਣ ਟਲ ਕੇ।
ਦਿਆ ਰਾਮ ਨੰਦ ਚੰਦ, ਹੁੰਦੇ ਲੜਨੋਂ ਨਾ ਬੰਦ, ਕਈਆਂ ਤਰਜ਼ਾਂ ਦੇ ਛੰਦ,
'ਬਾਬੂ ਜੀ' ਦੀ ਕਾਪੀ ਦੇ। ਹੌਸਲਾ ਚੜ੍ਹਾ ਦਿੱਤਾ ਗੁਰਾਂ ਨੇ ਥਾਪੀ ਦੇ।

॥ ਦੋਹਿਰਾ ॥

ਨੇਜੇ, ਬਿਛੂਏ ਰਹਿਕਲੇ, ਤੀਰ ਬਦੂਕਾਂ ਢਾਲ।
ਚੱਲਣ ਖੂਨਣ ਬਰਛੀਆਂ, ਵਗਣ ਲਹੂ ਦੇ ਖਾਲ਼।

ਭੁਢਾ ਛੰਦ-14

(1)

ਜੁਆਨਾਂ ਨੇ ਲੜਨ ਦੀ ਲਕੀਰ ਕੱਢਤੀ, ਪਾ ਰਹੇ ਖ਼ਰੂਦਾਂ ਨੂੰ।
ਮਘੀ-ਰਣ ਭੂਮਿਕਾ ਹਨੇਰੀ ਛੱਡਤੀ, ਲਾ ਅਗਨ ਬਰੂਦਾਂ ਨੂੰ।
ਪਸਤੌਲ ਰਫ਼ਲਾਂ ਤਮਾਚੇ ਜਾਗਲੇ, ਮਸਾਲੇ ਵਿੱਚ ਝੋਲਿਆਂ ਦੇ।
ਬਾਘ ਬੱਚੇ ਬਿਛੂਏ ਬੰਦੂਕਾਂ ਰਾਗਲੇ, ਧੜੂਕੇ ਪੈਂਦੇ ਗੋਲਿਆਂ ਦੇ।

(2)

ਕਈਆਂ ਕੋਲ਼ੇ ਬਰਛੀ ਜਿਹੋ ਜੀ ਮੇਘ ਦੀ, ਦਲੇਰ ਪੁੱਤ ਰੌਣ ਦਾ।
ਤੂੰਬਿਆਂ ਵਾਂਗੂ ਸਿਰਾਂ ਨੂੰ ਧੜਾਂ ਤੋਂ ਡੇਗ ਦੀ, ਪਾ ਜੜਕਾਟਾ ਧੌਣ ਦਾ।
ਫੜ ਤੋੜੇ ਤੋਪਾਂ ਨੇ ਘੜੀ 'ਚ ਦਾਗ਼ਲੇ, ਧੂੰਏ ਚੜ੍ਹੇ ਬਰੋਲਿਆਂ ਦੇ।
ਬਾਘ ਬੱਚੇ ਬਿਛੂਏ ਬੰਦੂਕਾਂ ਰਾਗਲੇ, ਧੜੂਕੇ ਪੈਂਦੇ ਗੋਲਿਆਂ ਦੇ।

(3)

ਕਈਆਂ ਕੋਲੇ ਧਨਸ਼ ਗੰਡਵੀ ਵਰਗੇ, ਚਲਾਇਆ ਪਾਂਡੋ ਅਰਜਨ ਨੇ।
ਜੀਹਦੇ ਤੀਰ ਵੱਜ ਜੇ ਘੜੀ 'ਚ ਠਰਗੇ, ਪ੍ਰਾਣ ਛੱਡੇ ਦਰਜ਼ਨ ਨੇ।

ਛੁੱਟਗੇ ਅਗਨ-ਬਾਣ ਮੂਹਰੇ ਭਾਗਲੇ, ਭੁੰਨਣ ਵਾਂਗੂੰ ਕੌਲਿਆਂ ਦੇ।
ਬਾਘ ਬੱਚੇ ਬਿਛੂਏ ਬੰਦੂਕਾਂ ਰਾਗਲੇ, ਧੜੂਕੇ ਪੈਂਦੇ ਗੋਲਿਆਂ ਦੇ।

(4)

ਕਈਆਂ ਕੋਲ਼ੇ ਹੈਦਰੀ ਜ਼ੁਲਫ਼ਕਾਰ ਸੀ, ਮਿਆਨੋਂ ਸੂਤ ਲੈਂਦੇ ਸੀ।
ਵੈਰੀ ਗਿਰ ਜਾਂਵਦੇ ਚੱਲਣ ਸਾਰ ਸੀ, ਤੇ ਚਮਕਾਰੇ ਪੈਂਦੇ ਸੀ।
ਵੇਖਕੇ ਤੇ ਗੱਭਰੂ ਡਰਨ ਲਾਗਲੇ ਜਿਵੇਂ ਸ਼ੱਤਰ ਟੋਲਿਆਂ ਦੇ।
ਬਾਘ ਬੱਚੇ ਬਿਛੂਏ ਬੰਦੂਕਾਂ ਰਾਗਲੇ, ਧੜੂਕੇ ਪੈਂਦੇ ਗੋਲਿਆਂ ਦੇ।

(5)

ਕਈਆਂ ਦੀ ਨਕਲ ਜੱਗਦੇ ਦੀ ਸਾਂਗਦੀ, ਉਲੱਰ ਦੀ ਦਲੌਰਾਂ ਤੇ।
ਵੈਰੀਆਂ ਦੇ ਫਿਰਦੀ ਦਲਾਂ ਨੂੰ ਛਾਂਗਦੀ, ਘੁੱਕਾ ਸਿੱਟ੍ਹਣ ਮੌਰਾਂ ਤੇ।
ਔਣ ਕਾਰਤੂਸ਼ਾਂ ਦੇ ਰਲ਼ੇ ਵੇ ਡਾਗਲੇ, ਬਣੇ ਕੀ ਝੰਜੋੜਿਆਂ ਦੇ।
ਬਾਘ ਬੱਚੇ ਬਿਛੂਏ ਬੰਦੂਕਾਂ ਰਾਗਲੇ, ਧੜੂਕੇ ਪੈਂਦੇ ਗੋਲਿਆਂ ਦੇ।

(6)

ਤਰਸੂਲ ਖੜ੍ਹਗਾਂ ਬਥੇਰਾ ਵੱਜੀਆਂ, ਤੇ ਢਾਲਜੇ ਵੀ ਉੜੇ ਪਏ।
ਤਲਵਾਰਾਂ ਤਿੱਖੀਆਂ ਲਹੂ ਪੀ ਰੱਜੀਆਂ, ਲਹੂ ਪੀ ਮੂੰਹ ਮੁੜੇ ਪਏ।
'ਬਾਬੂ' ਮਾਸ ਚੁੰਝਾਂ ਪਾ ਖਿੱਚਣ ਕਾਗਲੇ, ਜੀ ਸੂਰਮਿਆਂ ਮਧੋਲਿਆਂ ਦੇ।
ਬਾਘ ਬੱਚੇ ਬਿਛੂਏ, ਬੰਦੂਖਾਂ ਰਾਗਲੇ, ਧੜੂਕੇ ਪੈਂਦੇ ਗੋਲਿਆਂ ਦੇ।

॥ ਦੋਹਿਰਾ ॥

ਬੰਦਾ ਪਾਉਂਟੇ ਸਾਹਬ ਤੋਂ, ਗਿਆ ਸਢੌਰੇ ਗਾਮ।
ਬੁੱਢੇ ਬੁੱਧੂ ਸ਼ਾਹ ਪੀਰ ਨੂੰ, ਝੁੱਕ-ਝੁੱਕ ਕਰੇ ਸਲਾਮ।

ਔੜਾ ਛੰਦ-15

(1)

ਏਹੋ ਗੱਲ ਪੜ੍ਹੀ ਕਿਤਾਬੋਂ, ਬੰਦਾਂ ਇਕ ਪਾਉਂਟੇ ਸਾਹਬੋਂ,
ਪੈ ਗਿਆ ਕੋਈ ਕੰਮ ਸੰਢੌਰੇ, ਸਜਦਾ ਦੇ ਵੜ ਗਿਆ ਨੌਹਰੇ।
ਬੈਠਾ ਪੀਰ ਕਰਨੀਆਂ ਵਾਲਾ। ਬੁੱਧੂ ਸ਼ਾਹ ਉੱਥੇ,
ਰਿਹਾ ਫੇਰ ਤਸਵੀਆਂ ਮਾਲਾ, ਬੁੱਧੂ ਸ਼ਾਹ ਉੱਥੇ।
ਰਾਜਿਆਂ ਨੇ ਚੈਲੰਜ ਦੇਤਾ, ਦੁੱਧ ਦੇ ਵਿੱਚ ਪੈ ਗਿਆ ਰੇਤਾ,
ਨੌਕਰ ਕਰਵਾਏ ਜਿਹੜੇ, ਸਤਿਗੁਰ ਦੇ ਛੱਡਗੇ ਵੇਹੜੇ,

॥ ਦੋਹਿਰਾ ॥
ਜਮਨ-ਘਾਟ ਤੇ ਲੜਨਗੇ, ਦਸਮਾਂ ਗੁਰ ਤੇ ਭੀਮ।
ਸਾਧ ਭੰਗਾਣੀ ਗਾਂਮ ਦੇ, ਡਰਗੇ ਵੇਖ ਗਨੀਮ।

ਮਨੋਹਰ ਭਵਾਨੀ-11

(1)

ਆਗੇ ਬਾਈ ਧਾਰ ਰਾਜੇ, ਦਸ਼ਮੇਸ਼ ਵੀ ਬਰਾਜੇ, ਵੱਜੇ ਰਣਜੀਤ ਵਾਜੇ, ਦੋਂ ਗਨੀਮ ਰੱਲਗੇ। ਮੰਗ ਖਾਣੇ ਸਾਧਾਂ ਦੇ ਅੰਦਰ ਹੱਲਗੇ। ਜੁਆਨ ਜ਼ਰਾ ਨਾ ਹੱਲਣ, ਤੇਗਾਂ ਤਿੱਖੀਆਂ ਚੱਲਣ, ਬਾਣਾਂ ਸੁਰ ਤੇ ਚੱਲਣ, ਬਾਣ ਅੱਨਰੁਧ ਦੇ, ਭੱਜ ਚੱਲੇ ਬੂਬਨੇ ਡਰਾਏ ਯੁੱਧ ਦੇ।

(2)

ਵੇਦ ਤੇ ਵਿਦਾਂਤ ਪੜ੍ਹੇ, ਸਾਧ ਵਖਤਾਂ ਨੂੰ ਫੜੇ, ਕੋਈ ਰਾਜੇ ਤੇ ਨਾ ਚੜ੍ਹੇ, ਡਰਨ ਚੁਫੇਰਿਉਂ। ਪੱਤੇ ਵਾਹਗੇ ਬੁੱਤੀਆਂ ਡਰੈਣੇ ਡੇਰਿਉਂ। ਰਵਾਂ ਹੋਗੇ ਸੌਹਾਂ ਪਾਕੇ, ਰੋਟੀ ਖਾਲੋ ਹੱਲ ਵਾਹਕੇ, ਜਟਾਂ ਮਾਰੀਆਂ ਭਮਾ ਕੇ, ਆਸਣਾਂ ਤੋਂ ਕੁੱਦਦੇ। ਭੱਜ ਚੱਲੇ ਬੂਬਨੇ ਡਰਾਏ ਯੁੱਧ ਦੇ।

(3)

ਪੈਗੀ ਵੇਹਲਿਆਂ ਨੂੰ ਭੁੱਸ, ਤੇ ਡਿੱਗਣ ਹੁੱਸ-ਹੁੱਸ, ਦੇਗੇ ਸ੍ਥਾਨਾਂ ਵਾਂਗੂੰ ਧੁੱਸ, ਵਿਚ ਦੀ ਕਰੀਰਾਂ ਦੇ। ਭਰੇ ਰਹਿਗੇ ਡੇਰੇ 'ਚ ਕੜਾਹੇ ਖੀਰਾਂ ਦੇ। ਆ ਭੰਡਾਰਾ ਕਿਹੜਾ ਖੋਲ੍ਹੇ, ਗਏ ਹਲੌਦੇ ਢਿੱਡ ਪੋਲੇ, ਸਾਧ ਥਲੀ ਦੇ ਭੜੋਲੇ, ਪਲ਼ੇ ਕੱਚੇ ਦੁੱਧ ਦੇ। ਭੱਜ ਚੱਲੇ ਬੂਬਨੇ ਡਰਾਏ ਯੁੱਧ ਦੇ।

(4)

ਨਾ ਨਚੋੜੀ ਸਾਫੀ ਗਿੱਲੀ, ਪਵੇ ਮੰਨੀਆਂ ਤੇ ਖਿੱਲੀ, ਕੱਚੀ ਮੱਖਣੀ ਤੇ ਬਿੱਲੀਆਂ, ਲੜਾਈ ਕਰਦੀਆਂ, ਘੋਟਣੇ ਪਏ ਲਟੈਣਾਂ ਮਾੜੇ ਘਰ ਦੀਆਂ। ਪੱਤੇ ਤੋੜਗੇ ਅਲੱਗ, ਬੁੱਝੀ ਚਿਲਮਾਂ 'ਚੋਂ ਅੱਗ, ਢਿੱਡ ਕਰੇ ਬੱਗ-ਬੱਗ, ਪਏ ਚਿੱਪੇ ਜ੍ਹੇ ਮੁੱਧਦੇ। ਭੱਜ ਚੱਲੇ ਬੂਬਨੇ ਡਰਾਏ ਯੁੱਧ ਦੇ।

(5)

ਵੇਹਲੇ ਵਿਗੜੇ 'ਵੇ ਜੱਟ, ਖਹਿਕੇ ਹੋਗੇ ਲਾਲ ਪੱਟ, ਪੈਣ ਗੋਗੜਾਂ ਨੂੰ ਵੱਟ, ਮੁੰਮੇ ਸੇਰ-ਸੇਰ ਦੇ। ਡੇਢ ਕੋਹ ਤੇ ਪਹੁੰਚੇ ਤੁਰੇ 'ਵੇ ਸਵੇਰ ਦੇ। ਕੋਰੀ ਮੈਲ ਸਾਰੇ ਸਾਥੀ, ਸੁੱਜ ਹੋਗੇ ਪੈਰ ਪਾਥੀ, ਥੱਕੇ ਉੱਠਦੇ ਨਾ ਹਾਥੀ, ਬਹਿ ਵਿਚਾਲੇ ਧੁੱਦ ਦੇ। ਭੱਜ ਚੱਲੇ ਬੂਬਨੇ ਡਰਾਏ ਯੁੱਧ ਦੇ।

(6)

ਕਿਸੇ ਖੇਤ 'ਚੋਂ ਨਾ ਕੱਢੇ, ਖਾਗੇ ਸੂਤ ਕੇ ਤੇ ਡੱਡੇ, ਫੁੱਲ ਲੁੰਗ ਵੀ ਨਾ ਛੱਡੇ, ਨਾ ਬਟਾਏ ਲਾਵਿਆਂ ਨੇ। ਕੱਚਾ ਵਿਘਾ ਛੋਲਿਆਂ ਦਾ ਉਜਾੜਿਆ ਬਾਵਿਆਂ ਨੇ। ਸੌਗੇ ਉਸੇ ਥਾਂ ਤੇ ਹੁੱਸੇ, ਨਾ ਹਲਾਏ ਜਾਂਦੇ ਜੁੱਸੇ, ਕਰਨ ਸ਼ੈਰਾਂ ਦੇ ਨਾ ਗੁੱਸੇ, ਜੋ ਸਿਆਣੇ ਬੁੱਧ ਦੇ। ਭੱਜ ਚੱਲੇ ਬੂਬਨੇ ਡਰਾਏ ਯੁੱਧ ਦੇ।

॥ ਦੋਹਿਰਾ ॥
ਹਮਲੇ ਕਰਨ ਪਹਾੜੀਏ, ਵਧਦੇ ਜਾਣ ਜੁਆਨ।
ਮੂਹਰੇ ਲੱਗਗੇ ਫ਼ੌਜ ਦੇ, ਧੋਖੇ ਬਾਜ਼ ਪਠਾਣ।

ਮਨੋਹਰ ਭਵਾਨੀ ਛੰਦ-12

(1)

ਯੁੱਧ ਸੂਰਮਿਆਂ ਦਾ ਲਾਗਿਆ, ਤੇ ਦਿਲੋਂ ਕਰੋਧ ਜਾਗਿਆ, ਮੰਗੇ ਨੰਦ ਚੰਦ ਆਗਿਆ, ਜਾਂ ਕੱਟਣ ਜੱਵ੍ਹੀਆਂ। ਖਾ ਰਿਹਾ ਪਰੋਹਤ ਦਿਆ ਰਾਮ ਖੱਵ੍ਹੀਆ। ਜੋਸ਼ ਪਿੰਡਿਆਂ 'ਚ ਭਰੇ ਗਏ, ਮੋਘ ਸੀਨਿਆਂ 'ਚ ਕਰੇ ਗਏ, ਨੁਕਸਾਨ ਨਾ ਜਰੇ ਗਏ। ਵੇਖ ਕੇ ਮਿਲਾਪੀ ਦੇ। ਹੌਂਸਲਾ ਚੜ੍ਹਾ ਦਿੱਤਾ ਗੁਰੂ ਨੇ ਥਾਪੀ ਦੇ।

(2)

ਮੱਥੇ ਲਾਲ ਨੈਣ ਗਹਿਰੇ, ਬੜੇ ਫਰਕਦੇ ਮੁਛਿਹਰੇ, ਜਾਂ ਦਲਾਂ ਵਿਚਾਲੇ ਠਹਿਰੇ, ਤੇ ਧੁਨਸ਼ ਖਿਚਲੇ, ਤੀਰ ਪਏ ਉਭੱਰਦੇ ਭੱਥਿਆਂ ਦੇ ਵਿਚਲੇ। ਮਾਰਿਆ ਵੀਰਾਂ ਦਾ ਦਰੇਗ਼, ਤੇ ਮਿਆਨੋਂ ਧੂਲੀ ਤੇਗ਼, ਜਾ ਕੇ ਦਾੜ-ਦਾੜ ਡੇਗ, ਤੇ ਲੜਾਕੇ ਪਾਪੀ ਦੇ। ਹੌਂਸਲਾ ਚੜ੍ਹਾ ਦਿੱਤਾ ਗੁਰਾਂ ਨੇ ਥਾਪੀ ਦੇ।

(3)

ਲਾਹੇ ਸੂਰਮਿਆਂ ਨੇ ਘਾਣ, ਹੋ ਰਹੇ ਲਹੂ-ਲੁਹਾਣ, ਅੱਗੇ ਵਧੇ ਜੋ ਪਠਾਣ, ਸੀ ਪਿਛਾੜੀ ਮੋੜਤੇ। ਤੂਤ ਦੀਆਂ ਕੈਲਾਂ ਵਾਂਗਰ ਮਰੋੜਤੇ। ਰੱਖੀ ਤਲੀਆਂ ਤੇ ਜਿੰਦ, ਵੇਖ ਡਰਗੇ ਨਰਿੰਦ, ਜੁਆਨ ਐਹੇ ਜੇ ਗੋਬਿੰਦ, ਸਿੰਘ ਪਰਤਾਪੀ ਦੇ। ਹੌਂਸਲਾ ਚੜ੍ਹਾ ਦਿੱਤਾ ਗੁਰਾਂ ਨੇ ਥਾਪੀ ਦੇ।

(4)

ਚੱਲੇ ਖ਼ਾਨਾਂ ਦਾ ਨਾ ਚਾਰਾ, ਪੈਰ ਉੱਖੜੇ ਦੁਬਾਰਾ, ਗੁਰਾਂ ਬੋਲਕੇ ਜੈਕਾਰਾ, ਚੇਹ ਚੜ੍ਹਾਤੀ ਦੋਹਾਂ ਨੂੰ। ਖੱਡਾਂ ਨਾ ਥਿਉਂਦੀਆਂ ਪਹਾੜੀ ਗੋਹਾਂ ਨੂੰ। ਲਾਈਆਂ ਵੱਢ-ਵੱਢ ਘੋਲਾਂ, ਤੇ ਬਣਾਤੇ ਭੁੰਨ ਹੋਲਾਂ, ਅੱਜ ਚੰਗੇ ਠੱਪੇ ਬੋਲ੍ਹਾਂ, ਨੂੰ ਲੱਗਣ ਠਾਪੀ ਦੇ। ਹੌਂਸਲਾ ਚੜ੍ਹਾਂ ਦਿੱਤਾ ਗੁਰਾਂ ਨੇ ਥਾਪੀ ਦੇ।

ਲੱਛੂਰਾ ਕਸੌਲੀ ਦਾ ਹਰੀ ਸਿਉ ਚੰਦ ਕੌਟੇ ਦਾ।
'ਰੱਜਬਲੀ' ਜਵਾਂ ਕੌਟ ਸਿੰਘ ਦਾ ਕਹਿਰ ਜੈਸਾ।
ਰਿਆਸਤ ਤਲੌਕਪੁਰੋਂ ਭਾਗ ਸਿਉਂ ਤੋਂ ਛੋਟੇ ਦਾ।

॥ ਦੋਹਿਰਾ॥
ਗੱਭਰੂ ਦੂਜੀ ਤਰਫ਼ ਦੇ, ਸਤਿਗੁਰੂ ਨਾਲ ਪਰੀਤ।
ਚੜ੍ਹਦੇ ਪਾ ਕੇ ਵਰਦੀਆਂ, ਖੜਕ ਰਿਹਾ ਰਣਜੀਤ।

ਭੂਢਾ ਛੰਦ-9

(1)
ਮਾਮਾ ਜੱਥੇਦਾਰ ਕ੍ਰਿਪਾਲ ਚੰਦ ਸੀ, ਗੁਰੂ ਗੋਬਿੰਦ ਸਿੰਘ ਦਾ।
ਮੰਨਦਾ ਨਾ ਦਾਬਾ ਹੌਂਸਲਾ ਬੁਲੰਦ ਸੀ, ਔਰੰਗਜ਼ੇਬ ਕਿੰਗ ਦਾ।
ਭੰਗਾਣੀ ਦਾ ਘਾਟ ਰੋਕ ਕੇ ਖੜ੍ਹਨਗੇ, ਮੱਲਣ ਨਾਕੇ ਗੱਭਰੂ।
ਗੁਰਾਂ ਦੀ ਮਦਦ ਲੜਨ ਚੜ੍ਹਨਗੇ, ਬੜੇ ਲੜਾਕੇ ਗੱਭਰੂ।

(2)
ਸੱਗੋ ਜੀਤਾ ਗੰਗਾ ਤੇ ਗੁਲਾਬ ਮਾਰੀ ਸੀ, ਭੂਆ ਦੇ ਪੁੱਤ ਗੁਰ ਦੇ
ਪਾਡਵਾਂ ਦੇ ਵਾਂਗਰਾਂ ਧੁਨਸ਼ ਧਾਰੀ ਸੀ, ਰਹਿਣ ਨਾਲ ਸੁਰ ਦੇ।
ਢਾਲ ਤਲਵਾਰ ਹੱਥਾਂ 'ਚ ਫੜਣਗੇ, ਵਖੌਣ ਸਾਕੇ ਗੱਭਰੂ।
ਗੁਰਾਂ ਦੀ ਮਦਦ ਲੜਨ ਚੜ੍ਹਨਗੇ, ਬੜੇ ਲੜਾਕੇ ਗੱਭਰੂ।

(3)
ਦਿਆ ਰਾਮ ਨਾਮ ਤਾ ਪ੍ਰੋਹਤ ਮੁੜਨਾ, ਦਲਾਂ ਦੇ ਵਿੱਚ ਵੜਜੂ।
ਦੁਆਨ ਨੰਦ ਚੰਦ ਵੀ ਸਰਪ ਉੜਨਾ, ਮੱਥੇ ਵਚਾਲੇ ਲੱਤੜਜੂ।
ਸਾਬੂ ਚੰਦ ਉਹਦਾ ਆਲਮ ਅੜਨਗੇ, ਚੱਕਣ ਝਾਕੇ ਗੱਭਰੂ।
ਗੁਰਾਂ ਦੀ ਮਦਦ ਲੜਨ ਚੜ੍ਹਨਗੇ, ਬੜੇ ਲੜਾਕੇ ਗੱਭਰੂ।

(4)
ਪੋਤਾ ਬਿਧੀ ਚੰਦ ਦਾ ਧਨੀ ਸੀ ਤੇਗ਼ ਦਾ, ਸੱਚੇ ਗੁਰਾਂ ਨੇ ਚੰਡ ਲਿਆ।
ਅਨਰੁੱਧ ਵਾਂਗਰਾਂ ਧੁਜਾਂ ਨੂੰ ਡੇਗਦਾ, ਸੀ ਮਰਨ ਮੰਡ ਲਿਆ।
ਲੈ ਧੁਨਸ਼ ਬਾਣ ਦਲਾਂ 'ਚ ਵੜਨਗੇ, ਲੈ ਪਾ ਪਟਾਕੇ ਗੱਭਰੂ।
ਗੁਰਾਂ ਦੀ ਮਦਦ ਲੜਨ ਚੜ੍ਹਨਗੇ, ਬੜੇ ਲੜਾਕੇ ਗੱਭਰੂ।

(5)
ਬਾਜ਼ ਤੋਂ ਬੁਰੇ ਝੱਪਟ ਰਾਣਾ ਸਾਂਗੇ ਦੇ, ਰਾਮ ਕੌਰ ਲਟਕਣ ਐ।
ਆਜੂਗਾ ਸੁਆਦ ਵੈਰੀਆਂ ਨੂੰ ਛਾਂਗੇ ਦੇ, ਹੱਥਾਂ 'ਚ ਗੁਰਜ ਕਟਕਣ ਐ।
ਗਿੱਦੜ ਪਹਾੜੀ ਝਾੜਾਂ 'ਚ ਚੜ੍ਹਣਗੇ, ਕਰਨ ਵਾਕੇ ਗੱਭਰੂ।
ਗੁਰਾਂ ਦੀ ਮਦਦ ਲੜਨ ਚੜ੍ਹਨਗੇ, ਬੜੇ ਲੜਾਕੇ ਗੱਭਰੂ।

(6)
ਕਾਲੇ ਖ਼ਾਂ ਪਠਾਣ ਧਾੜਵੀ ਬਚਿੱਤਰ ਐ, ਸਢੌਰਿਉਂ ਅੱਗੇ ਬੁੱਧੂ ਸ਼ਾਹ।
'ਰੱਜਬਲੀ' ਪੀਰ ਜੀ ਗੁਰਾਂ ਦਾ ਮਿੱਤਰ ਐ, ਮੁਰੀਦ ਲੈ ਕੇ ਕੁੱਦੂ ਸ਼ਾਹ।
ਲਾ ਪ੍ਰੀਤ ਵਾਰ ਬਣੀਂ ਵੀ ਪੜ੍ਹਨਗੇ, ਖਿੱਚਣ ਖ਼ਾਕੇ ਗੱਭਰੂ।
ਗੁਰਾਂ ਦੀ ਮਦਦ ਲੜਨ ਚੜ੍ਹਨਗੇ, ਬੜੇ ਲੜਾਕੇ ਗੱਭਰੂ।

॥ ਦੋਹਿਰਾ॥
ਪੰਜ ਸੌ ਜੁਆਨ ਪਠਾਣ ਸੀ, ਗਏ ਫ਼ੌਜ 'ਚੋਂ ਗ੍ਰੈਕ।
ਰਲਗੇ ਨਾਲ ਪਹਾੜੀਆਂ, ਕਰਨ ਫ਼ਰੇਬ ਨਲੈਕ।

ਤਰਜ਼ ਗੱਡੀ-10

ਜਿਹੜੇ ਦਾਮਲਿਉ ਪਠਾਣ ਹੰਕਾਰੇ ਛੁੱਟੀ ਲੈਗੇ ਸਤਿਗੁਰੂ ਤੋਂ,
ਖ਼ਾਨ ਬਹੁਤੀਆਂ ਵਡਿਆਈਆਂ ਵਾਲੇ, ਛੱਡਗੇ ਖੜੋਤਿਆਂ ਨੂੰ।
ਭੀੜ ਬਣੀ ਤੋਂ ਫ਼ਰੇਬ ਕਮਾਗੇ, ਲੂਣ ਖ਼ਾਕੇ ਸਤਿਗੁਰੂ ਦਾ,
ਪੇਸ਼ੀ ਰੱਬ ਦੀ ਕਚਿਹਰੀ ਹੋਣੀ, ਗੁਰੂ ਤੇ ਪਠਾਣਾਂ ਦੀ।
ਭੀਮ ਕੱਟਕ ਚੜ੍ਹਾਤੇ ਭਾਰੇ, ਗੁਰੂ ਜੀ ਗੋਬਿੰਦ ਸਿੰਘ ਤੇ,
ਚੜ੍ਹੀ ਜਮਨਾਂ ਮਾਰਦੀ ਠਾਠਾਂ, ਟੱਪਗੇ ਲਗਾ ਕੇ ਬੇੜੀਆਂ।
ਸੱਚ ਭੰਗਾਣੀ ਨਗਰ ਦੇ ਨੇੜੇ, ਹੋ ਗਿਆ ਉਤਾਰਾ ਗੁਰ ਦਾ।
ਰਣ-ਭੂਮਿਕਾ ਹਿੱਣਕ ਦੇ ਰਾਕੀ, ਦੂਰੋਂ ਧਮਕਾਰ ਪਏ।
ਬੈਠ ਕੁੱਲ ਨੇ ਜੰਗਾਲ ਉਤਾਰੀ, ਤਲਵਾਰਾਂ ਚਿੱਲਕਦੀਆਂ,
ਦਸ਼ਮੇਸ਼ ਦੀ ਝੜਾਈ ਹੋਗੀ, ਸੁਣੇ ਰਣਜੀਤ ਗੱਜਦਾ।
ਦੂਰੋਂ ਦਿਸਣ ਉੱਡਦੀਆਂ ਗਰਦਾਂ, ਜੇਠ ਦੀ ਹਨੇਰੀ ਵਾਂਗਰਾਂ,
ਢਲਵਾਣ 'ਚ ਉੱਤਰੀਆਂ ਕੂੰਜਾਂ, ਵੇਖੀਆਂ ਸ਼ਿਕਾਰੀ ਬਾਜ਼ਾਂ ਨੇ।
ਖ਼ੂਨੀ ਚਿੱਤਰੇ ਖਾਂਵਦੇ ਖਵੀਆਂ, ਦਿਸ ਗਈਆਂ ਮਿਰਗਣੀਆਂ।
ਕਰੇ ਹਮਲੇ, ਹਮਲੇ ਤੇ 'ਬਾਬੂ ਜੀ' ਕਟਾਰਾਂ ਚੱਲੀਆਂ, ਕਿਹੜਾ ਥੱਮ੍ਹਲੇ।

(3)
ਦੂਜਾ ਹਿੱਕ ਚੰਦਰੇ ਭਰਾ ਤੋਂ ਠੱਰਨੀ ਕੀ।
ਕਹਿੰਦਾ ਲੰਡੇ ਚਿੜੇ ਨੇ ਜ਼ਮੀਨ ਕਰਨੀ ਕੀ।

(4)
ਅੱਧੀ ਚੰਗੀ ਸਾਰੀ 'ਚੋਂ ਜ਼ਿਮੀਂ ਵੰਡਾਵਾਂਗੇ।
ਕੋਈ ਭੱਜਿਆ ਟੁੱਟਿਆ ਟੱਬਰ ਲਿਆਂਵਾਂਗੇ।

(5)
ਤੀਜਾ ਕਹਿੰਦਾ ਬੁੱਢਾ ਨਾ ਪਸਾਦੋਂ ਡਰਜੇ।
ਅੜਬ ਕੁੱਕੜ ਨੇ ਭਣਾਉਣੇ ਫਰ ਜੂ।

(6)
ਬੁੱਢੀ ਕੁੱਟ ਦਿੱਤੀ ਕਬਰਾਂ ਨੂੰ ਤੋਰ ਜੀ।
ਹੁਣ ਲੰਮੇ ਲੰਮੇ ਹੌਕਿਆਂ ਤੇ ਜ਼ੋਰ ਜੀ।

(7)
ਚੌਥਾ ਤੀਵੀਂ ਮਰੀ ਲਾ ਲਿਖਿਆ ਨਸੀਬ ਦਾ।
ਹੁਣੇ ਭਾਂਡਾ ਮੂਧਾ ਵੱਜ ਗਿਆ ਗ਼ਰੀਬ ਦਾ।

(8)
ਚਾਰ ਜੁਆਕ ਲਾਂ ਸੰਭਾਲ਼ਾਂ ਕੀਦ੍ਹਾ-ਕੀਦ੍ਹਾ ਜੀ।
ਦੋ ਨਿਰੋਲ ਅੰਨ੍ਹੇ ਦੋ ਨੂੰ ਥੋੜ੍ਹਾ ਦੀਹਦਾ ਜੀ।

(9)
ਪੰਜਵਾਂ ਜ਼ਨਾਨੀ ਨੂੰਹਾਂ ਨੇ ਤਪਾ ਦਿੱਤੀ।
ਗੁੱਝੀ ਚਿੱਠੀ ਕਲ੍ਹ ਲਿਖ ਕੇ ਪੁਚਾ ਦਿੱਤੀ।

(10)
ਹੋਰ ਸਾਰਿਆਂ ਨਾਲੋਂ ਸਰਬੰਧ ਤੋੜਿਆ ਜਾਏ।
ਮੁੰਡਿਆਂ ਦੀ ਮਾਂ ਦਾ ਨਾ ਹੁਕਮ ਮੋੜਿਆ ਜਾਏ।

(11)
ਛੀਵਾਂ ਤੀਵੀਂ ਪਿੱਛੇ ਨਾ ਜੁਆਮ ਲੱਗਦਾ।
ਜਾਂ ਤਬੀਤ ਲੈਣ ਜੋ ਰਵਾਜ਼ ਜੱਗ ਦਾ।

(12)
ਲਕੀਰ ਤੇ ਫ਼ਕੀਰ ਅਸੀਂ ਬੁੱਧੂ ਲੀਰਾਂ ਦੇ।
ਫੱਨੂੰ ਖ਼ੈਹਦੇ ਹੁੰਦੇ ਨੀ ਤਵੀਤ ਪੀਰਾਂ ਦੇ।

(13)
ਛੱਡਗੇ ਖੜਿਆਂ ਨੂੰ ਨਾ ਖੜ੍ਹੋਤੇ ਪੈਰ੍ਹਿਆਂ ਤੇ।
ਪਾਈ ਜਾਂਦੇ ਕਾਠੀਆਂ ਦੁਪ੍ਹੈਰੇ ਟੈਰਿਆਂ ਤੇ।

(14)
'ਰੱਜਬਲੀ' ਜੰਗ ਤੋਂ ਟੱਲਣ ਬੁੱਲਣਾ।
ਚੇਤੇ ਰਹੂ ਸਿੱਖਾਂ ਦਾ ਕੜਾਹ ਨਹੀ ਭੁੱਲਣਾ।

ਕਬਿੱਤ-7

ਗੁਰੂ ਜੀ ਦਾ ਵੈਰੀ ਭੀਮ ਚੰਦ ਸੀ ਬਲਾਸਪੁਰੋਂ।
ਖ਼ੂਨ ਜੋਸ਼ ਮਾਰਦਾ ਹਿੱਤੂ ਗੁਪਾਲ ਜੈਰੀ ਦਾ।
ਰਾਮ ਸਿਉਂ ਨਿਦੌਣੋ ਹਰੀ ਚੰਦ ਸੀ ਹੰਡੂਰ ਵਾਲਾ।
ਦਿਆਲ ਕਾਠ ਗੜ੍ਹੋਂ ਧਰਮਪਾਲ ਕਟ ਲੈਰੀ ਦਾ।
ਸੰਗਰੀ ਦਾ ਠੋਡੀ ਤੇ ਭੰਬੋਰ ਦਾ ਕਰਮ ਚੰਦ।
ਬੀਰ ਸੈਨ ਮੰਡੀ ਦਾ ਨਿਸ਼ਾਨਾ ਲਾਵੇ ਨ੍ਹੈਰੀ ਦਾ
'ਰੱਜਬਲੀ' ਖ਼ਾਨ ਗੁਰਭੱਜ ਸੀ ਇਦੌਂਰ ਵਾਲਾ।
ਜੱਸਵਾਲੋਂ ਕੇਸਰੀ ਹਮੈਂਤੀ ਭੀਮ ਵੈਰੀ ਦਾ।

ਕਬਿੱਤ-8

ਭਾਉ ਸੇਬੇ ਵਾਲੇ ਤੋਂ ਉਮੈਦ ਸਿੰਘ ਜਾਸਵਾ ਦਾ,
ਰੂਪ ਥਿਉਗਪੁਰੋ ਸੁਖਦੇਵ ਜਸਰੌਟੇ ਦਾ।
ਪਿਰਥੀ ਢੰਡੋਰ ਜ਼ਿਆਦਾ ਝਾਗੜੂ ਮਨਸ਼ਵਾਲੇ,
ਦਲਾਂ ਨੂੰ ਭਜੌਂਦੇ ਦੋਵੇਂ ਵਗਨ ਕਲੋਟੇ ਦਾ।
ਦਿਆ ਸਿਉ ਨੂਰ ਪੁਰੋ ਬਿਜੇ ਧਾਰ ਦਾ ਜੈ ਚੰਦ ਰਾਜਾ।

ਭਾਈਆਂ ਵਿੱਚ ਖੱਜ਼ਲ ਕਰਦਾ ਪਾਕੇ ਕਲੇਸ਼ ਨੂੰ,
ਮੇਰਾ ਇੱਕ ਕੱਖ ਨਾ ਛੱਡਿਆ, ਕੁੱਜ਼ਮ ਦੀਆਂ ਰੁੜੀਆਂ ਨੇ।
ਜਰਮ ਕੇ ਖ਼ਾਨ ਨਵਾਤੇ ਕੱਜ਼ਮੀਆਂ ਕੁੱਤੀਆਂ ਨੇ ਜਰਮ ਕੇ ਖਾਨ ਨਵਾਤੇ।

(2)

ਮੁੰਨਤੀ ਵਿੱਚ ਪਰੋਂ ਜੁੜੀ ਦੇ ਦਾੜ੍ਹੀ ਫੜ ਮੇਰੀ ਜੀ,
ਹੌਜਾਂ ਕਟਾਰ ਮਾਰ ਕੇ ਅੰਗਣ ਵਿੱਚ ਢੇਰੀ ਜੀ,
ਸੇਹਰੇ ਬੰਨ੍ਹ ਆਗਿਆ ਜਿਹੜਾ ਵਿਹੁਣ ਦੀ ਧੀ ਤੇਰੀ ਜੀ,
ਮਾਰੇ ਅਜਮੇਰ ਬੋਲੀਆਂ ਚੱਕਿਆ ਵਿਆ ਭੀਮ ਦਾ,
ਰਾਣੀ ਖ਼ਾਂ ਮਰਜ਼ਾਂ ਦੇਦੇ ਭਰ ਕੇ ਰੁੱਗ ਫ਼ੀਮ ਦਾ, ਰਾਣੀ ਖਾ ਮਰਜਾ ਦੇਦੇ।
0 ਬੈਠੇ ਵਿੱਚ ਬੰਦੇ ਤੇਰੇ ਪੇਕਿਆਂ ਦੇ ਮੇਲ ਦੇ,
ਚੌੜੀ ਹਿੱਕ ਵਾਲੇ ਮਾਮੇ ਸੁਣਕੇ ਗੱਲ ਪੇਲ ਦੇ,
ਉਸੇ ਥਾਂ ਨਿੱਘਰ ਜਾਂਦਾ ਧਰਤੀ ਨਾ ਵੇਹਲ ਦੇ,
ਚਰਚਾ ਕਰੇ ਜੋੜ-ਜੋੜ ਮੂੰਹ ਖ਼ਿਲਕਤਾਂ ਜੁੜੀਆਂ ਨੇ।
ਜਰਮ ਕੇ ਖਾਨ ਨਵਾਤੇ ਕੱਜ਼ਮੀਅ ਕੁੱਤੀਆਂ ਨੇ। ਜਰਮ ਕੇ ਖਾਨ ਨਵਾਤੇ।

(3)

ਸੁਣਕੇ ਗੱਲ ਥਾਂ ਤੋਂ ਗਈਆਂ ਰਾਣੀ ਦਿਲਗੀਰ ਦੀਆਂ,
ਬਰਸਦੀਆਂ ਛਮਛਮ ਇੰਝਾਂ ਅੱਖੀਆਂ 'ਚੋਂ ਨੀਰ ਦੀਆਂ,
ਕੁੜਮ ਦੀਆਂ ਤਿੱਖੀਆਂ ਤੇਗ਼ਾਂ ਸੀਨਿਆਂ ਨੂੰ ਚੀਰਦੀਆਂ।
ਧਰਤੀ ਤੇ ਵੱਜਿਆ ਮੱਥਾ ਥਰਨ ਥਰ ਕੰਬਦੀ ਦਾ,
ਐਤਨੀ ਖ਼ਬਰ ਹੁੰਦੀ ਜੇ, ਘੁੱਟਦੀ ਗਲ ਜੰਮਦੀ ਦਾ,
0 ਤੁਲੀ ਦੇ ਵਾਂਗੂੰ ਰਾਜਾ ਕਾਹਨੂੰ ਪਛਤਾਉਂਦੀ ਮੈਂ,
ਲਾਡ ਨਾਲ ਮੁੰਮਾਂ ਧੀ ਨੂੰ ਨਿਜ ਨੂੰ ਚੁੰਗਾਉਂਦੀ ਮੈਂ,
ਉਸ ਦਿਨ ਇੱਕ ਫ਼ੀਮ ਭੋਰਾ, ਮੂੰਹ ਨੂੰ ਜੇ ਲੌਂਦੀ ਮੈਂ,
ਕਰਨਾ ਸੀ ਖ਼ਤਮ ਘੜੀ ਵਿੱਚ ਜ਼ਹਿਰ ਦੀਆਂ ਪੁੜੀਆਂ ਨੇ,
ਜਰਮ ਕੇ ਖਾਨ ਨਵਾਤੇ ਕੱਜ਼ਮੀਆਂ ਕੁੱਤੀਆਂ ਨੇ, ਜਰਮ ਕੇ ਖਾਨ ਨਵਾਤੇ।

(4)

ਗੁਰ ਜੀ ਲੱਖ ਨਿਉਂਦਾ ਘੱਲਿਆ ਜ਼ੇਵਰ ਕੁੱਲ ਸੋਹਣੇ ਐ,
ਜੌਹਰਜੱਟ, ਅਤਲਸ, ਮਖ਼ਮਲ, ਤੇਵਰ ਮਨਮੋਹਣੇ ਐ,
ਖ਼ਰਚੇ ਵੰਨ ਫ਼ੌਰਥ ਮਿਲੀਅਨ ਦਾਜ ਤੇ ਹੋਣੇ ਐ,

ਉਨ੍ਹੇ ਲੁਕਾ ਕੀ ਰੱਖਿਆ ਮੇਰੀ ਧੀ ਪਿਆਰੀ ਤੋਂ।
ਆਗੇ ਭੱਜ ਸੱਸ ਤੇ ਸਹੁਰਾ ਉੱਚੀ ਭੁੱਲ ਮਾਰੀ ਤੇ,
0 ਜਿੰਨ੍ਹਾਂ ਨੇ ਰੱਖੀਆਂ ਪਤਾਂ ਹੁੰਦਾ ਧੀਆਂ ਰੱਖੀਆਂ ਦਾ,
ਰਾਣੀ ਦਾ ਪਾਣੀ ਫਿਰਦਾ ਉਛਲਦਾ ਅੱਖੀਆਂ ਦਾ।
ਅੰਦਰ ਕੁਰਲਾਟ ਪੈਂਦਾ ਲੜਕੀ ਤੇ ਸਖੀਆਂ ਦਾ।
ਸਾਹਲ ਤੇ ਲੱਗਣਾਂ ਮੁਸ਼ਕਲ ਬੇੜੀਆਂ ਰੁੜ੍ਹੀਆਂ ਨੇ।
ਜਰਮ ਕੇ ਖਾਨ ਨਵਾਤੇ ਕੱਜ਼ਮੀਆਂ ਕੁੱਤੀਆਂ ਨੇ, ਜਰਮ ਕੇ ਖਾਨ ਨਵਾਤੇ।

(5)

ਜ਼ੋਰਾਵਰ ਲੈਲੂ ਜਿਹੜਾ ਲੈਣਾਂ ਕੰਮ ਤਾੜਕੇ,
ਉਦਾਂ ਸੌ ਸੱਤੀ ਵੀਹੀਂ ਆਗੇ ਹੇਠ ਜਾੜ੍ਹ ਕੇ,
ਆਪਣਾ ਸਿਰ ਉਦ੍ਹੀਆਂ ਜੁੱਤੀਆਂ ਮੋੜ ਦਿਉ ਝਾੜ ਕੇ,
ਲਹਿਗੀ ਜੇ ਆਬ ਫੁੱਲਾਂ ਦੀ ਭੌਰੇ ਫਿਰ ਉਡਨੇ ਨ੍ਹੀਂ।
'ਬਾਬੂ' ਦਿਲ ਦੁੱਧ ਤੇ ਸ਼ੀਸ਼ਾਂ ਫੁੱਟੇ ਵੇ ਜੁੜਨੇ ਨੇ।
0 ਨੀਵੇਂ ਹੋਣ ਕੁੜੀਆਂ ਵਾਲੇ ਕੁੱਜ਼ਮਾਂ ਤੋਂ ਡਰਨਾਂ ਪਊ,
ਜਿਹੜਾ ਕੰਮ ਭੀਮ ਆਖੇ, ਉਹੋ ਕੰਮ ਕਰਨਾ ਪਊ,
ਸਿੱਟ੍ਹੇ ਵਿੱਚ ਜਿਹੜੇ ਖੂਹ ਦੇ ਉੱਥੇ ਡੁੱਬ ਮਰਨਾ ਪਊ,
ਗੌਡੇ ਮੁਢ ਬਹਿ ਕੇ ਆਖਿਆ ਸਿਆਣੀਆਂ ਬੁੜ੍ਹੀਆਂ ਨੇ।
ਜਰਮ ਕੇ ਖਾਨ ਨਿਵਾਂਤੇ ਕੱਜ਼ਮੀਆਂ ਕੁੱਤੀਆਂ ਨੇ, ਜਰਮ ਖਾਨ ਨਵਾਤੇ।

॥ ਦੋਹਿਰਾ ॥

ਨਾ ਸੁਨਤਾਂ ਨਾ ਸ਼ਾਦੀਆਂ ਨਾ ਕੱਠ ਬੱਠ ਨਾ ਕਾਣ੍ਹ।
ਖੜ੍ਹੇ ਵਲਾਅ ਜ੍ਹੇ ਮਾਰਦੇ, ਗੁਰ ਦੇ ਪਾਸ ਪਠਾਣ।

ਦੋ-ਭਾਗ ਛੰਦ-6

(1)

ਪਹਿਲਾਂ ਛੁੱਟੀ ਚਾਹੀਦੀ ਹਜ਼ੂਰ ਮਾਨਜਾ।
ਮੇਰੇ ਗਏ ਤੋਂ ਸੁਨਤ ਬਹਾਉਣਾ ਭਾਣਜਾ।

(2)

ਛੱਡਣਾ ਨਾ ਮੈਨੂੰ ਜੱਗ ਦੇ ਉਲਾਮ੍ਹੇ ਨੇ।
ਕਹਿਣ ਛੱਕ ਭਰੀ ਨਾ ਕੰਗਾਲ ਮਾਮੇ ਨੇ।

ਤੋੜੇ ਬੈਂਕ ਪੰਜੇਬਾਂ ਕੜੀਆਂ, ਕਾਨ੍ਹਪੁਰ ਤੋਂ ਝੁਮਕੀਆਂ ਘੱੜੀਆਂ, ਘੜੀ ਚੂੜੀ ਚੂੜੀਆਂ ਚੜ੍ਹੀਆਂ,
ਗੁਲੂ-ਬੰਦ ਤੇ ਬਟਨ ਬਣਾਤੇ ਐ। ਦਸਮੇਂ ਗੁਰ ਦਾਜ ਘਲਾਤੇ ਐ।

(4)

ਇੱਕ ਹਾਥੀ ਚਾਰ ਵਛੇਰੇ, ਅਸਵਾਰ ਚੜ੍ਹਾਕੇ ਫੇਰੇ, ਖੜ੍ਹੇ ਨਾਚ ਵਖੌਂਦੇ ਡੇਰੇ,
ਰੰਗ ਅਬਲਖ ਗਰਦਨ ਮੋਰਾਂ ਦੀ। ਹੱਦ ਤੇਜ਼ ਜ਼ਵਾਨੀ ਜ਼ੋਰਾਂ ਦੀ।
ਗਾਂ ਇਕ ਤੇ ਵੀਹ ਕੁੱਲ ਸੱਜਰਾਂ, ਮੱਝਾਂ ਦੁੱਧ ਦੀਆਂ ਭਰਦੀਆਂ ਝੱਜਰਾਂ, ਰੰਗ ਬੂਰੇ ਲੱਗਦੀਆਂ ਨਜ਼ਰਾਂ,
ਦੇਹ ਥਾਪੀ ਰਸਤੇ ਪਾਤੇ ਐ। ਦਸਮੇਂ ਗੁਰ ਦਾਜ ਘਲਾਤੇ ਐ।

(5)

ਗੁਰੂ ਸਾਹਿਬ ਲਿਹਾਜ਼ਾਂ ਪਾਲੇ, ਨੰਦ ਚੰਦ ਅਸਬਾਬ ਸੰਭਾਲੇ, ਦਿਆ ਰਾਮ ਪਰੋਹਤ ਨਾਲੇ,
ਨਾਲ ਗਾਰਦ ਸੌ ਅਸਵਾਰ ਗਏ। ਢੋਲ ਵੱਜਦੇ ਪਾ ਧਮਕਾਰ ਗਏ।
ਲੱਖ ਨਿਉਂਦਾ ਕੁਝ ਪਰਵਾਹ ਨੀ, ਖੁਸ਼ ਹੋਗੇ ਰਾਜਾ ਰਾਣੀ, 'ਬਾਬੂ' ਛਹਿਬਰ ਲੱਗਗੀ ਜਾਣੀਂ,
ਲੋਕ ਵੇਖਣ ਤਿਉਰ ਵਿਛਾਤੇ ਐ। ਦਸਮੇ ਗੁਰ ਦਾਜ ਘਲਾਤੇ ਐ।

॥ ਦੋਹਿਰਾ ॥

ਤਿਉਰ ਸੁੱਚੇ ਗੁਰ ਸਾਹਬ ਦੇ, ਵਰੀ ਵਿਆਹ ਦੀ ਨੀਮ।
ਵਟਦਾਂ ਬੈਠਾਂ ਘੂਰੀਆਂ, ਦੱਗਨ ਹੋ ਗਿਆ ਭੀਮ।

ਤਰਜ-ਡੂਢੀ ਦੋਤਾਰਾ-4

(1)

ਦੇਖ ਦਾਜ ਨਿਉਂਦੇ ਨੂੰ, ਭੀਮ ਦੇ ਸੂਲ਼ ਕਾਲਜੇ ਪੈਂਦੇ, ਅਗਨ ਪਈ ਮੱਚਦੀ।
ਏਸ ਨਵੇਂ ਗੁਰੂ ਦੀ ਜੀ, ਅਸੀਂ ਜਦ ਤੀਕ ਖ਼ਬਰ ਨਹੀਂ ਲੈਂਦੇ, ਨਹੀਂ ਜਿੰਦ ਬੱਚਦੀ।
ਕੁਝ ਚੀਜ਼ਾਂ ਮੰਗੀਆਂ ਸੀ, ਦੁਆਨ ਵਿੱਚ ਕਰੀ ਬੇਇੱਜ਼ਤੀ ਮੇਰੀ, ਤੁਸਾਂ ਨਾਲ ਜੁੜਮਾਂ।
ਭੀਮ ਕਰੇ ਨਿਰਾਜ਼ਗੀਆਂ, ਛੱਡ ਦਿਆਂ ਤੇਲ ਭਰੀ ਧੀ ਤੇਰੀ, ਦੁਸ਼ਮਣਾਂ ਕੁੜਮਾਂ।

(2)

ਕਰਾਂ ਬਾਹਰ ਬਰਾਦਰੀਉਂ, ਲੁਆਤੀ ਲਾਜ ਖੁਆਰ ਕਰ ਛੱਡਿਆ, ਕਿਤੋਂ ਦਿਆਂ ਚੂੜਿਆਂ,
ਵਿੱਚ ਪਰ੍ਹੋਂ ਜੁੜੀਂਦੇ ਜੀ, ਕੁੱੜਮ ਨੂੰ ਕੁੱੜਮ ਕਹੇ ਨੱਕ ਵੱਢਿਆ, ਬੇਸ਼ਰਮਾ ਬੂੜਿਆ।
ਅੱਜ ਵਕਤ ਕਸੂਤਾ ਜੀ, ਮਾਰ ਤਲਵਾਰ ਬਣਾ ਦਿਆਂ ਢੇਰੀ, ਦਰੜਦਿਆਂ ਪੁੜਮਾਂ।
ਭੀਮ ਕਰੇ ਨਿਰਾਜ਼ਗੀਆਂ, ਛੱਡ ਦਆਂ ਤੇਲ ਭਰੀ ਧੀ ਤੇਰੀ, ਦੁਸ਼ਮਣਾਂ ਕੁੜਮਾਂ।

(3)

ਚਿੱਤ ਕਰਦਾ ਮੇਰਾ ਜੀ, ਮੁੰਨ ਦਿਆਂ ਦਾਹੜੀ ਉਸਤਰਾ ਧਰ ਕੇ, ਲੰਮੀ ਮੁੱਛ ਸਾੜਾਂ,
ਕਰਤੂਤਾਂ ਕਰੀਆਂ ਜੀ, ਫ਼ਤਿਹ ਸ਼ਾਹ ਪੱਕੜ ਕਾਲਾ ਮੂੰਹ ਕਰਕੇ, ਗੱਧੇ ਤੇ ਚਾੜ੍ਹਾਂ।
ਗਿਆ ਰੀਝ ਕੰਗਾਲਾ ਤੂੰ, ਉਸ ਦੀ ਵੇਖੀ ਚੀਜ਼ ਵਧੇਰੀ, ਤੇਰਾ ਘਰ ਥੁੜਮਾਂ।
ਭੀਮ ਕਰੇ ਨਿਰਾਜ਼ਗੀਆਂ, ਛੱਡ ਦਿਆਂ ਤੇਲ ਭਰੀ ਧੀ ਤੇਰੀ, ਦੁਸ਼ਮਣਾਂ ਕੁੜਮਾਂ।

(4)

ਜੰਨ ਭੋਜਨ ਛੱਕਦੀ ਨਾ, ਫ਼ਤਿਹ ਚੰਦ ਖੁਸ਼ੀ ਵਛੌਣੇ ਕੋਰੇ, ਪਰੀਹੇ ਸੱਦਣੇ।
ਕੁੱਲ ਖਾਰਾਂ ਖਾਂਦੇ ਜੀ, ਸ਼ੇਰ ਰਾਜਪੂਤ ਦੁਸ਼ਮਣੀ ਖ਼ੌਰੇ, ਬੜੇ ਕੰਮ ਵੱਧਣੇ।
ਨਾਲ ਦੁਸ਼ਮਣ ਮੇਰੇ ਦੇ, ਨਿਉਂਦ ਚੰਦ ਰੱਖਦਾ ਐਡ ਦਲੇਰੀ, ਜ਼ਹਿਰ ਪਾ ਗੁੜ ਮਾਂ
ਭੀਮ ਕਰੇ ਨਿਰਾਜ਼ਗੀਆਂ, ਛੱਡ ਦਿਆਂ ਤੇਲ ਭਰੀ ਧੀ ਤੇਰੀ, ਦੁਸ਼ਮਣਾ ਕੁੜਮਾਂ।

(5)

'ਬਾਬੂ' ਖੱਟ ਚੱਕਣੀ ਨਾ, ਵਿਛੀ ਵੀ ਖੁਸ਼ੀ ਵਿਛੌਣੇ ਕੱਪੜੇ, ਸਾਂਭ ਲੈ ਟੁੰਮਾਂ।
ਤੂੰ ਡੁੱਬ ਕੇ ਮਰ ਜਾ ਜੀ, ਕਿਤੋਂ ਦੇ ਕਰਕੇ ਗੰਦੇ ਜੇ ਛੱਪੜੇ, ਚੰਦਰਿਆ ਸੂੰਮਾਂ।
ਅਜਮੇਰ ਮੰਨਣੀਆਂ ਨਾ, ਜੋੜ ਹੱਥ ਪੈਰ ਫੜੇ ਲੱਖ ਵੇਰੀ, ਰੰਖੂ ਮੂੰਹ ਮੁੜਮਾਂ।
ਭੀਮ ਕਰੇ ਨਿਰਾਜ਼ਗੀਆਂ, ਛੱਡ ਦਿਆਂ ਤੇਲ ਭਰੀ ਧੀ ਤੇਰੀ, ਦੁਸ਼ਮਣਾਂ ਕੁੱੜਮਾਂ।

॥ ਦੋਹਿਰਾ ॥

ਕੁੜਮ ਰੁਸਾਲੇ ਭੂਪ ਨੇ, ਗਈ ਖਿਲਰ ਗੱਲ ਗੌਂਚ।
ਰਾਜੇ ਦੀ ਭੁੱਬ ਨਿਕਲਗੀ, ਰਾਣੀ ਕੋਲੇ ਪਹੁੰਚ।

ਛੰਦ ਝੋਕ—5

(1)

ਰਾਜਾ ਸੀ ਰੋ ਪਿਆ ਖੜ੍ਹਕੇ, ਰਾਣੀ ਦੇ ਕੋਲ੍ਹੇ ਜੀ,
ਢਿੱਡ ਦੇ ਵਿਚ ਬਣਗੇ ਮੇਰੇ ਫ਼ਿਕਰਾਂ ਦੇ ਗੋਲੇ ਜੀ।
ਕਹਿੰਦੇ ਨਾ ਲੈਂਦੇ ਤੇਰੀ ਲੜਕੀ ਦੇ ਡੋਲੇ ਜੀ,
ਜਾਣੀ ਦੀ ਛਾਲ ਮਾਰ ਜਾਂ ਖੜ੍ਹਕੇ ਤੇ ਖੂਹੇ ਤੇ।
ਆਪਣੀ ਧੀ ਤੇਲ ਭਰੀ ਵੀ ਛੱਡਣਗੇ ਬੂਹੇ ਤੇ।
0 ਕਹਿੰਦੇ ਕਿਉਂ ਵਿਆਹ ਵਿੱਚ ਗੰਢਾਂ ਘੱਲੀਆਂ ਦਸ਼ਮੇਸ਼ ਨੂੰ,
ਦੇਖ ਕੇ ਦਾਜ ਗੁਰਾਂ ਦਾ ਲੱਗਗੀ ਅੱਗ ਏਸ ਨੂੰ,

(4)
ਹਾਥੀ ਬੱਗਾ ਸੁੱਚੀ ਫੁੱਲਕਾਰੀ ਪਿੱਠ ਤੇ।
ਮੋਤੀ ਚਮਕਾਰੇ ਪਾਉਂਦੇ ਗਿੱਠ-ਗਿੱਠ ਤੇ।

(5)
ਛੱਬ ਦਰਬਾਰ ਦੀ ਬਣਾਤੀ ਚੌਕੀ ਨੇ।
ਜੜੇ ਹੀਰੇ ਮੱਣੀਆਂ ਤਖਾਣ ਸ਼ੌਕੀ ਨੇ

(6)
ਵੇਖਿਆ ਹਥਿਆਰ ਖੇਲ੍ਹ ਪੰਜ-ਕੱਲ ਦਾ।
ਵਿੱਚੇ ਤੇਗ਼ ਸੇਲਾ, ਪਸਤੌਲ ਚੱਲਦਾ।

(7)
ਇੱਕ ਤੰਬੂ ਬਣਿਆਂ ਕਾਬਲ-ਕੰਧਾਰ ਦਾ।
ਮੀਲ ਤੋਂ ਖੜ੍ਹਿਆਂ ਨੂੰ ਚਮਕਾਰੇ ਮਾਰਦਾ।

(8)
ਆਗੇ ਕਿਤੋਂ ਨਕਸ਼-ਨਿਗਾਰ ਸਿੱਖਕੇ।
ਤਿੱਤਰ ਚਕੋਰ ਮੋਰ ਪਾਗੇ ਲਿਖ ਕੇ।

(9)
ਅੰਬ ਅਮਰੂਦ ਸਿਉ ਨਰੰਗੀ ਛੱਤ ਤੇ।
ਸੱਜਦੇ ਜਨੌਰ ਬੈਠੇ ਪੱਤ-ਪੱਤ ਤੇ।

(10)
ਚੀਨੋਂ ਲਿਆਂਦੇ ਨਕਸ਼ੇ ਫੁੱਲਾਂ ਦੇ ਕੱਟ ਕੇ।
ਗੋਲ਼-ਗੋਲ ਕੱਚ ਦੇ ਬਲੌਰ ਲੱਟ ਕੇ।

(11)
ਵਿੱਚੇ ਨਦੀ ਸੀਨ ਬਣਿਆਂ ਪਹਾੜਾਂ ਦਾ।
ਜਿੱਥੇ ਵਾਸਾ ਸ਼ੇਰ ਚਿੱਤਰੇ ਬਘਿਆੜਾਂ ਦਾ।

(12)
ਸੁਲੇਮਾਨੀ ਤਖ਼ਤ ਵਿਛਾਤਾ ਇੱਕ ਜਾ।
ਪਰੀਆਂ ਉਡੱਣੀਆਂ ਘੜੀ ਕੁ ਟਿਕ ਜਾ।

(13)
ਤੰਬੂ ਸ਼ਾਹਜਹਾਂ ਦਾ ਔਹੋ ਜੀ ਦਰੇਸ ਦਾ।
ਉਦੂੰ ਵੱਧ ਹੋ ਗਿਆ ਚਨੈਣ ਏਸ ਦਾ।

(14)
'ਬਾਬੂ' ਲੱਗਿਆ ਉਸ ਤੇ ਰੁਪਈਆ ਪਾਪ ਦਾ।
ਇਹ ਬਣਿਆ ਵਿਆ ਕੋਰੇ ਧਰਮ ਮਿਲਾਪ ਦਾ।

॥ ਦੋਹਿਰਾ ॥
ਧੀ ਵਾਲਾ ਗੰਢ ਭੇਜਦਾ, ਆਉਣ ਕੁੜੀ ਦਾ ਕਾਜ।
ਸਤਿਗੁਰੂ ਨਿਉਂਦਾ ਭੇਜਤਾ, ਦੇ ਰੇਸ਼ਮ ਦੇ ਦਾਜ।

ਕਮਾਨੀ ਤਰਜ-3

(1)
ਗੁਰ ਦਾਜ ਘਲੌਣੇ ਵਿਆਹ ਤੇ, ਬੜੇ ਉਮਦਾਂ ਥਾਨ ਮੰਗਾਤੇ, ਸੱਦ ਦਰਜ਼ੀ ਘਰੇ ਸਮਾਤੇ,
ਕਰਿਆ ਖ਼ਰਚ ਅਨੰਤ ਨਾ ਜਰਦੇ ਐ। ਕੁੱਲ ਝੱਰਮੱਲ-ਝੱਰਮੱਲ ਕਰਦੇ ਐ।
ਸੁਨਿਆਰ ਮਜ਼ਫੱਰ ਗੜ੍ਹ ਦੇ, ਲਾ ਰੀਝ ਜੜਾਊ ਜੜਦੇ, ਸੱਭ ਵਧੀਆ ਟੂੰਮਾਂ ਘੜਦੇ,
ਪਰ ਮੂੰਹੋਂ ਜ਼ਿਉਰ ਬੁਲਾਤੇ ਐ। ਦਸਮੇ ਗੁਰੂ ਦਾਜ ਘਲਾਤੇ ਐ।

(2)
ਇੱਕ ਮਹਾਂ-ਜਾਲ ਫੁੱਲ ਖ਼ਾਸੇ, ਕੁਸ਼ ਮਖ਼ਮਲ ਅਤਲਸ ਟਾਸੇ, ਫੜ੍ਹ ਲੈਣ ਕਤੂੰਨਾ ਪਾਸੇ,
ਦੋ ਉਤਲੇ ਲਏ ਬਨਾਰਸ ਦੇ। ਐ ਟਹਿਕਣ ਜਿਉਂ ਫੰਗ ਸਾਰਸ ਦੇ।
ਪੱਟ ਟਸਰ ਜੌਹਰ ਤੇ ਨਰਮੇ, ਗੋਟਾ ਜਰੀ ਬਾਦਲਾ ਘਰ ਮੇਂ, ਲਿਆ ਰੇਸ਼ਮ ਬਣਦਾ ਬਰਮੇ,
ਉੱਤੇ ਸਿਲਮ-ਸਤਾਰੇ ਲਾਤੇ ਐ। ਦਸਮੇ ਗੁਰ ਦਾਜ ਘਲਾਤੇ ਐ।

(3)
ਦੋ ਹੈਂਕਲ ਤਿੰਨ ਨਕਲੇਸ਼ਾਂ, ਸੱਗੀ-ਫੁੱਲ ਪਾ ਗੁੰਦਦੇ ਕੇਸ਼ਾਂ, ਗਲ਼ ਲੌਕਟ ਪੌਣ ਹਮੇਸ਼ਾਂ,
ਪੱਤ ਬੰਦੀ ਦੀ ਛੱਬ ਵੇਸਰ ਦੀ। ਇੱਕ ਮਛਲੀ ਬਣੀ ਥਨੇਸਰ ਦੀ।

ਪ੍ਰਸੰਗ
ਪਾਉਂਟਾ ਸਾਹਿਬ

॥ ਦੋਹਿਰਾ ॥

ਮੈਂ ਜੰਗ ਪੌਂਟੇ ਸਾਹਿਬ ਦਾ, ਰੱਚਿਆ ਨਵਾਂ ਹਜ਼ੂਰ।
ਜੇ ਹੋਵਣ ਵਿੱਚ ਗ਼ਲਤੀਆਂ, ਕਰ ਲੈਣਾ ਮਨਜ਼ੂਰ।
ਖ਼ਾਨ ਨਿਕਾਲੇ ਫ਼ੌਜ 'ਚੋਂ ਔਰੰਗਜ਼ੇਬ ਨਰਾਜ਼।
ਪੀਰ ਦੁਵਾਤੀ ਨੌਕਰੀ ਸਤਿਗੁਰ ਨਾਲ ਲਿਹਾਜ਼।

ਡੂਢਾ ਛੰਦ-1

(1)

ਦਾਮਲਿਉ ਪਠਾਣ ਫੌਜ ਵਿੱਚ ਭਰਤੀ, ਕਿਤੇ ਕਰੇ ਫ਼ਰੇਬ ਸੀ।
ਫ਼ੌਜ ਬਾਰਾਂ-ਬਾਰਾਂ ਪੱਥਾਰਾਂ ਤੋਂ ਕਰਤੀ, ਖਫ਼ਾ ਔਰਗਜ਼ੇਬ ਸੀ।
ਬੁੱਧੂ ਸ਼ਾਹ ਨੇ ਪਾਸ ਗੁਰਾਂ ਦੇ ਪੁਚਾ ਦਿੱਤੇ, ਪਿੱਛੋਂ ਕੰਧਾਰ ਦੇਸ ਦੇ।
ਪੰਜ ਸੌ ਪਠਾਣ ਨੌਕਰ ਕਰਾ ਦਿੱਤੇ, ਗੁਰੂ ਜੀ ਦਸਮੇਸ਼ ਦੇ।

(2)

ਗੋਰੇ-ਗੋਰੇ ਰੰਗ ਸ਼ਹਿਣੀਆਂ ਨੂੰ ਜਰਮੇ, ਚਲੌਂਦੇ ਡੰਗ ਡੇਬੂ ਜੀ।
ਅੱਖਾਂ ਵੱਢ ਖਾਣੀਆਂ ਮਛ੍ਹੈਰੇ ਭਰਮੇ, ਉੱਤੇ ਟਿਕਣ ਨੇਂਬੂ ਜੀ।
ਲੰਮੇ ਭਲਵਾਨ ਲੈਣ 'ਚ ਖੜ੍ਹਾ ਦਿੱਤੇ, ਬੜੇ ਸੁਨੱਖੇ ਫੇਸ ਦੇ।
ਪੰਜ ਸੌ ਪਠਾਣ ਨੌਕਰ ਕਰਾ ਦਿੱਤੇ, ਗੁਰੂ ਜੀ ਦਸ਼ਮੇਸ਼ ਦੇ।

(3)

ਹਾਕਮਾਂ ਨੂੰ ਪੰਜ ਤੇ ਰੁਪਈਆਂ ਰੋਜ ਦਾ, ਲਗਾਤਾ ਸਾਰਿਆਂ ਜੁਆਨਾਂ ਦਾ।
ਸਜਦਾਂ ਰਸਾਲਾ ਜਾਣੀ ਰਾਜੇ ਭੋਜ ਦਾ, ਸੀ ਗੱਭਰੂ ਪਠਾਨਾਂ ਦਾ।
ਤੇਗ਼ ਬਾਘ ਬੱਚੇ ਬਿੱਛੂਏ ਫੜਾ ਦਿੱਤੇ, ਝੁਕਣ ਮੂਹਰੇ ਏਸ ਦੇ।
ਪੰਜ ਸੌ ਪਠਾਣ ਨੌਕਰ ਕਰਾ ਦਿੱਤੇ, ਗੁਰੂ ਜੀ ਦਸਮੇਸ਼ ਦੇ।

(4)

ਤੰਬੂ ਬਾਹਰ ਲਾਤੇ ਨਾ ਸਤਾਵੇ ਸਰਦੀ ਰੱਖਣ ਨਾਲ ਹਿੱਤ ਦੇ।
ਸਲਵਾਰਾਂ ਕੁੜਤੇ ਸਮਾਤੀ ਵਰਦੀ, ਮੁਰੀਦ ਮੇਰੇ ਮਿੱਤ ਦੇ।

ਲੁੰਗੀਆਂ ਕੁੱਲੇ ਪਸ਼ੌਰ ਤੋਂ ਮੰਗਾ ਦਿੱਤੇ, ਜੋ ਸੁਰੱਖ਼ ਦਰੇਸ ਦੇ।
ਪੰਜ ਸੌ ਪਠਾਣ ਨੌਕਰ ਕਰਾ ਦਿੱਤੇ, ਗੁਰੂ ਜੀ ਦਸ਼ਮੇਸ਼ ਦੇ।

(5)

ਖੰਡ ਪੀਪੇ ਅੱਠ ਨੌਂ ਭਰੇ 'ਵੇ ਮੱਖਣ ਦੇ, ਫ਼ਲੌਰ ਦੀਆਂ ਬੋਰੀਆਂ।
ਮਿੱਠਾ ਥੰਦਾ ਕੁੱਲ ਨੂੰ ਰਲਾ ਕੇ ਚੱਖਣ ਦੇ, ਭਰ-ਭਰ ਕਟੋਰੀਆਂ।
ਸੇਰ-ਸੇਰ ਦੁੱਧ ਸੱਭਨਾ ਦੇ ਲਾ ਦਿੱਤੇ, ਜੋ ਮਿਲਣ ਹਮੇਸ਼ ਦੇ।
ਪੰਜ ਸੌ ਪਠਾਣ ਨੌਕਰ ਕਰਾ ਦਿੱਤੇ, ਗੁਰੂ ਦਸਮੇਸ਼ ਦੇ।

(6)

ਦੋਵੇਂ ਵੇਲੇ ਜਾਂਦੇ ਕਰਨ ਪਰੇਟ ਜੀ, ਸਿੱਖਣ ਚਾਂਦ-ਮਾਰੀਆਂ।
ਸੀਸ ਦੇਣੇ ਪੈਣਗੇ ਗੁਰੂ ਦੀ ਭੇਟ ਜੀ, ਲੜਾਈ ਦੀਆਂ ਤਿਆਰੀਆਂ।
'ਬਾਬੂ ਜੀ' ਡੱਬਲ ਮਾਰਚ ਭਜਾ ਦਿੱਤੇ, ਵੱਧਣ ਵਿੱਚ ਰੇਸ ਦੇ।
ਪੰਜ ਸੌ ਪਠਾਣ ਨੌਕਰ ਕਰਾ ਦਿੱਤੇ, ਗੁਰੂ ਜੀ ਦਸਮੇਸ਼ ਦੇ।

॥ ਦੋਹਿਰੇ ॥

ਸ਼ਾਦੀ ਸੀ ਅਜਮੇਰ ਦੀ, ਭੀਮ ਗਿਆ ਗੁਰ ਪਾਸ।
ਚੀਜ਼ਾਂ ਦੇ ਕੁਝ ਮੰਗਵੀਆਂ ਕਾਰਜ ਆਵੇ ਰਾਸ।
ਤੰਬੂ ਚੌਕੀ ਚੰਨਣ ਦੀ, ਪੰਜ ਕਲ੍ਹਾ ਹਥਿਆਰ।
ਮਘਨਾ ਅਸਪ ਅਸਾਮ ਦਾ, ਕਰਤਾ ਗੁਰ ਇਨਕਾਰ।

ਦੋ-ਭਾਗ ਛੰਦ-2

(1)

ਜਾਣਾ ਫ਼ਤਹਿ ਚੰਦ ਦੇ ਢੁੱਕਣ ਭੀਮ ਨੇ।
ਕੱਠੇ ਹੋਣਾ ਬਾਈ-ਧਾਰਾਂ ਦੇ ਗਨੀਮ ਨੇ।

(2)

ਗਿਣਕੇ ਸੁਣਾਵਾਂ ਤੋਹਫੇ ਚੰਗੇ ਚੰਗੇ ਸੀ।
ਜਿਹੜੇ ਰਾਜੇ ਭੀਮ ਨੇ ਗੁਰਾਂ ਤੋਂ ਮੰਗੇ ਸੀ।

(3)

ਦਰਿਆਈ ਘੋੜਿਆਂ ਤੇ ਸੁਨਹਿਰੀ ਜੀਨ ਸੀ।
ਜਿੱਥੇ ਖੜ੍ਹੇ ਸੋਹਣੀ ਲੱਗਦੀ ਜ਼ਮੀਨ ਸੀ।

ਮਾਤਾ ਫਿਰੇ ਲਾਮ ਸ਼ਾਮ, ਜਿਉਂ ਕੁਸ਼ੱਲਿਆ ਨੂੰ ਰਾਮ, ਚੱਟੇ ਪਿਸਤੇ, ਬਦਾਮ,
ਖਾ ਮੱਖਣ ਰੱਜਦਾ, ਗੁਰੂ ਗੋਬਿੰਦ ਸਿੰਘ ਦਾ ਜਨਮ ਅੱਜ ਦਾ।

(3)

ਚੜ੍ਹੇ ਜੁਆਨੀ ਦੇ ਤਰੰਗ, ਰਹੇ ਫ਼ਰਕ ਅੰਗ ਅੰਗ, ਸਿੱਖੇ: ਸਿੱਖੇ ਕੰਮ ਜੰਗ,
ਦਾ ਐਲਾਨ ਕਰਤੇ, ਅੰਮ੍ਰਿਤ ਖੰਡੇ ਦਾ ਹਮੇਸ਼ਾ ਵਰਤੇ।
ਉੱਚੀ ਸੁੱਚੀ ਸੀ ਬੰਸ, ਸੂਰਮਗਤੀ ਦਾ ਲਸੰਸ, ਬੋਲੇ ਕਾੜ੍ਹ ਕਾੜ੍ਹ ਧੰਨਸ਼,
ਰਣਜੀਤ ਵੱਜਦਾ, ਗੁਰੂ ਗੋਬਿੰਦ ਸਿੰਘ ਦਾ ਜਨਮ ਅੱਜ ਦਾ।

(4)

ਕਰੇ ਦਿਨ ਰਾਤ ਜਾਪ, ਨਾਲ ਭਲੇ ਦਾ ਮਿਲਾਪ, ਦੇਸ਼ੋ ਕੱਢੇ ਬਾਹਰ ਪਾਪ,
ਨੂੰ ਧਰਮ ਬੀਜੇ ਜੀ, ਦੋ ਨੂੰ ਛੱਡ ਪੰਥ ਸਜਾ ਤੇ ਤੀਜੇ ਜੀ।
ਜੀ ਕੜ੍ਹਾ ਤੇ ਕੰਘਾ ਡਾਰ, ਕ੍ਰਿਪਾਨ ਤੇਜ਼ ਧਾਰ, ਕੇਸ ਕਾਲੀ ਦਸਤਾਰ,
ਤੇ ਕਛਿਹਰਾ ਸੱਜਦਾ, ਗੁਰੂ ਗੋਬਿੰਦ ਸਿੰਘ ਦਾ ਜਨਮ ਅੱਜ ਦਾ।

(5)

ਆ ਗਿਆ ਮਾਮਾ ਕ੍ਰਿਪਾਲ, ਕਾਲੇ ਖਾਂ ਪਠਾਣ ਨਾਲ, ਕਰੇ ਬੁੱਧੂ ਸ਼ਾਹ ਕਮਾਲ,
ਸ਼ੇਰ ਰਲ ਬਾਰਾਂ ਦੇ, ਵਿੱਢਣ ਲੜਾਈ ਰਾਜੇ ਬਾਈਧਾਰਾਂ ਦੇ।
ਵੈਰੀ ਸਿੱਟੇ ਪਾੜ ਪਾੜ, ਡਰ ਕੰਬਗੇ ਪਹਾੜ, ਜੁਆਨ ਮਾਰਦੇ ਚੰਗਿਆੜ,
ਜਿਉਂ ਬੱਦਲ ਗੱਜਦਾ, ਗੁਰੂ ਗੋਬਿੰਦ ਸਿੰਘ ਦਾ ਜਨਮ ਅੱਜ ਦਾ।

(6)

ਨਾਲ ਮੁਗ਼ਲਾਂ ਦੇ ਵੈਰ, ਨਾ ਹਟੌਣ ਪਿੱਛੇ ਪੈਰ, ਚੀਜ਼ ਲੜਨੋਂ ਬਗੈਰ,
ਨਾ ਕਿਸੇ ਨੂੰ ਹੋਰ ਚਾਅ, ਆਣਕੇ ਅਨੰਦਪੁਰ ਲਾ ਲਿਆ ਮੋਰਚਾ।
ਚਮਕੌਰ ਨੂੰ ਸਧਾਰੇ, ਖਪੇ ਸਿੰਘ ਭਾਰੇ ਭਾਰੇ, ਲੜ ਦੋ ਦੁਲਾਰੇ ਵਾਰੇ,
ਨਾ ਮੈਦਾਨੋਂ ਭੱਜਦਾ, ਗੁਰੂ ਗੋਬਿੰਦ ਸਿੰਘ ਦਾ ਜਨਮ ਅੱਜ ਦਾ।

(7)

ਰਹਿਗੇ ਕੱਲੇ ਹੱਥੋਂ ਵਿਹਲੇ, ਛਾਣੇ ਮਾਛੀਵਾੜੇ ਬੇਲੇ, ਗਨੀ ਨਬੀ ਖਾਨ ਚੇਲੇ,
ਸੂਰਮੇ ਸਰੀਰ ਸੀ, ਉਨ੍ਹਾਂ ਕੱਢੇ ਉੱਚ ਦੇ ਬਣਾਕੇ ਪੀਰ ਸੀ।
ਗੱਲ ਕੱਲੇ ਰਾਅ ਨੇ ਛੇੜੀ, ਜੋੜੀ ਭਾਵੀ ਨੇ ਨਖੇੜੀ, ਪਤਾ ਮੁਗਲਾਂ ਦੀ ਖੇੜੀ,
ਗਾਉਂ ਗੰਗੂ ਬਲੱਜ਼ ਦਾ, ਗੁਰੂ ਗੋਬਿੰਦ ਸਿੰਘ ਦਾ ਜਨਮ ਅੱਜ ਦਾ।

(8)

ਹਲਕਾਰੇ ਆ ਕੇ ਦੱਸੀ, ਜਾ ਸਰਹੰਦ ਜੋੜੀ ਫੱਸੀ, ਗਈ ਖੇੜੀ ਪਿੰਡ ਡੱਸੀ,
ਸੀ ਗੰਗੂ ਦੀ ਓਟ ਲਿਉਂ, ਹਾਅ ਦਾ ਨਾਅਰਾ ਮਾਰਦੇ ਪਠਾਣ ਕੋਟਲਿਉਂ।
ਫੜ੍ਹ ਅਨਮੁੱਲੇ ਲਾਲ, ਚਿਣੇ ਅੰਦਰ ਦਿਵਾਲ, ਚੰਗਾ ਰਹਿੰਦਾ ਨੌ ਨਿਹਾਲ,
ਜੇ ਗੁਰਾਂ ਦੇ ਕੱਜਦਾ, ਗੁਰੂ ਗੋਬਿੰਦ ਸਿੰਘ ਦਾ ਜਨਮ ਅੱਜ ਦਾ।

(9)

ਥਾਪੀ ਰਾਏ ਕੱਲੇ ਨੂੰ ਲਾਗੇ, ਸੁਭਾ ਨੂੰ ਵਹੀਰਾਂ ਪਾਗੇ, ਤੇ ਮੁਕਤਸਰ ਆਗੇ,
ਦਸ਼ਮੇਸ਼ ਜੁਗਤੀ, ਜਿੱਥੇ ਨਾਹਕੇ ਪਾਂਵਣੀ ਸਿੱਖਾਂ ਨੇ ਮੁਕਤੀ।
ਹੱਥ ਸਿਰੀ ਸਾਹਬ ਫੜ੍ਹ, ਸਿੱਟੇ ਪਾੜ ਪਾੜ ਧੜ, ਲਹੂ ਮਗ਼ਲਾਂ ਸੇ ਲੜ,
ਚੜ੍ਹ ਗਿਆ ਅਗੱਜ ਦਾ, ਗੁਰੂ ਗੋਬਿੰਦ ਸਿੰਘ ਦਾ ਜਨਮ ਅੱਜ ਦਾ।

(10)

ਹੋ ਗਿਆ ਛਾਨਣੀ ਜਿਸਮ, ਗਏ ਰਤਾ ਕੁ ਵਿਸਮ, ਡਰੇ ਇੱਕ ਨਾ ਰਿਸ਼ਮ,
ਨਾਲ ਦਿਆਂ ਦਿਉ ਖਿਡਿਉਂ, ਮਾਰ ਕਾਣਾ ਦੈਂਤ ਕੱਢਤਾ ਬਠਿੰਡਿਉਂ।
ਸਾਬੋ ਦੇਸ਼ ਵੱਲ ਆਉਣ, ਤੇ ਡੱਲੇ ਨੂੰ ਸਮਝਾਉਣ, ਅੰਬ ਝਾੜੀਆਂ ਨੂੰ ਲਾਉਣ।
ਨਾ ਯਕੀਨ ਬੱਝਦਾ, ਗੁਰੂ ਗੋਬਿੰਦ ਸਿੰਘ ਦਾ ਜਨਮ ਅੱਜ ਦਾ।

(11)

ਵੈਰੀ ਫਿਰਨ ਉਦਾਲੇ, ਪਾਗੇ ਦੱਖਣ ਨੂੰ ਚਾਲੇ, ਕਰਕੇ ਸਫ਼ਰ ਬਾਹਲੇ,
ਜਾ ਝੰਡੇ ਜੇ ਗੱਡਤੇ, ਜਾ ਹਜ਼ੂਰ ਸਾਹਿਬ 'ਚ ਸਰੀਰ ਛੱਡਤੇ।
'ਬਾਬੂ ਜੀ' ਤਰੀਖਾਂ ਕਹਿਣ, ਸੁੱਖ ਤਿਆਗ ਦੁੱਖ ਸਹਿਣ, ਲਾਜ ਰੱਖੇ ਹਿੰਦ ਵੈਣ,
ਦੀ ਭਰਿਆ ਵਿਆ ਲੱਜ਼ ਦਾ, ਗੁਰੂ ਗੋਬਿੰਦ ਸਿੰਘ ਦਾ ਜਨਮ ਅੱਜ ਦਾ।

ਦਸਮੇਸ਼ ਮਹਿਮਾ

(1)

ਰੱਬ ਤੋਂ ਡਰਨ ਵਾਲੇ, ਕੋਮਲ ਚਰਨ ਵਾਲੇ,
ਗੱਲ ਤੇ ਮਰਨ ਵਾਲੇ, ਦੇਸ਼ ਦੇ ਨਰੇਸ਼ ਗੁਰ।
ਗੁਰੂ ਪੰਜਾਂ ਕੱਕਿਆਂ ਵਾਲੇ, ਤੇ ਕਰਾਰਾਂ ਪੱਕਿਆਂ ਵਾਲੇ,
ਕੰਮ ਅਣਥੱਕਿਆਂ ਵਾਲੇ, ਕਰਨ ਹਮੇਸ਼ ਗੁਰ।
ਛਾਂਟਵੇਂ ਸਰੀਰ ਵਾਲੇ, ਤੇ ਧਨੁਸ਼ ਤੀਰ ਵਾਲੇ,
ਸੋਹਣੀ ਤਸਵੀਰ ਵਾਲੇ, ਚੰਦ ਜੈਸੇ ਫੇਸ ਗੁਰ।
'ਬਾਬੂ ਜੀ' ਸ਼ਰਮ ਵਾਲੇ, ਦੁਆਰੇ ਤੇ ਧਰਮ ਵਾਲੇ,
ਪਟਨੇ ਜਰਮ ਵਾਲੇ, ਮੇਰੇ ਦਸ਼ਮੇਸ਼ ਗੁਰ!

(2)

ਰਾਜਧਾਨੀ ਰਾਜਾਂ ਵਾਲੇ, ਜੋੜੇ ਘੋੜੇ ਸਾਜਾਂ ਵਾਲੇ,
ਚਿੱਟੇ ਚਿੱਟੇ ਬਾਜਾਂ ਵਾਲੇ, ਦੇਸ਼ ਦਾ ਆਦੇਸ਼ ਗੁਰ।
ਉੱਚਿਆਂ ਜੈਕਾਰਿਆਂ ਵਾਲੇ, ਤਾਜ ਚਮਕਾਰਿਆਂ ਵਾਲੇ,
ਸੋਹਣਿਆਂ ਦਲਾਰਿਆਂ ਵਾਲੇ, ਸੀ ਰਖਾਂਗੇ ਕੇਸ ਗੁਰ।
ਸੱਚ ਤੇ ਅੜਨ ਵਾਲੇ, ਪਾਪ ਸੇ ਲੜਨ ਵਾਲੇ,
ਜੰਗ ਤੇ ਚੜ੍ਹਨ ਵਾਲੇ, ਹਿੰਦ ਰੱਖੀ ਏਸ ਗੁਰ।
'ਬਾਬੂ ਜੀ' ਸ਼ਰਮ ਵਾਲੇ, ਦੁਆਰੇ ਤੇ ਧਰਮ ਵਾਲੇ,
ਪਟਨੇ ਜਰਮ ਵਾਲੇ, ਮੇਰੇ ਦੇਸ਼ਮੇਸ਼ ਗੁਰ।

(3)

ਬੜੇ ਉੱਚੇ ਸ਼ਾਨ ਵਾਲੇ, ਸੁੱਚੇ ਖਾਨਦਾਨ ਵਾਲੇ,
ਤੀਰ ਤੇ ਕਮਾਨ ਵਾਲੇ, ਮਾਰਦੇ ਮਲੇਸ਼ ਗੁਰ।
ਛੂਤ ਨੂੰ ਕੱਢਣ ਵਾਲੇ, ਮਾੜੇ ਨੂੰ ਛੱਡਣ ਵਾਲੇ,
ਵੈਰੀ ਨੂੰ ਵੱਢਣ ਵਾਲੇ, ਚੱਕ ਤੇ ਕਲੇਸ਼ ਗੁਰ।
ਬੁੱਧੂ ਸ਼ਾਹ ਸੇ ਸੂਰ ਵਾਲੇ, ਤੇ ਅਨੰਦਪੁਰ ਵਾਲੇ,
ਛਾਤੀ ਉੱਤੇ ਬੂਰ ਵਾਲੇ, ਫਿਰੇ ਪ੍ਰਦੇਸ਼ ਗੁਰ।

'ਬਾਬੂ ਜੀ' ਸ਼ਰਮ ਵਾਲੇ, ਦੁਆਰੇ ਤੇ ਧਰਮ ਵਾਲੇ,
ਪਟਨੇ ਜਰਮ ਵਾਲੇ, ਮੇਰੇ ਦਸ਼ਮੇਸ਼ ਗੁਰ।

(4)

ਸਰਸਾ ਲੰਘਣ ਵਾਲੇ, ਚਮਕੌਰ 'ਚ ਖੰਘਣ ਵਾਲੇ,
ਰੇਤ ਨੂੰ ਰੰਗਣ ਵਾਲੇ, ਲੜ ਲਾਗੇ ਰੇਸ ਗੁਰ।
ਸਾਕ ਤੇ ਸਕੀਰੀ ਵਾਲੇ, ਨਿੱਕੀ ਜੀ ਪਨੀਰੀ ਵਾਲੇ,
ਉੱਚ ਪੀਰ ਪੀਰੀ ਵਾਲੇ, ਸੀ ਵਟਾਗੇ ਭੇਸ ਗੁਰ।
ਦੁੱਖ ਮਾਝੇ ਦੇ ਵੰਡਣ, ਟੁੱਟੀ ਸਿੱਖੀ ਨੂੰ ਗੰਢਣ,
ਅਤੇ ਡੱਲੇ ਨੂੰ ਭੰਡਣ, ਤਲਵੰਡੀ ਪ੍ਰਵੇਸ਼ ਗੁਰ।
'ਬਾਬੂ ਜੀ' ਸ਼ਰਮ ਵਾਲੇ, ਦੁਆਰੇ ਤੇ ਧਰਮ ਵਾਲੇ,
ਪਟਨੇ ਜਰਮ ਵਾਲੇ, ਮੇਰੇ ਦਸ਼ਮੇਸ਼ ਗੁਰ।

॥ ਦੋਹਿਰਾ ॥

(1)

ਚਾਨਣ ਹੋ ਗਿਆ ਜਗਤ ਮੇਂ, ਚੱਕਤਾ ਪਰ੍ਹੇ ਅੰਧੇਰ।
ਪਟਨੇ ਦੇ ਵਿੱਚ ਜਰਮਿਆ, ਗੁਰੂ ਗੋਬਿੰਦ ਸਿੰਘ ਸ਼ੇਰ।

(2)

ਚਿੱਟਿਆਂ ਬਾਜਾਂ ਵਾਲਿਆ, ਖੜ੍ਹੇ ਤਕਾ ਕਰ ਓਟ।
ਤੋੜੀਂ ਹੋ ਕੇ ਮਿਹਰਵਾਨ, ਕੁਫ਼ਰ ਫ਼ਿਕਰ ਦੇ ਕੋਟ।

ਮਨੋਹਰ ਭਵਾਨੀ ਛੰਦ

(1)

ਲੱਗੇ ਗੁਰੂਦੁਆਰੇ ਭਾਗ, ਫੁੱਲੇ ਖੁਸ਼ੀਆਂ ਦੇ ਬਾਗ਼, ਹੋਣ ਲੱਗੇ ਰੰਗ ਰਾਗ,
ਸੰਗਤਾਂ ਜੁੜਗੀਆਂ, ਮਿੱਠੀਆਂ ਜ਼ਬਾਨਾਂ ਦਿਲਾਂ ਨੂੰ ਪੁੜਗੀਆਂ।
ਸ਼ਹਿਰ ਪਟਨੇ ਰਹੈਸ, ਚੰਦ ਚੜ੍ਹਿਆ ਦਿਨ ਐਸ, ਦਸ਼ਮੇਸ਼ ਦੀ ਪਦੈਸ਼,
ਸੀ ਵਖ਼ਤ ਚੱਜ ਦਾ, ਗੁਰੂ ਗੋਬਿੰਦ ਸਿੰਘ ਦਾ ਜਨਮ ਅੱਜ ਦਾ।

(2)

ਚਿਹਰਾ ਜਗੇ ਜਿਉਂ ਮਿਸਾਲ, ਹੋਗੇ ਵੇਖਕੇ ਨਿਹਾਲ, ਮਾਤਾ ਪਾਲੇ ਲਾਡ ਨਾਲ,
ਹੋਗੇ ਨੌਂ ਕੁ ਬਰਸ ਦੇ, ਸੱਚੇ ਨੇ ਬੁਲਾ ਲਿਆ ਪਿਤਾ ਉੱਤੇ ਅਰਸ਼ ਦੇ।

ਸਰਵ-ਸਾਂਝੀਵਾਲਤਾ ਦਾ ਸਿਰਨਾਵਾਂ ‘ਬਾਬੂ ਰਜਬ ਅਲੀ ਖ਼ਾਂ’

ਮਨੁੱਖ ਅਨੇਕਾਂ ਫਿਰਕਿਆਂ, ਜਾਤਾਂ ਧਰਮਾਂ ਵਿੱਚ ਵੰਡਿਆ ਹੋਇਆ ਹੈ। ਇਹ ਇਸ ਸ਼੍ਰੰਗਹਿ ਦੀ ਲੋੜ ਹੈ ਜਾਂ ਫਿਤਰਤ, ਇਸੇ ਕਰਕੇ ਮਨੁੱਖ ਇਨਸਾਨੀਅਤ ਜਿਹੇ ਕੁਦਰਤੀ ਅਨੁਭਵਾਂ ਤੋਂ ਕੋਹਾਂ ਦੂਰ ਹੁੰਦਾ ਜਾ ਰਿਹਾ ਹੈ। ਇਸੇ ਕਰਕੇ ਵਕਤ-ਵਕਤ ਤੇ ਪੀਰ-ਫ਼ਕੀਰ, ਗੁਰੂ ਪੈਗ਼ੰਬਰ ਔਲ੍ਹੀਆਂ ਨੇ ਆਪਣੀ ਰਹਿਬਰੀ ਦੇ ਕੇ ਇਸਦੇ ਅਸਲੀ ਜਨਮ ਮਨੋਰਥ ਤੋਂ ਜਾਣੂ ਕਰਵਾਇਆ। ਕੁਦਰਤ ਦੇ ਵੀ ਅਜਬ ਦਸਤੂਰ ਨੇ ਇਸ ਦੀ ਥੇਹ ਨੂੰ ਗਿਆਨ ਤੇ ਵਿਗਿਆਨ ਰਾਹੀਂ ਜਾਨਣ ਲਈ ਮਨੁੱਖ ਨੇ ਹਰ ਹੀਲਾ ਕੀਤਾ। ਉਹ ਕਿੰਨਾ ਕਾਮਯਾਬ ਹੋਇਆ। ਇਸ ਤੋਂ ਅਸੀਂ ਸਾਰੇ ਹੀ ਭਲੀ-ਭਾਂਤ ਜਾਣੂ ਹਾਂ ਕਿ ਇਸ ਦੇ ਕੌਤਕੀ ਵਰਤਾਰੇ ਮਹਿਸੂਸ ਹੀ ਕੀਤੇ ਜਾ ਸਕਦੇ ਨੇ, ਸ਼ਬਦਾਂ ’ਚ ਕੈਦ ਨਹੀਂ ਕੀਤੇ ਜਾ ਸਕਦੇ। ਬਸ ਕੋਸ਼ਿਸ਼ ਹੀ ਜੁਟਾਈ ਜਾ ਸਕਦੀ ਹੈ। ਇਹ ਕੋਸ਼ਿਸ਼ ਹਮੇਸ਼ਾ ਕਲਾਕਾਰਾਂ, ਸਾਹਿਤਕਾਰਾਂ, ਚਿੱਤਰਕਾਰਾਂ ਜਾਂ ਹੋਰ ਕਲਾ-ਹੁਨਰੀਆਂ ਦੇ ਹਿੱਸੇ ਆਈ ਹੈ। ਇਸ ਕਰਕੇ ਸਮਾਜ ਨੇ ਹਮੇਸ਼ਾ ਹੀ ਇਹਨਾਂ ਦਾ ਸਤਿਕਾਰਤ ਸਥਾਨ ਰੱਖਿਆ ਹੈ। ਇਹਨਾਂ ਦੁਆਰਾ ਰਚੀਆਂ ਰਚਨਾਵਾਂ, ਇਹਨਾਂ ਨਾਲ ਜੁੜੀਆਂ ਯਾਦਾਂ ਅਤੇ ਨਾਂਓ ਹਮੇਸ਼ਾਂ ਸਮੇਂ ਦੇ ਕਲਸ਼ ਦੀ ਹਿੱਕ ਤੇ ਸੁਨਹਿਰੀ ਅੱਖਰਾਂ ਦੀ ਇਬਾਰਤ ਬਣਿਆ। ਇਹੋ ਜਿਹੀ ਤਵਾਰੀਖੀ ਇਬਾਰਤ ਦਾ ਨਾਂ “ਬਾਬੂ ਰਜਬ ਅਲੀ ਖਾਂ” ਹੈ।

ਇਸ ਧਰਤੀ ਤੇ ਰਹਿਣ ਵਾਲਿਆਂ ਦੇ ਚਲਨ ਮੁਤਾਬਿਕ ਇਹੋ ਜਿਹੀਆਂ ਰੂਹਾਂ ਨੂੰ ਜਨਮ ਮੁਤਾਬਕ ਫਿਰਕੇ, ਧਰਮ ਜਾਂ ਮਜਹਬ ਮੁਤਾਬਿਕ ‘ਨਾਂ’ ਦਾ ਧਾਰਨੀ ਤਾਂ ਹੋਣਾ ਹੀ ਪੈਂਦਾ ਹੈ। ਪਰ ਇਹ ਹਮੇਸ਼ਾਂ ਕੁਦਰਤ ਦੇ ਇਲਾਹੀ ਅਨੁਭਵੀ ‘ਇਨਸਾਨ’ ਦੀ ਮਿਸਾਲ ਹੁੰਦੇ ਨੇ। ਕਿਸੇ ਧਰਮ-ਮਜਹਬ ਜਾਂ ਬੋਲੀ ਵਰਗੀਆਂ ਵੰਡੀਆਂ ਵਿੱਚ ਇਹ ਵੰਡੇ ਨਹੀਂ ਹੁੰਦੇ। ਇਹਨਾਂ ਵਾਸਤੇ ਕੁਦਰਤ ਦੀ ਹਰ ਸ਼ੈਅ ਵਿੱਚ ਉਸ ਦਾ ਰੂਪ ਹੁੰਦਾ ਹੈ। ਹੱਥਲੀ ਪੁਸਤਕ ਦੇ ਕਵੀ-ਕਵੀਸ਼ਰ “ਬਾਬੂ ਰਜ਼ਬ ਅਲੀ ਖਾਂ” ਦੁਆਰਾ ਰੁਚੀਆਂ ਰਚਨਾਵਾਂ ਉਹਨਾਂ ਦੀ ਮੌਲ੍ਹਾ ਸਖ਼ਸ਼ੀਅਤ ਦਾ ਨਮੂਨਾ ਦਰਜ ਸਿੱਖਾਂ ਦੇ ਦਸਮ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦੀਆਂ ਵਿਸ਼ੇਸ਼ ਘਟਨਾਵਾਂ ਸਾਕਾ ਚਮਕੌਰ, ਸਾਕਾ ਸਰਹਿੰਦ, ਬੇ-ਦਾਵ੍ਹੇ ਦੀ ਵਿਥਿਆ, ਗੁਰ ਦਸਮੇਸ਼ ਦੌਰਾ ਅਤੇ ਦਸਮੇਸ਼ ਮਹਿਮਾ ਰਾਹੀਂ ਲਾਸਾਨੀ ਗੁਰੂ ਦੀ ਅਦਭੁੱਤ ਮਹਿਮਾ ਆਪਣੀ ਬੇਬਾਕ ਕਾਵਿ-ਸ਼ੈਲੀ ਨਾਲ ਪਰੋਈਆਂ ਰਚਨਾਵਾਂ ਹਨ। ਇਹਨਾਂ ਵਿੱਚ ਇਹ ਨਹੀਂ ਲੱਗਦਾ ਕਿ ਇਹ ਇਕ ਮੁਸਲਮਾਨ ਜੀਵਨ ਸ਼ੈਲੀ ਅਤੇ ਬਿਲਕੁੱਲ ਹੀ ਵੱਖਰੇ ਮਜ਼ਹਬ ਨਾਲ ਸੰਬੰਧਿਤ ਕਵੀ ਦੀਆਂ ਰਚਿਤ ਰਚਨਾਵਾਂ ਹਨ, ਬਾਕੀ ਰਹੀ ਗੱਲ ‘ਦਸਮ ਪਾਤਸ਼ਾਹ’ ਜਿਹੇ ਯੁਗ-ਪੁਰਸ਼ ਕਿਸੇ ਧਰਮ, ਫਿਰਕੇ ਜਾਂ ਮਜਹਬ ਤੱਕ ਸੀਮਤ ਨਹੀਂ ਹੁੰਦੇ ਸਗੋਂ ਪੂਰੀ ਖਲਕਤ ਦੇ ਹੀ ਚਾਨਣ ਮੁਨਾਰੇ ਹੁੰਦੇ ਨੇ। ਉਹਨਾਂ ਦੇ ਕਰਮ ਦਿਸ਼ਾ-ਨਿਰਦੇਸ਼ ਵੀ ਹਰ ਦਿਲ ਓਨੀ ਅਹਿਮੀਅਤ ਰੱਖਦੇ ਹਨ ਜਿੰਨੇ ਕਿ ਉਹਨਾਂ ਦੇ ਆਪਣੇ ਪੈਰੋਕਾਰਾਂ ਦੇ। ਇਹ ਯੁਗ ਪੁਰਸ਼ ਕਿਸੇ ਇੱਕ ਧਰਮ ਫਿਰਕੇ ਜਾਂ ਮਜਹਬ ਦੀ ਮਲਕੀਅਤ ਨਹੀਂ ਹੁੰਦੇ, ਸਾਰੀ ਮਨੁੱਖਤਾ ਲਈ ਬਰਾਬਰ ਹੁੰਦੇ ਨੇ, ਬਾਕੀ ਮਨੁੱਖਾ ਵਿਰਤੀ ਦੀ ਸਮਝ ਤੇ ਹੈ।

“ਰੱਬ ਤੋਂ ਡਰਨ ਵਾਲੇ, ਕੋਮਲ ਚਰਨ ਵਾਲੇ।
ਗੱਲ ਤੇ ਮਰਨ ਵਾਲੇ, ਦੇਸ ਦੇ ਨਰੇਸ਼ ਗੁਰ।
ਗੁਰੂ ਪੰਜਾ ਕੱਕਿਆਂ ਵਾਲੇ, ਤੇ ਕਰਾਰਾਂ ਪੱਕਿਆਂ ਵਾਲੇ।
ਕੰਮ ਅਣਥੱਕਿਆ ਵਾਲੇ, ਕਰਨ ਹਮੇਸ਼ ਗੁਰ।
‘ਬਾਬੂ ਜੀ’ ਸ਼ਰਮ ਵਾਲੇ ਦੁਆਰੇ ਦੇ ਧਰਮ ਵਾਲੇ।
ਪਟਨੇ ਜਰਮ ਵਾਲੇ, ਮੇਰੇ ਤੇ ਦਸਮੇਸ਼ ਗੁਰ।

ਇਹ ਸਤਰਾਂ ਉਹਨਾਂ ਦੀ ਆਪਣੀ ਗੁਰ ਨੇੜਤਾ ਦਾ ਲਾਜਵਾਬ ਬੰਦ ਹਨ। ਉਹਨਾਂ “ਮੇਰੇ ਦਸਮੇਸ਼ ਗੁਰ ਕਹਿ ਪੂਰੀ ਰਚਨਾ ਹੋ ਸੰਬੋਧਿਤ ਹੋ ਕੀਤੀ ਹੈ। ਇਥੇ ਇੱਕ ਨਿਰਪੱਖ ਅਤੇ ਪੂਰਨ ਇਨਸਾਨ ਅਤੇ ਮੌਲ੍ਹਾ ਕਵੀ ਡੁੱਲ-ਡੁੱਲ ਪੈਂਦਾ ਹੈ। ਆਪਣੇ ਮਨੁੱਖਾ ਜੀਵਨ ਦੀਆਂ ਸਫ਼ਲ ਜਾਚਨਾਵਾਂ ਜੋ, ਜਿਸ ਨਈ ਹਰ ਇਨਸਾਨ ਬਚਨ ਵੱਧ ਹੈ ਪਰ ਕਿੰਨਾ— ? ਅਸੀਂ ਦੇਖਦੇ ਹੀ ਹਾਂ ਪਰ ਜਿਹੜੇ ਪੂਰੇ ਉਤਰਦੇ ਹਨ ਜਾਂ ਉਤਰੇ ਹਨ। ਉਹਨਾਂ ਤੋਂ ਮੁਨਕਰ ਵੀ ਨਹੀਂ ਹੋਇਆ ਜਾ ਸਕਦਾ। ਇਸ ਤਰ੍ਹਾਂ ਹੱਥਲੀ ਪੁਸਤਕ ਤੋਂ ਇਲਾਵਾ “ਰਜਬ ਅਲੀ ਖਾਂ” ਹੁਰਾਂ ਹਿੰਦੂ ਧਰਮ ਦੇ ਮਿਥਿਹਾਸਕ ਤੇ ਇਤਿਹਾਸਕ ਪ੍ਰਸੰਗ ਜਿਵੇਂ ਅਭਿਮੰਨੂੰ ਦਾ ਵਿਆਹ, ਰਾਜਾ ਰਤਨ ਸੈਨ, ਸਲਚੋਨਾ ਨਲ-ਦਮੰਯਤੀ, ਰਾਮਾਇਣ ਅਤੇ ਸੀਤਾ ਦੀ ਭਾਲ ਜਿਹੀਆਂ ਰਚਨਾਵਾਂ ਵਿੱਚ ਵੀ ਇਹੀ ਸੁਚੱਜੇ ਇਨਸਾਨੀ ਫਰਜ਼ ਦੀ ਅਦਾਇਗੀ ਦੀ ਮਿਸਾਲ ਹਨ। ਗੱਲ ਕੀ ਅਗਰ ਅਸੀਂ ਅਜਿਹੇ, ਨਜ਼ਰ ਮਾਰੀਏ ਇਤਿਹਾਸ ਦੇ ਪੰਨਿਆਂ ਤੇ, ਤਾਂ ਸਾਨੂੰ ਮੁਸਲਮਾਨ ਫਿਰਕਾ ਤਕਰੀਬਨ ਕਲਾ ਦੀਆਂ ਵੱਖੋ-ਵੱਖ ਵਿਧਾਵਾਂ ਨਾਲ ਜ਼ਿਆਦਾ ਸਰੋਵਾਰ ਰਿਹਾ ਜਿਨ੍ਹਾਂ ਦੇ ਅਵਸੇਸ਼ ਅੱਜ ਤੱਕ ਸੰਸਾਰ ਦੀਆਂ ਵਿਸ਼ੇਸ਼ ਚਰਨਾਵਾਂ ਵਿੱਚ ਵਿਦਵਾਨ ਭਾਰਤ ਦਾ ਜ਼ਿਕਰ ਕਰਨ ਲਈ ਮਜਬੂਰ ਹਨ। ਉਹ ਫਿਰ ਵੀ ਕਿਤੇ ਨਾ ਕਿਤੇ ਉਹ ਕਲਾ ਸਮਰਪਣ ਜਾਂ ਨਿਰਲੇਪਤਾ ਨਹੀਂ ਰੱਖ ਸਕੇ ਪਰ ਬਾਬੂ ਰਜਬ ਅਲੀ ਖਾਂ ‘ਹੁਰਾਂ ਦੀਆਂ ਰਚਨਾਵਾਂ ਵਿੱਚ ਇਹ ਦੋਸ਼ ਬਿਲਕੁਲ ਨਹੀਂ ਹਨ।

ਉਹਨਾਂ ਵਾਕਿਆ ਹੀ ਇਕ ਕਵੀ, ਕਲਾਕਾਰ ਤੇ ਆਪਣੇ ਜੀਵਨ ਵਿੱਚ ਕੁਦਰਤ ਦੀ ਬਖ਼ਸ਼ੀ ਤੇ ਸੌਂਪੀ ਅਨਾਇਤ ਨੂੰ ਬਾਖੂਬੀ ਪੂਰ ਇਨਸਾਨੀਅਤ ਲਈ ਇੰਨ-ਬਿੰਨ ਬੇਬਾਕ ਲੋਕ ਬੋਲੀ ਅਤੇ ਇਲਾਹੀ ਰਵਾਨਗੀ ਵਾਂਗੂ ਮਸੱਲਸਲ ਵਿਖੇਰਿਆ। ਜਿਸਨੂੰ ਕਵੀਸ਼ਰ ਸੁਖਵਿੰਦਰ ਸਿੰਘ ਸੁਤੰਤਰ ਨੇ ਉਹਨਾਂ ਦੇ ਕਲਾ ਉਪਾਸ਼ਕਾਂ ਅਤੇ ਨਵੀਂ ਪੀੜ੍ਹੀ ਲਈ ਇਹ ਕਲਾ ਪੱਧਤੀ ਯੋਗ ਢੰਗ ਨਾਲ ਇਕੱਤਰ ਕਰ ਆਪਣਾ ਸੰਪਾਦਕੀ ਫਰਜ਼ ਨਿਭਾਉਂਦਿਆਂ ਉਹਨਾਂ ਦੀ ਨਜ਼ਰ ਕੀਤੀ ਹੈ। ਇਹ ਉੱਦਮ ਸ਼ਾਲਾਘਾ ਦਾ ਹੱਕਦਾਰ ਹੈ। ਕੁਦਰਤ ਇਨ੍ਹਾਂ ਨੂੰ ਨਿਰਛੱਲ ਸੇਵਾ ਮੁਤਾਬਕ ਬਲ ਬਖ਼ਸ਼ੇ।

ਆਰ. ਐਸ. ਲਿਬਰੇਟ
ਪੱਤਰਕਾਰ, ਚਿੱਤਰਕਾਰ, ਨਾਟਕਕਾਰ ਅਤੇ ਅਨੁਵਾਦਕ
26633, ਗਲੀ ਨੰ: 3-1/2, ਅਮਰਪੁਰਾ ਬਸਤੀ, ਬਠਿੰਡਾ-151005
ਬਠਿੰਡਾ 98554-95995, 0164-2280932

ਬਾਬੂ ਜੀ ਦੀ ਕਵਿਤਾ ਲਈ ਅਰਪਿਤ ਹਯਾਤੀ–ਜੱਥੇਦਾਰ ਜਗਮੇਲ ਸਿੰਘ ਬਾਜਕ



ਅਸਲੀ ਪ੍ਰੇਮ ਚੱਕਰ ਸਹੇਲ ਨਾ, ਜਦੋਂ ਤੀਕ ਫਰਮਾਵੇ ਜਗਮੇਲ ਨਾ।
‘ਰਜਬਲੀ ਖ਼ਾਨ’ ਨਾ ਕਿਤਾਬ ਛਾਪੀ ਦੀ, ਸੁਭਾ ਸਾਰ ਮਘਗੀ ਕਚਹਿਰੀ ਪਾਪੀ ਦੀ।

.....

ਕਿਸੇ ਵੀ ਮਕਸਦ ਲਈ ਜ਼ਿੰਦਗੀ ਲਾ ਦੇਣੀ ਵਿਰਲਿਆਂ ਦੇ ਹਿੱਸੇ ਹੀ ਆਉਂਦੀ ਹੈ। ਲੋਭ ਜਾਂ ਮੋਹ–ਵਸ ਹੋ ਕੇ ਤਾਂ ਹੋ ਸਕਦੈ, ਅਨੇਕਾਂ ਜ਼ਿੰਦਗੀਆਂ ਲੇਖੇ ਲੱਗ ਗਈਆਂ ਹੋਣ ਪ੍ਰੰਤੂ ਆਪਣੇ ਉਸਤਾਦ ਦੀ ਰਚਨਾ ਲਈ ਦਿਨ ਰਾਤ ਲਾ ਸੰਘਰਸ਼ ਕਰਦਿਆਂ ਜੀਵਨ ਹੱਸਦਿਆਂ ਖੇਡਦਿਆਂ ਬਿਤਾ ਦੇਣ ਵਾਲੀ ਸ਼ਖਸੀਅਤ ਦਾ ਨਾਂ ਹੈ ਜਗਮੇਲ ਸਿੰਘ ਬਾਜਕ।

ਜੱਥੇਦਾਰ ਜਗਮੇਲ ਸਿੰਘ ਦਾ ਜਨਮ 1916 ਈ. ਵਿੱਚ ਫਿਰੋਜ਼ਪੁਰ ਜ਼ਿਲ੍ਹੇ ਦੀ ਤਹਿਸੀਲ ਮੁਕਤਸਰ ਦੇ ਪਿੰਡ ਲੁਹਾਰਾ ਥਾਣਾ ਕੋਟਭਾਈ ਵਿਖੇ ਪਿਤਾ ਸ. ਨਰਾਇਣ ਸਿੰਘ ਢਿੱਲੋਂ ਦੇ ਘਰ ਮਾਤਾ ਜਸ ਕੌਰ ਦੀ ਕੁੱਖੋਂ ਹੋਇਆ। ਬਚਪਨ ਨਾਨਕੇ ਪਿੰਡ ਲੁਹਾਰੇ ਹੀ ਬੀਤਿਆ ਜਦੋਂ ਕਿ ਦਾਦਕਾ ਪਿੰਡ ਬਾਜਕ ਸੀ। ਛੋਟੇ ਹੁੰਦਿਆਂ ਹੀ ਗਾਉਣ ਦਾ ਸ਼ੌਕ ਸੀ, ਆਵਾਜ਼ ਵਿੱਚ ਦਮ ਸੀ ਤੇ ਜਦੋਂ ਬਾਬੂ ਰਜਬਅਲੀ ਜੀ ਮਾਹੂੰਆਣੇ ਦੀ ਕੋਠੀ ਵਿੱਚ ਬਤੌਰ ਨਹਿਰੀ ਓਵਰਸੀਅਰ ਆਏ ਤਾਂ ਉਹਨਾਂ ਦੀ ਕਵੀਸ਼ਰੀ ਦੀ ਖੁਸ਼ਬੋਈ ਸਾਰੇ ਇਲਾਕੇ ਵਿੱਚ ਫੈਲ ਗਈ। ਜਗਮੇਲ ਸਿੰਘ ਵੀ ਉਹਨਾਂ ਦੀ ਮਸ਼ਹੂਰੀ ਸੁਣਕੇ ਕੋਠੀ ਜਾ ਪੁੱਜਿਆ। 16 ਕੁ ਸਾਲ ਦੀ ਅਲ੍ਹੜ ਉਮਰ ਤੇ ਬੀਂਡੇ ਵਾਂਗ ਟੁਣਕਦਾ ਬੋਲ, ਜਦੋਂ ਉਹਨਾਂ ਬਾਬੂ ਜੀ ਦੇ ਚਰਨੀ ਹੱਥ ਲਾ ਕੇ ਮੋਹਨ ਸਿੰਘ ਕੋਡਿਆਂ ਵਾਲਿਆਂ ਦੀ ਰਚਨਾ ‘ਚਮਕੌਰ ਦਾ ਜੰਗ’ ਸੁਣਾਈ ਤਾਂ ਬਾਬੂ ਜੀ ਦੀ ਰੂਹ ਖ਼ੁਸ਼ ਹੋ ਗਈ, ਉਹਨਾਂ ਜਗਮੇਲ ਸਿੰਘ ਨੂੰ ਆਪਣਾ ਸ਼ਾਗਿਰਦ ਬਣਾ ਲਿਆ ਤੇ ਫੇਰ ਚੱਲ ਸੋ ਚੱਲ, ਬਾਬੂ ਜੀ ਤੇ ਜਗਮੇਲ ਸਿੰਘ ਏਕ ਜੋਤ ਦੋਇ ਮੂਰਤੀ ਵਾਂਗ ਵਿਚਰਨ ਲੱਗੇ। ਜਗਮੇਲ ਸਿੰਘ ਚੜ੍ਹਦੀ ਉਮਰ ਤੋਂ ਹੀ ਪਿੰਡ ਵਿਚ ਸਤਿਕਾਰਿਆ ਜਾਣ ਲੱਗਿਆ, ਬਾਬੂ ਜੀ ਦੀ ਘੋੜੀ ਤੇ ਜਗਮੇਲ ਸਿੰਘ ਦਾ ਰਾਜਦੂਤ ਮੋਟਰ ਸਾਈਕਲ ਇਲਾਕੇ ਵਿਚ ਮਸ਼ਹੂਰ ਹੋ ਗਏ। ਉਹ ਪਿੰਡ ਦੇ ਮੀਰਾਬ, ਮੈਂਬਰ ਤੇ ਫੇਰ ਬਾਜਕ ਪਿੰਡ ਦੇ ਸਰਬ–ਸੰਮਤੀ ਨਾਲ ਸਰਪੰਚ ਬਣੇ।

1947 ਦੀ ਦੁਖਦਾਈ ਵੰਡ ਨੇ ਗੁਰੂ ਚੇਲੇ ਵਿੱਚ ਵਿਛੋੜਾ ਪਾ ਦਿੱਤਾ। ਇਸ ਵਿਛੋੜੇ ਦੇ ਦਰਦ ਨੂੰ ਸਹਿਣ ਲਈ ਉਹਨਾਂ ਜਿਥੇ ਬਾਬੂ ਜੀ ਨਾਲ ਚਿੱਠੀ ਪੱਤਰ ਦਾ ਰਾਬਤਾ ਸ਼ੁਰੂ ਕਰ ਲਿਆ ਉਥੇ ਬਾਬੂ ਜੀ ਦੀਆਂ ਖਿਲਰੀਆਂ ਰਚਨਾਵਾਂ ਨੂੰ ਇਕੱਠੀਆਂ ਕਰਨ ਦੀ ਜ਼ਿੰਮੇਵਾਰੀ ਨੂੰ ਬੜੀ ਤਨਦੇਹੀ ਨਾਲ ਨਿਭਾਇਆ। ਵੰਡ ਵੇਲੇ ਬਾਬੂ ਜੀ ਦੀ ਰਚਨਾ ਇਕੱਠੀ ਕਰਨੀ ਬਹੁਤ ਹੀ ਔਖਾ ਤੇ ਬਿਖੜਾ ਕਾਰਜ ਸੀ ਪ੍ਰੰਤੂ ਜਗਮੇਲ ਸਿੰਘ ਬਾਜਕ ਲਈ, ਇਹ ਕੰਮ ਫੁੱਲਾਂ ਦੇ ਹਾਰ ਪਰੋਣ ਵਰਗਾ ਦਿਲਚਸਪ ਸੀ। ਉਹਨਾਂ ਨਾ ਸਿਰਫ਼ ਇਹ ਸਾਰੀ ਰਚਨਾ ਇਕੱਠੀ ਕਰਕੇ ਇਸ ਦੀ ਸੰਭਾਲ ਹੀ ਕੀਤੀ ਸਗੋਂ ਬਾਬੂ ਜੀ ਨੂੰ ਪਾਕਿਸਤਾਨ ਵਿਚ ਵੀ ਇਹ ਰਚਨਾਵਾਂ ਘੱਲੀਆਂ।

ਭਾਵੇਂ ਉਹਨਾਂ ਸਾਰੀ ਉਮਰ ਹੀ ਬਾਬੂ ਜੀ ਨੂੰ ਸਮਰਪਿਤ ਕੀਤੀ ਹੋਈ ਹੈ ਤੇ ਪੁਰਾਣੇ ਲੋਕ ਗੀਤ ਦੀ ਇਕ ਤੁਕ–‘ਸੱਜਣਾਂ ਦੇ ਨਾਂ ਲਿਖ ਦੇ, ਜਿੰਦ ਪਟਵਾਰੀਆ ਮੇਰੀ’ ਜੱਥੇਦਾਰ ਬਾਜਕ ਤੇ ਪੂਰੀ ਤਰ੍ਹਾਂ ਢੁੱਕਦੀ ਹੈ ਪ੍ਰੰਤੂ ਉਮਰ ਦੀ ਪੌੜੀ ਦੇ ਆਖਰੀ ਡੰਡੇ ਤੱਕ ਪਹੁੰਚਦਿਆਂ ਵੀ ਇਕ ਸਧਰ ਅਧੂਰੀ ਸੀ ਕਿ ਉਹ ਜਿਉਂਦੇ ਜੀ ਬਾਬੂ ਜੀ ਦੀ ਰਚਨਾ ਪੁਸਤਕ ਰੂਪ ਵਿੱਚ ਲੋਕਾਂ ਤੱਕ ਪਹੁੰਚਾ ਸਕਣਗੇ ਜਾਂ ਨਹੀਂ। ਉਹਨਾਂ ਦੀ ਇਸ ਇੱਛਾ ਦੀ ਪੂਰਤੀ ਕਰਨ ਲਈ ਕੁਦਰਤ ਨੇ ਸੁਖਵਿੰਦਰ ਸਿੰਘ ਸੁਤੰਤਰ ਨੂੰ ਉਹਨਾਂ ਦੇ ਚਰਨੀਂ ਲਾਇਆ ਤੇ ਹੁਣ ਜੱਥੇਦਾਰ ਬਾਜਕ 92 ਸਾਲ ਦਾ ਬਜ਼ੁਰਗ ਹੋਣ ਦੇ ਬਾਵਜੂਦ ਵੀ ਮੁੜ ਤੋਂ ਚੜ੍ਹਦੀ ਜੁਆਨੀ ਦੀ ਅਵਸਥਾ ਵਿੱਚ ਪੁੱਜ ਗਿਆ ਲੱਗਦੈ। ਪ੍ਰਮਾਤਮਾ ਕਰੇ ਉਸ ਦੀ ਉਮਰ ਹੋਰ ਲੰਮੀ ਹੋਵੇ ਤੇ ਉਸ ਦੇ ਵੇਂਹਦਿਆਂ ਵੇਂਹਦਿਆਂ ਉਸਦੇ ਉਸਤਾਦ ਦੀਆਂ ਸਾਰੀਆਂ ਰਚਨਾਵਾਂ ਪੁਸਤਕ ਰੂਪ ਧਾਰ ਲੈਣ।

ਲਾਭ ਸਿੰਘ ਸੰਧੂ
ਸਭਿਆਚਾਰਕ ਪ੍ਰਤੀਨਿਧ
ਰੋਜ਼ਾਨਾ ਅਜੀਤ

ਵੱਡਮੁੱਲੀ ਵਿਰਾਸਤ ਦੀ ਸੰਭਾਲ

ਬਾਬੂ ਰਜਬ ਅਲੀ ਪੰਜਾਬੀ ਕਵੀਸ਼ਰੀ ਪਰੰਪਰਾ ਵਿੱਚ ਅਜੇਹਾ ਨਾਂ ਹੈ, ਜਿਸਦਾ ਕੋਈ ਹੋਰ ਸਾਨੀ ਨਹੀਂ ਹੈ। ਕਵੀਸ਼ਰੀ ਦੇ ਅਸਮਾਨ ਉਤੇ ਸੂਰਜ ਵਾਂਗ ਚਮਕਦੀ ਇਹ ਮਾਲਵੇ ਦੀ ਅਜੇਹੀ ਮਟਕ ਹੈ, ਜਿਸਨੇ ਪੰਜਾਬੀ ਕਵੀਸ਼ਰੀ ਨੂੰ ਸਰਲ-ਸਾਦੇ ਪੰਜਾਬੀ ਸੁਭਾਅ ਦੀ ਰਵਾਨੀ ਵਾਲੀ ਸੁੱਚਤਾ ਪ੍ਰਦਾਨ ਕੀਤੀ। ਪੰਜਾਬੀ ਜਨਜੀਵਨ ਦੀ ਹਰ ਸਰਗਰਮੀ, ਸਮਾਜਕ ਕਦਰਾਂ ਕੀਮਤਾਂ, ਸੱਭਿਆਚਾਰਕ ਸਰਗਰਮੀਆਂ, ਰਿਸ਼ਤੇ-ਨਾਤੇ, ਰਾਜਨੀਤੀ ਦੇ ਪੈਂਤੜੇ, ਸੁਤੰਤਰਤਾ ਲਈ ਲੜਾਈ, ਅੰਗਰੇਜ਼ਾਂ ਦੇ ਖਿਲਾਫ਼ ਭਾਰਤੀਆਂ ਅਤੇ ਖ਼ਾਸ ਕਰਕੇ ਪੰਜਾਬੀਆਂ ਦਾ ਸੁੱਚਾ ਰੋਹ ਅਤੇ ਸਾਡੇ ਧਾਰਮਿਕ ਅਕੀਦੇ, ਗੱਲ ਕੀ ਬਾਬੂ ਰਜਬ ਅਲੀ ਨੇ ਮਾਨਵੀ ਸਰਗਰਮੀ ਦੇ ਹਰ ਪਹਿਲੂ ਨੂੰ ਕਵੀਸ਼ਰੀ ਦੀਆਂ ਕਾਵਿ-ਜੁਗਤਾਂ ਵਿੱਚ ਢਾਲ ਕੇ ਇੱਕ ਅਦੁੱਤੀ ਮਿਸਾਲ ਪੇਸ਼ ਕੀਤੀ ਹੈ।

ਮਲਵਈ ਬੋਲੀ ਦੇ ਸਹਿਜ ਪ੍ਰਗਟਾਉ ਨੂੰ ਕਵੀਸ਼ਰੀ ਵਿੱਚ ਪੇਸ਼ ਕਰਨਾ ਬਾਬੂ ਰਜਬ ਅਲੀ ਦਾ ਕਮਾਲ ਹੈ। ਲੋਕ-ਮਾਨਸਿਕਤਾ ਨੂੰ ਕਵੀਸ਼ਰੀ ਦੇ ਵਿਭਿੰਨ ਛੰਦਾਂ ਅਤੇ ਦੋਹਰਿਆਂ ਆਦਿ ਵਿੰਚ ਬੰਨ੍ਹਣਾ ਉਸਦੀ ਅਜੇਹੀ ਨਿਵੇਕਲੀ ਪ੍ਰਾਪਤੀ ਹੈ ਜਿਸਨੇ ਉਸਨੂੰ ਮਾਲਵੇ ਦੀ ਕਵੀਸ਼ਰੀ ਦਾ ਬਾਨੀ ਬਣਾਉਣ ਦੇ ਨਾਲ ਨਾਲ ਇਕ ਜਰਨੈਲ ਵਜੋਂ ਵੀ ਸਥਾਪਤ ਕਰ ਦਿੱਤਾ। ਉਸਦੇ ਸੈਂਕੜੇ ਸ਼ਿਸ਼-ਕਵੀਸ਼ਰ ਉਸਦੀ ਮੌਤ ਤੋਂ ਤੀਹ ਸਾਲ ਬਾਦ, ਅਤੇ ਉਸਦੇ ਭਾਰਤ ਛੱਡ ਕੇ ਪਾਕਿਸਤਾਨ ਚਲੇ ਜਾਣ ਤੋਂ 60 ਸਾਲ ਬਾਦ ਵੀ ਉਸਦੀ ਸ਼ਾਗਿਰਦੀ ਦਾ ਦਮ ਭਰਦੇ ਹਨ। ਬਹੱਤਰ ਕਲਾ ਛੰਦ ਦੀ ਅਜ਼ੀਮ ਮੁਹਾਰਤ ਤੋਂ ਲੈ ਕੇ ਕਬਿੱਤ, ਬੈਂਤ, ਡਿਉਢਾ, ਸਵਾਲੀ, ਮਨੋਹਰ, ਸਹਿ,ਚਹਾਰ, ਝੋਕ, ਇੱਕ ਭਾਗੀ ਅਤੇ ਦੋ ਭਾਗੀ ਛੰਦਾਂ ਤੱਕ ਨੂੰ ਆਪਣੀ ਰਚਨਾ ਲਈ ਵਰਤਣ ਵਾਲਾ ਬਾਬੂ ਰਜਬ ਅਲੀ ਇਕ ਤਰ੍ਹਾਂ ਨਾਲ ਕਵੀਸ਼ਰੀ ਦਾ ਪਰਿਆਏਵਾਚੀ ਹੈ। ਕਵੀਸ਼ਰੀ ਉਸਦਾ ਪਹਿਰਾਵਾ ਸੀ, ਉਸਦਾ ਓਢਣ ਸੀ ਅਤੇ ਉਸਦਾ ਰੋਮ ਰੋਮ ਸੀ, ਜਿਸਨੂੰ ਕਿਸੇ ਵੀ ਤਰ੍ਹਾਂ ਉਸਦੇ ਨਾਂ ਨਾਲੋਂ ਵਿਛੁੰਨਿਆਂ ਨਹੀਂ ਜਾ ਸਕਦਾ। ਇਹ ਸਾਡੇ ਜਨਜੀਵਨ ਦੀ ਜ਼ੁਬਾਨ ਹੈ। ਪੰਜਾਬ ਅਤੇ ਖ਼ਾਸ ਤੌਰ ਤੇ ਮਾਲਵਾ ਇਸ ਕਵੀਸ਼ਰੀ ਵਿੱਚ ਆਪ ਬੋਲਦਾ ਹੈ ਜਾਂ ਕਹਿ ਲਓ ਇਹ ਮਾਲਵੇ ਦੇ ਜਨਜੀਵਨ ਦਾ ਵਾਹਕ ਬਣ ਗਈ ਹੈ। ਬਾਬੂ ਰਜਬ ਅਲੀ ਦੀ ਵਿਲੱਖਣਤਾ ਇਸੇ ਵਿਚ ਹੈ ਕਿ ਉਸਨੇ ਮਲਵਈ ਜੀਵਨ ਗਹਿਗੀਆਂ ਪਰਤਾਂ ਨੂੰ ਉਸਦੀਆਂ ਰਹਿਤਲਾਂ ਤੱਕ ਕਵੀਸ਼ਰੀ ਵਿੱਚ ਢਾਲ ਕੇ ਇਸਨੂੰ ਮਲਵਈ ਸਮਾਜਿਕ ਇਤਿਹਾਸ ਦਾ ਦਸਤਾਵੇਜ਼ ਬਣਾ ਦਿੱਤਾ। ਜਿਸਦੇ ਇੱਕ ਇੱਕ ਛੰਦ ਵਿੱਚੋਂ, ਇਕ ਇਕ ਸ਼ਬਦ ਵਿੱਚੋਂ, ਇੱਕ ਇੱਕ ਬੋਲ ਵਿੱਚੋਂ ਅਤੇ ਇੱਕ ਇੱਕ ਹੇਕ ਵਿੱਚੋਂ ਮਾਲਵੇ ਦੀ ਰੂਹ ਗੂੰਜਦੀ ਹੈ। ਛੰਦ-ਬੱਧ ਪੰਜਾਬੀ ਕਵਿਤਾ ਦਾ ਇਹ ਇਲਾਕਾ ਸਿਰਫ਼ ਬਾਬੂ ਰਜਬ ਅਲੀ ਅਤੇ ਉਸਦੇ ਸੈਂਕੜੇ ਚੇਲਿਆਂ ਦੀ ਮਲਕੀਅਤ ਹੈ।

ਇਨ੍ਹਾਂ ਹੋਣਹਾਰ ਪੈਰੋਕਾਰਾਂ—ਚੇਲਿਆਂ ਵਿੱਚੋਂ ਹੀ ਇਕ ਹੈ ਕਵੀਸ਼ਰ ਸ੍ਰ. ਸੁਖਵਿੰਦਰ ਸਿੰਘ ਸੁਤੰਤਰ ਜਿਸਨੇ ਬਾਬੂ ਰਜਬ ਅਲੀ ਦੀ ਵਿਰਾਸਤ ਨੂੰ ਜਿੰਦਾ ਰੱਖਣ ਲਈ ਸਿਰਤੋੜ ਯਤਨ ਕੀਤੇ ਹਨ। ਉਸਨੇ 'ਬਾਬੂ ਰਜਬ ਅਲੀ ਦੇ ਕਿੱਸੇ' ਅਤੇ 'ਰੰਗੀਲਾ ਬਾਬੂ ਰਜਬ ਅਲੀ' ਆਦਿ ਕਿਤਾਬਾਂ ਛਪਵਾ ਕੇ ਕਵੀਸ਼ਰੀ ਪਰੰਪਰਾ ਦੇ ਸੁਨਹਿਰੀ ਇਤਿਹਾਸ ਨੂੰ ਸੰਭਾਲਣ ਦੀ ਪਿਰਤ ਪਾਈ ਹੈ। ਹੁਣ ਇਹ ਹਥਲੀ ਪੁਸਤਕ ਛਪਵਾ ਕੇ ਉਹ ਇਸ ਵਿਰਾਸਤ ਦੇ ਅਲੋਪ ਹੋ ਰਹੇ ਕਿਲੇ ਦੇ ਇੱਕ ਹੋਰ ਕਿੰਗਰੇ ਨੂੰ ਲੋਕ-ਅਰਪਣ ਕਰਨਾ ਚਾਹੁੰਦਾ ਹੈ। ਇਸ ਪੁਸਤਕ ਵਿੱਚ ਬਾਬੂ ਜੀ ਦੀਆਂ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਾਰੇ ਲਿਖੀਆਂ ਗਈਆਂ ਰਚਨਾਵਾਂ ਸ਼ਾਮਲ ਹਨ। ਇਸ 'ਦਸਮੇਸ਼ ਮਹਿਮਾਂ' ਨੂੰ ਬਾਬੂ ਰਜਬ ਅਲੀ ਨੇ ਦੋਹਿਰਾ, ਮਨੋਹਰ ਭਵਾਨੀ, ਦੋ ਭਾਗੀ ਛੰਦ, ਕਾਮਨੀ ਤਰਜ਼, ਤਰਜ਼ ਡੂਢੀ ਦੋਤਾਰਾ, ਝੋਕ, ਕਬਿੱਤ, ਗੱਡੀ, ਔੜਾ, ਬੈਂਤ, ਮੁਕੰਦ, ਦੋ ਟੇਕਾ, ਕਲੀ ਕਵਾਲੀ, ਤੋੜਾ ਅਤੇ ਸ਼ਬਦ ਆਦਿ ਕਾਵਿ ਰੂਪਾਂ ਅਤੇ ਛੰਦਾਂ ਰਾਹੀਂ ਪ੍ਰਵਾਨ ਚਾੜ੍ਹਿਆ ਹੈ।

ਇਸ ਪੁਸਤਕ ਦੀਆਂ ਰਚਨਾਵਾਂ ਵਿੱਚੋਂ ਦਸਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਤ ਗੁਰੂ ਦਸਮੇਸ਼ ਦੌਰਾ, ਬੇਦਾਵ੍ਹੇ ਦੀ ਵਿੱਥਿਆ-ਮੁਕਤਸਰ, ਅਤੇ ਮਾਛੀਵਾੜੇ ਤੋਂ ਰਾਏਕੋਟ, ਆਦਿ ਅਜੇਹੀਆਂ ਰਚਨਾਵਾਂ ਹਨ। ਜਿਹੜੀਆਂ ਪੁਸਤਕ ਰੂਪ ਵਿੱਚ ਪਹਿਲੀ ਵਾਰ ਸਾਹਮਣੇ ਆ ਰਹੀਆਂ ਹਨ। ਹਾਲਾਂਕਿ ਬਾਬੂ ਰਜਬ ਅਲੀ ਦੇ ਚੇਲੇ ਕਵੀਸ਼ਰਾਂ ਵੱਲੋਂ ਵਿਭਿੰਨ ਦੀਵਾਨਾਂ ਅਤੇ ਮੇਲੇ-ਮੁਸਾਵ੍ਹਿਆਂ ਵਿੱਚ ਇਨ੍ਹਾਂ ਦਾ ਗਾਇਨ ਅਤੇ ਵਿਖਿਆਨ ਆਮ ਪ੍ਰਚੱਲਿਤ ਰਹਿੰਦਾ ਹੈ। ਪਰ ਇਸ ਵਡਮੁੱਲੀ ਵਿਰਾਸਤ ਨੂੰ ਕਾਗਜ਼ਾਂ ਦੀ ਬੁੱਕਲ ਵਿੱਚ ਸਮੋ ਕੇ ਕਾਵਿ-ਇਤਿਹਾਸ ਵਿੱਚ ਰਾਖਵਾਂ ਕਰ ਦੇਣ ਦਾ ਇਹ ਨਿਸ਼ਕਾਮ ਅਤੇ ਅਦੁੱਤੀ ਕਾਰਜ ਬੇਹੱਦ ਸਲਾਹੁਣਯੋਗ ਹੈ। ਇਹੀ ਉਹ ਕਾਰਜ ਹੈ ਜਿਸਨੂੰ ਅਸਲ ਵਿੱਚ ਸਾਡੀਆਂ ਸਰਕਾਰਾਂ, ਯੂਨੀਵਰਸਿਟੀਆਂ, ਅਕਾਦਮੀਆਂ ਅਤੇ ਹੋਰ ਸੰਸਥਾਵਾਂ ਨੇ ਕਰਨਾ ਹੁੰਦਾ ਹੈ। ਕਵੀਸ਼ਰ ਸੁਖਵਿੰਦਰ ਸਿੰਘ ਸੁਤੰਤਰ ਨੇ ਇਸ ਕਾਰਜ ਨੂੰ ਆਪਣੇ ਤੌਰ ਉਤੇ ਹੀ ਵਿੱਢ ਕੇ ਅਤੇ ਨੇਪਰੇ ਚਾੜ੍ਹ ਕੇ ਬਾਬੂ ਰਜਬ ਅਲੀ ਦੀ ਘਾਲਣਾ ਦਾ ਸਹੀ ਮੁੱਲ ਪਾਉਂਦੇ ਹੋਏ ਉਸਦੇ ਸੱਚੇ ਸ਼ਿਸ਼ ਹੋਣ ਦਾ ਸਬੂਤ ਦਿੱਤਾ ਹੈ।

ਇਸ 'ਦਸਮੇਸ਼ ਮਹਿਮਾਂ' ਦੀ ਪ੍ਰਕਾਸ਼ਨਾ ਗੁਰੂਤਾ ਗੱਦੀ ਦੇ ਤਿੰਨ ਸੌ ਸਾਲਾ ਜਸ਼ਨਾਂ ਦੇ ਦਿਨਾਂ ਵਿਚ ਹੋ ਰਹੀ ਹੈ, ਇਸ ਕਰਕੇ ਇਹ ਕਾਰਜ ਇੱਕ ਤਰ੍ਹਾਂ ਨਾਲ ਬਾਬੂ ਰਜਬ ਅਲੀ ਅਤੇ ਉਸਦੇ ਪੈਰੋਕਾਰ-ਸ਼ਿਸ਼ ਕਵੀਸ਼ਰ ਸੁਖਵਿੰਦਰ ਸਿੰਘ ਸੁਤੰਤਰ ਦੀ ਆਪਣੇ ਪਰਮ ਗੁਰੂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਚਰਨਾਂ ਵਿੱਚ, ਸਾਂਝੇ ਰੂਪ ਵਿੱਚ ਦਿੱਤੀ ਜਾ ਰਹੀ ਅਜੇਹੀ ਪਿਆਰ ਭੇਟ ਹੈ ਜੋ ਇਸ 'ਦਸਮੇਸ਼ ਮਹਿਮਾਂ' ਦੇ ਅਰਥਾਂ ਨੂੰ ਹੋਰ ਗਹਿਰਾਈ ਪ੍ਰਦਾਨ ਕਰਦੀ ਹੈ।

ਡਾ. ਲਖਵਿੰਦਰ ਜੌਹਲ,
20/75 ਗਾਰਡਨ ਕਲੋਨੀ
ਮਾਡਲ ਟਾਉਨ, ਜਲੰਧਰ
94171-94812

ਤਰਤੀਬ

* ਵੱਡਮੁੱਲੀ ਵਿਰਾਸਤ ਦੀ ਸੰਭਾਲ/–
* ਬਾਬੂ ਜੀ ਦੀ ਕਵਿਤਾ ਲਈ ਅਰਪਿਤ ਹਯਾਤੀ ਜੱਥੇਦਾਰ ਜਗਮੇਲ ਸਿੰਘ ਬਾਜਕ/–
* ਸਰਵ–ਸਾਂਝੀਵਾਲਤਾ ਦਾ ਸਿਰਨਾਵਾਂ 'ਬਾਬੂ ਰਜਬ ਅਲੀ ਖ਼ਾਂ'/–
* ਦਸਮੇਸ਼ ਮਹਿਮਾ/13
* ਪ੍ਰਸੰਗ ਪਾਉਂਟਾ ਸਾਹਿਬ/17
* ਪ੍ਰਸੰਗ ਸਾਕਾ ਜੰਗ ਚਮਕੌਰ/48
* ਪ੍ਰਸੰਗ ਸਾਕਾ ਸਰਹਿੰਦ/72
* ਪ੍ਰਸੰਗ ਮਾਛੀਵਾੜਾ ਤੋਂ ਰਾਇਕੋਟ/114
* ਪ੍ਰਸੰਗ ਬੇਦਾਵੇ ਦੀ ਵਿੱਥਿਆ ਮੁਕਤਸਰ/123
* ਪ੍ਰਸੰਗ ਗੁਰ ਦਸਮੇਸ਼ ਦੌਰਾ/140
* ਪ੍ਰਸੰਗ ਦਸਮੇਸ਼–ਉਪਕਾਰ/159
* ਪ੍ਰਸੰਗ ਦਮਦਮੇ ਦੀ ਦਾਸਤਾਨ/162

ਸੰਗਮ ਵਿੱਚ ਪ੍ਰਕਾਸ਼ਿਤ ਬਾਬੂ ਰਜਬ ਅਲੀ ਦੀਆਂ ਪੁਸਤਕਾਂ

1. ਰੰਗੀਲਾ ਰਜਬ ਅਲੀ
2. ਬਾਬੂ ਰਜਬ ਅਲੀ ਦੇ ਕਿੱਸੇ
3. ਦਸਮੇਸ਼ ਮਹਿਮਾ
4. ਜੋਸ਼ੀਲਾ ਰਜਬ ਅਲੀ
5. ਅਣਖ਼ੀਲਾ ਰਜਬ ਅਲੀ
6. ਅਨਮੋਲ ਰਜਬ ਅਲੀ
7. ਅਨੋਖਾ ਰਜਬ ਅਲੀ
8. ਅਨੂਠਾ ਰਜਬ ਅਲੀ
9. ਅਲਬੇਲਾ ਰਜਬ ਅਲੀ

ਸਮਰਪਤ !

ਤਿੰਨ ਸੌ ਸਾਲਾ ਗੁਰਤਾਗੱਦੀ ਦੇ ਜਸ਼ਨਾਂ ਤੇ ਇਤਿਹਾਸਕ, ਸਮਾਜਿਕ, ਵਿਗਿਆਨਿਕ,
ਇਨਸਾਨੀਅਤ ਅਤੇ ਰੂਹਾਨੀ ਭਗਤੀ-ਸ਼ਕਤੀ ਦੇ ਅਨਮੋਲ ਖ਼ਜ਼ਾਨੇ, ਸਮੁੱਚੇ
ਸੰਸਾਰ ਲਈ ਸਰਵ-ਸਾਂਝੀਵਾਲਤਾ ਦੇ ਉਪਦੇਸ਼ਾਂ ਦੇ ਵਿਸ਼ਾਲ ਸਾਗਰ
ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚਰਨਾ ਵਿੱਚ।

ਅਤਿ ਅਦਬ ਸਹਿਤ
ਕਵੀਸ਼ਰ ਸੁਖਵਿੰਦਰ ਸਿੰਘ ਸੁਤੰਤਰ

ਵਿਸ਼ੇਸ਼ ਧੰਨਵਾਦ

* ਤਸਵੀਰਾਂ ਲਈ: ਸ੍ਰ. ਅਮਰਜੀਤ ਸਿੰਘ ਪੇਂਟਰ
* ਕਵਰ ਟਾਈਟਲ ਡਿਜ਼ਾਈਨ ਲਈ: ਸ੍ਰੀ ਆਰ. ਐਸ. ਲਿਬਰੇਟ

* * * *

ਮੇਰੇ ਹੁਣ ਤੱਕ ਦੇ ਕਵੀਸ਼ਰੀ ਪੈਂਡੇ ਅਤੇ ਸੰਪਾਦਕੀ ਸਫ਼ਰ ਵਿੱਚ ਹੌਸਲਾ ਬਣਕੇ ਖੜਨ ਵਾਲੇ ਸ਼ਖਸ:

* ਰਾਗੀ ਮਨਜੀਤ ਸਿੰਘ ਖ਼ਾਲਸਾ (ਬਿਨੀ ਪੈਰ) ਕੈਨੇਡਾ
* ਪ੍ਰਸਿੱਧ ਗੀਤਕਾਰ ਜਨਕ ਸ਼ਰਮੀਲਾ, ਪੱਕਾ ਕਲਾਂ
* ਸਰਪੰਚ ਜਗਦੇਵ ਸਿੰਘ, ਸਾਹੋਕੇ
* ਸ੍ਰ. ਸਖਬੀਰ ਸਿੰਘ ਸਰਾਂ, ਪੱਕਾ ਕਲਾਂ
* ਸ੍ਰ. ਰਣਵੀਰ ਸਿੰਘ ਚਹਿਲ
* ਸ੍ਰ. ਅਵਤਾਰ ਸਿੰਘ ਲਾਲਬਾਈ
* ਸ੍ਰ. ਸੁਖਮੰਦਰ ਸਿੰਘ ਢਿੱਲੋਂ

* * * *

ਦਸਮੇਸ਼ ਮਹਿਮਾ

(ਕਵਿਤਾ)

ਲੇਖਕ

ਬਾਬੂ ਰਜਬ ਅਲੀ

ਸੰਪਾਦਕ

ਕਵੀਸ਼ਰ ਸੁਖਵਿੰਦਰ ਸਿੰਘ ਸੁਤੰਤਰ

ਸੰਗਮ ਪਬਲੀਕੇਸ਼ਨਜ਼, ਸਮਾਣਾ

Dasmesh Mahima
a book of poetry
by
Babu Rajab Ali

ਸੰਪਾਦਕ
ਕਵੀਸ਼ਰ ਸੁਖਵਿੰਦਰ ਸਿੰਘ 'ਸੁਤੰਤਰ'
ਪੱਕਾ ਕਲਾਂ, ਬਠਿੰਡਾ-151401
ਫੋਨ ਨੰ: 9876816866
www.sultanter.com
e.mail:info@sultanter.com

© ਸੰਪਾਦਕ
ਦੂਜੀ ਵਾਰ: 2010
500 ਕਾਪੀਆਂ

ISBN-978-81-906675-1-7

gqekshe L ;zrw gpbhe/shBhs,
;/y'Aeb'Bh, fgZS/pZ; ;NA?v,
;wkDk-147101, fshbQkL gfNnkbk
c'B L 01764-223047 , 222347
w'pkfJb 98152-43917

NkJhg L ਸੰਗਮ ਟਾਈਪ ਸੈਟਰਜ਼, ਸਮਾਣਾ
fgpzNosh L ਸ਼ਿਵ ਸ਼ਕਤੀ ਪ੍ਰਿੰਟਰਜ਼, ਦਿੱਲੀ

w[Zb L **125$- o[g?**